# ਸਾਲਾਨਾ ਰਿਪੋਰਟ
## 2014 - 2015

ਇਹ ਸਾਲਾਨਾ ਰਿਪੋਰਟ 1 ਜੁਲਾਈ 2014 ਤੋਂ 30 ਜੂਨ 2015 ਤੱਕ ਦੀ ਹੈ ।

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ
ਲੁਧਿਆਣਾ

ਅਨੁਵਾਦ

**ਡਾ. ਨਰਿੰਦਰ ਪਾਲ ਸਿੰਘ**

ਛਾਪਕ ਅਤੇ ਪ੍ਰਕਾਸ਼ਕ, ਐਡੀਸ਼ਨਲ ਡਾਇਰੈਕਟਰ ਸੰਚਾਰ ਨੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲਈ
ਫੋਆਇਲ ਪ੍ਰਿੰਟਰਜ਼, ਲੁਧਿਆਣਾ ਤੋਂ ਛਪਵਾਇਆ ।
adcomm@pau.edu

# ਤਤਕਰਾ


**ਕਾਰਜਕਾਰੀ ਸਾਰ** 1-4
- ਖੋਜ 1
- ਸਿੱਖਿਆ 2
- ਪਸਾਰ 3
- ਸੰਚਾਰ ਅਤੇ ਮੀਡੀਆ 3
- ਸਮਝੌਤੇ ਦੇ ਯਾਦ ਪੱਤਰ 3
- ਪ੍ਰਸ਼ਾਸਨ 4

**ਖੋਜ** 5-15
- ਖੇਤੀਬਾੜੀ 5
- ਖੇਤੀਬਾੜੀ ਇੰਜੀਨੀਅਰਿੰਗ 11
- ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ 12
- ਹੋਮ ਸਾਇੰਸ 13
- ਤਕਨਾਲੋਜੀ ਦਾ ਵਪਾਰੀਕਰਨ 14

**ਸਿੱਖਿਆ** 16-22
- ਦਾਖ਼ਲੇ 16
- ਪ੍ਰੀਖਿਆ ਸੈੱਲ 17
- ਨਵੇਂ ਕੋਰਸ 17
- ਵਿਦਿਆਰਥੀਆਂ ਦੀਆਂ ਅਕਾਦਮਿਕ ਪ੍ਰਾਪਤੀਆਂ 18
- ਵਜ਼ੀਫ਼ੇ ਅਤੇ ਵਿੱਤੀ ਸਹਾਇਤਾ 19
- ਕਨਵੋਕੇਸ਼ਨਜ਼ 19
- ਵਿਦਿਆਰਥੀ ਭਲਾਈ ਗਤੀਵਿਧੀਆਂ 20

**ਪਸਾਰ** 23-26
- ਕਿਸਾਨ ਮੇਲੇ ਅਤੇ ਖੇਤ ਦਿਵਸ 23
- ਅਨੁਕੂਲਣਸ਼ੀਲ ਖੋਜ ਤਜ਼ਰਬੇ 24
- ਆਨ ਫਾਰਮ ਟ੍ਰਾਇਲਜ਼ 24
- ਪ੍ਰਦਰਸ਼ਨੀਆਂ 24
- ਸਿਖਲਾਈਆਂ ਅਤੇ ਨੁਮਾਇਸ਼ਾਂ 25
- ਕਾਰਜਸ਼ਾਲਾਵਾਂ 25
- ਕਿਸਾਨਾਂ ਦੀਆਂ ਜੱਥੇਬੰਦੀਆਂ/ਫੀਡ ਬੈਕ ਕਮੇਟੀਆਂ 26
- ਪਲਾਂਟ ਕਲੀਨਿਕ ਅਤੇ ਤਕਨੀਕੀ ਅਗਵਾਈ 26
- ਪੀ.ਏ.ਯੂ. ਦੂਤ 26

**ਸੰਚਾਰ ਅਤੇ ਮੀਡੀਆ** 27
- ਜਨ ਸਾਧਨਾਂ ਰਾਹੀਂ ਸੰਚਾਰ 27
- ਖੇਤੀ ਪ੍ਰਕਾਸ਼ਨਾਵਾਂ 27

**ਮਾਨਵ ਸ੍ਰੋਤ, ਵਿੱਤ ਅਤੇ ਬੁਨਿਆਦੀ ਢਾਂਚੇ ਦਾ ਵਿਕਾਸ** 28-37
- ਨਵੀਆਂ ਨਿਯੁਕਤੀਆਂ, ਤਰੱਕੀਆਂ ਅਤੇ ਸੇਵਾ ਮੁਕਤੀਆਂ 28
- ਐਵਾਰਡਜ਼, ਮਾਣ ਅਤੇ ਸਨਮਾਨ 29

ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੰਪਰਕ 30
ਆਯੋਜਿਤ ਕੀਤੇ ਪ੍ਰਮੁੱਖ ਪ੍ਰੋਗਰਾਮ 34
ਵਿੱਤ 38
ਮਿਲਖ ਸੰਗਠਨ 39
ਫੈਕਲਟੀ ਦੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪ੍ਰੋਗਰਾਮਾਂ ਵਿੱਚ ਸ਼ਮੂਲੀਅਤ 39
ਖਰੀਦੇ ਗਏ ਨਵੇਂ ਉਪਕਰਣ 40
ਨਵੀਆਂ ਲੈਬੋਰਟਰੀਆਂ, ਸਥਾਪਿਤ ਕੀਤਾ ਅਤੇ ਨਵਿਆਇਆ ਬੁਨਿਆਦੀ ਢਾਂਚਾ 41

**ਐਮ ਐਸ ਰੰਧਾਵਾ ਲਾਇਬ੍ਰੇਰੀ** 42

**ਪ੍ਰਭਾਵ** 43

**ਪ੍ਰਸ਼ਾਸਨ** 46-50
ਪ੍ਰਬੰਧਕੀ ਬੋਰਡ 46
ਅਕਾਦਮਿਕ ਕੌਂਸਲ 47
ਯੂਨੀਵਰਸਿਟੀ ਦੇ ਅਫ਼ਸਰ 48
ਪ੍ਰਬੰਧਕੀ ਬੋਰਡ ਦੇ ਮਹੱਤਵਪੂਰਨ ਫ਼ੈਸਲੇ 49
ਅਕਾਦਮਿਕ ਕੌਂਸਲ ਦੇ ਮਹੱਤਵਪੂਰਨ ਫ਼ੈਸਲੇ 49

**ਅਨੁਲੱਗ-1**
ਮਿਲਖ ਸੰਗਠਨ ਵੱਲੋਂ ਕੀਤੇ ਗਏ ਮਹੱਤਵਪੂਰਨ ਪ੍ਰੋਜੈਕਟ 51

**ਅਨੁਲੱਗ-2** 52
ਫੈਕਲਟੀ ਵੱਲੋਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ, ਕਾਨਫ਼ਰੰਸਾਂ ਆਦਿ ਵਿੱਚ ਸ਼ਮੂਲੀਅਤ

**ਅਨੁਲੱਗ-3** 66
ਪ੍ਰਕਾਸ਼ਨਾਵਾਂ

# ਕਾਰਜਕਾਰੀ ਸਾਰ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ, ਖੇਤੀਬਾੜੀ, ਖੇਤੀਬਾੜੀ ਇੰਜੀਨਿਅਰਿੰਗ, ਬੇਸਿਕ ਸਾਇੰਸਜ਼, ਹੋਮ ਸਾਇੰਸ ਅਤੇ ਸੰਬੰਧਿਤ ਵਿਸ਼ਿਆਂ ਵਿੱਚ ਖੋਜ, ਅਧਿਆਪਣ ਅਤੇ ਪਸਾਰ ਕਾਰਜਾਂ ਵਿੱਚ ਰੁਝੀ ਹੋਈ ਹੈ । ਆਪਣੀ ਸਥਾਪਨਾ ਉਪਰੰਤ ਇਸ ਯੂਨੀਵਰਸਿਟੀ ਨੇ ਵੱਖੋ ਵੱਖ ਫ਼ਸਲਾਂ ਦੀਆਂ ਕਈ ਕਿਸਮਾਂ ਅਤੇ ਉਨ੍ਹਾਂ ਦੀਆਂ ਉਤਪਾਦਨ-ਸੁਰੱਖਿਆ ਤਕਨਾਲੋਜੀਆਂ ਵਿਕਸਿਤ ਕੀਤੀਆਂ ਤਾਂ ਜੋ ਦੇਸ਼ ਅਤੇ ਵਿਸ਼ੇਸ਼ ਕਰਕੇ ਪੰਜਾਬ ਵਿੱਚ ਅਨਾਜ ਉਤਪਾਦਨ ਦੀ ਨਿਰੰਤਰਤਾ ਬਣੀ ਰਹਿ ਸਕੇ । ਯੂਨੀਵਰਸਿਟੀ ਨੇ 1 ਜੁਲਾਈ 2014 ਤੋਂ 30 ਜੂਨ 2015 ਦੌਰਾਨ ਕਈ ਅਹਿਮ ਪ੍ਰਾਪਤੀਆਂ ਹਾਸਲ ਕੀਤੀਆਂ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

## ਖੋਜ

ਸਾਲ 2014-15 ਦੌਰਾਨ ਯੂਨੀਵਰਸਿਟੀ ਨੇ ਰਾਜ ਪੱਧਰ ਤੇ ਖੇਤ ਫ਼ਸਲਾਂ ਦੀਆਂ 14 ਅਤੇ ਬਾਗਬਾਨੀ ਫ਼ਸਲਾਂ ਦੀਆਂ 7 ਕਿਸਮਾਂ ਜ਼ਾਰੀ ਕੀਤੀਆਂ । ਜ਼ਾਰੀ ਕੀਤੀਆਂ ਇਨ੍ਹਾਂ ਕਿਸਮਾਂ ਵਿੱਚ ਕਣਕ ਦੀ ਪੀ ਬੀ ਡਬਲਯੂ 660 ਅਤੇ ਡਬਲਯੂ ਐਚ 1105, ਝੋਨੇ ਦੀ ਪੀ ਆਰ 124, ਮੱਕੀ ਦੀ ਪੀ ਐਮ ਐਚ 9 ਅਤੇ ਪੀ ਐਮ ਐਚ 10, ਕਨੋਲਾ ਕਿਸਮ ਗੋਭੀ ਸਰ੍ਹੋਂ ਦੀ ਜੀ ਐਸ ਸੀ 7, ਰਾਇਆ ਦੀ ਪੀ ਬੀ ਆਰ 357, ਤਿਲਾਂ ਦੀ ਪੰਜਾਬ ਤਿਲ ਨੰਬਰ 2, ਛੋਲਿਆਂ ਦੀ ਪੀ ਬੀ ਜੀ 7, ਕਮਾਦ ਦੀ ਸੀ ਓ 118 ਅਤੇ ਸੀ ਓ 238, ਸੋਰਗਮ ਦੀ ਪੰਜਾਬ ਸੁਡੈਕਸ ਚਰੀ 4, ਜਵੀ ਦੀ ਓ ਐਲ 10, ਹਰੇ ਪਰਲ ਬਾਜਰੇ ਦੀ ਪੀ ਐਚ ਬੀ 2884, ਮਿਰਚਾਂ ਦੀ ਸੀ ਐਚ 27, ਟਮਾਟਰਾਂ ਦੀ ਪੰਜਾਬ ਵਰਖਾ ਬਹਾਰ 4, ਖਰਬੂਜੇ ਦੀ ਐਮ ਐਚ 27, ਬਰੋਕਲੀ ਦੀ ਪਾਲਮ ਸਮ੍ਰਿਧੀ, ਮੂਲੀ ਦੀ ਆਰ ਬੀ 21, ਕਿੰਨੂ ਦੀ ਪੀ ਏ ਯੂ ਕਿੰਨੂ 1 ਅਤੇ ਪੀ ਏ ਯੂ ਕਿੰਨੂ 2 ਸ਼ਾਮਲ ਹਨ। ਦੋ ਕਿਸਮਾਂ ਜਿਵੇਂ ਕਿ ਸੋਇਆਬੀਨ ਦੀ ਐਸ ਐਲ 979 ਅਤੇ ਨਰਮੇ ਦੀ ਐਲ ਐਚ 2256 ਨੂੰ ਰਾਸ਼ਟਰੀ ਪੱਧਰ ਤੇ ਜ਼ਾਰੀ ਕਰਨ ਲਈ ਚੁਣਿਆ ਗਿਆ । ਇਸ ਤੋਂ ਇਲਾਵਾ ਯੂਨੀਵਰਸਿਟੀ ਨੇ ਸਾਲ 2014-15 ਦੌਰਾਨ ਵੱਖੋ ਵੱਖ ਖੇਤ ਫ਼ਸਲਾਂ ਦਾ 79,604 ਕੁਇੰਟਲ ਬੀਜ (ਬਰੀਡਰ, ਫਾਊਂਡੇਸ਼ਨ ਅਤੇ ਪ੍ਰਮਾਣਿਤ/ਟੀ ਐਲ) ਪੈਦਾ ਕੀਤਾ।

ਬੈਕਟੀਰੀਅਲ ਝੁਲਸ ਰੋਗ ਵਿਰੁੱਧ ਅਤੇ ਰੋਧਿਕਤਾ ਦੇ ਨਵੇਂ ਸਰੋਤਾਂ ਲਈ ਝੋਨੇ ਦੇ ਜੰਗਲੀ ਜਰਮਪਲਾਜ਼ਮ ਦੇ ਲਗਭਗ 1300 ਮੇਲ ਪਛਾਣੇ ਗਏ । ਓ ਰੁਫੀਪੋਗੋਨ ਐਕਸੇ. ਆਈ ਆਰ ਜੀ ਸੀ 93216 ਤੋਂ x00 ਪੈਥੋਟਾਈਪ 10 ਵਿਰੁੱਧ ਰੋਧਿਕਤਾ ਰੱਖਣ ਵਾਲੇ ਇਕ ਨਵੇਂ ਜੀਨ ਦੀ ਨਿਸ਼ਾਨਦੇਹੀ ਕ੍ਰੋਮੋਜ਼ੋਮ 4 ਉੱਤੇ ਕੀਤੀ ਗਈ। ਇਸ ਤੋਂ ਇਲਾਵਾ ਸਿਕਿਊਐਂਸਿੰਗ (ਜੀ ਬੀ ਐਸ) ਰਾਹੀਂ 190 ਈਜੀਲੋਪਸ ਤਾਓਸਚੀ ਮੇਲ ਦੇ ਸੈੱਟ ਨੂੰ ਜੀਨੋਟਾਈਪ ਕੀਤਾ ਗਿਆ ਅਤੇ ਵੱਖੋ ਵੱਖ ਏਈ. ਤਾਓਸਚੀ ਕ੍ਰੋਮੋਜ਼ੋਮਜ਼ ਉੱਤੇ ਲਗਭਗ 11,000 ਨਿਸ਼ਾਨਦੇਹੀ ਕੀਤੇ ਹੋਏ ਐਸ ਐਨ ਪੀ ਮਾਰਕਰਾਂ ਦੀ ਪਛਾਣ ਕੀਤੀ ਗਈ ਤਾਂ ਜੋ ਦਾਨਿਆਂ ਵਿਚਲੇ ਲੋਹਾ, ਜ਼ਿੰਕ, ਤਾਂਬਾ, ਮੈਂਗੇਨੀਜ਼ ਤੱਤਾਂ ਅਤੇ ਦਾਨਿਆਂ ਦੀ ਲੰਬਾਈ, ਚੌੜਾਈ ਅਤੇ ਭਾਰ ਦੇ ਕਿਊ ਟੀ ਐਲ ਨੂੰ ਮੈਪ ਕੀਤਾ ਜਾ ਸਕੇ ।

ਫ਼ਸਲ ਉਤਪਾਦਨ ਵਿੱਚ ਰਹੀਜ਼ੋਬੀਅਮ (ਐਲ ਐਲ ਆਰ 12) ਅਤੇ ਰਹੀਜ਼ੋਬੈਕਟੀਰੀਅਮ (ਆਰ ਬੀ 2) ਦੇ ਕੰਨਸੋਰਟੀਅਮ ਕਲਚਰ ਦੀ ਜੈਵਿਕ ਖਾਦ ਵਜੋਂ ਵਰਤੋਂ ਕਰਨ ਨਾਲ ਦਾਲਾਂ ਦੇ ਝਾੜ ਵਿੱਚ ਵਾਧਾ ਹੋਇਆ । ਨਵੇਂ ਫ਼ਸਲੀ ਚੱਕਰ ਜਿਨ੍ਹਾਂ ਵਿੱਚ ਮੱਕੀ-ਗਰਮ ਰੁੱਤ ਦੀ ਮੂੰਗਫਲੀ-ਸਾਉਣੀ ਦੇ ਪਿਆਜ਼; ਹਲਦੀ-ਪਿਆਜ਼/ਪਿਛੇਤੀ ਬੀਜੀ ਕਣਕ ਸ਼ਾਮਲ ਹਨ ਦੀ ਸਿਫ਼ਾਰਸ਼ ਕੀਤੀ ਗਈ। ਮੂੰਗਬੀਨ ਫ਼ਸਲ ਦੀ ਬਿਜਾਈ ਜੁਲਾਈ ਦੇ ਦੂਸਰੇ ਪੰਦਰਵਾੜੇ ਵਿੱਚ ਕਰਨ ਨਾਲ ਦਾਨਿਆਂ ਦਾ ਝਾੜ ਵਧਿਆ । ਬਾਇਓਜ਼ਾਈਮ @ 8 ਕਿਲੋ/ਏਕੜ ਦਾ ਛਿੜਕਾਅ ਬਿਜਾਈ ਸਮੇਂ ਅਤੇ ਦੁਬਾਰਾ ਗੁਡਾਈ ਸਮੇਂ ਕਰਨ ਨਾਲ ਅਤੇ ਇਸਦੇ ਨਾਲ ਹੀ ਪੱਤਿਆਂ ਤੇ ਛਿੜਕਾਅ @ 200 ਮਿ.ਲੀ./ਏਕੜ ਕਰਨ ਨਾਲ ਆਲੂਆਂ ਦੇ ਝਾੜ ਵਿਚ ਵਾਧਾ ਹੋਇਆ । 15 ਗ੍ਰਾਮ ਐਨ ਏ ਏ (ਨੈਪਥਾਲੀਨ ਐਕਟਿਕ ਐਸਿਡ) ਦੇ ਦੋ ਛਿੜਕਾਅ ਇਕ ਵਾਰੀ ਅਕਤੂਬਰ ਦੇ ਦੂਜੇ ਪੰਦਰਵਾੜੇ ਅਤੇ ਦੂਜਾ ਨਵੰਬਰ ਦੇ ਦੂਜੇ ਪੰਦਰਵਾੜੇ ਦੌਰਾਨ ਕਰਨ ਨਾਲ 'ਉਮਰਾਨ' ਬੇਰ ਵਿੱਚ ਫ਼ਲ ਦਾ ਡਿਗਣਾ ਘਟਦਾ ਹੈ ।

ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਯੂਨੀਵਰਸਿਟੀ ਵਲੋਂ ਦਿੱਤੀਆਂ ਪੌਦ ਸੁਰੱਖਿਆ ਦੀਆਂ ਸਿਫ਼ਾਰਸ਼ਾਂ ਇਸ ਪ੍ਰਕਾਰ ਹਨ: ਟ੍ਰਾਈਕੋਗਰਾਮਾ ਚਿਲੋਨਿਸ ਨਾਲ ਮੱਕੀ ਵਿੱਚ ਤਣੇ ਦੇ ਗੜੂੰਏ ਨੂੰ ਰੋਕਥਾਮ ਮਿਲਦੀ ਹੈ । ਜੈਵਿਕ ਬਾਸਮਤੀ ਝੋਨੇ ਵਿੱਚ ਜੈਵਿਕ ਨਿਯੰਤ੍ਰਣ ਅਧਾਰਿਤ ਸੰਯੁਕਤ ਕੀਟ ਪ੍ਰਬੰਧਨ ਨਾਲ ਪੀਲੇ ਤਣੇ ਦੇ ਗੜੂੰਏ ਅਤੇ ਪੱਤਾ ਲਪੇਟ ਘੱਟ ਵੇਖਣ ਨੂੰ ਮਿਲਦੇ ਹਨ। ਝੋਨੇ ਅਤੇ ਬਾਸਮਤੀ ਚੌਲਾਂ ਵਿੱਚ ਤਣੇ ਦੇ ਗੜੂੰਏ ਅਤੇ ਪੱਤਾ ਲਪੇਟ ਦੀ ਰੋਕਥਾਮ ਲਈ ਫੇਮ 480 ਐਸ ਸੀ (ਫਲਿਉਬੈਂਡੀਆਮਾਈਡ) ਝੋਨੇ ਵਿੱਚ ਤਣੇ ਦੇ ਗੜੂੰਏ ਅਤੇ ਪੱਤਾ ਲਪੇਟ ਦੀ ਰੋਕਥਾਮ ਲਈ ਮਾਰਕਟ੍ਰਾਈਏਜ਼ੋ 40 ਈ ਸੀ (ਟ੍ਰਾਈਏਜ਼ੋਫੋਸ) ਦਾ ਛਿੜਕਾਅ ਵਧੇਰੇ ਅਸਰਦਾਇਕ ਰਿਹਾ । ਨਰਮੇ ਵਿੱਚ ਚਿੱਟੀ ਮੱਖੀ ਦੀ ਰੋਕਥਾਮ ਲਈ ਮਾਰਕਟ੍ਰਾਈਏਜ਼ੋ 40 ਈ ਸੀ (ਟ੍ਰਾਈਏਜ਼ੋਫੋਸ) ਦਾ ਛਿੜਕਾਅ ਵਧੇਰੇ ਅਸਰਦਾਇਕ ਰਿਹਾ । ਟਮਾਟਰਾਂ ਦੇ ਫ਼ਲ ਦੇ ਗੜੂੰਏ ਦੀ ਰੋਕਥਾਮ ਲਈ ਇੰਡੋਕਸਾਕਾਰਬ 14.5 ਐਸ ਸੀ ਦਾ ਛਿੜਕਾਅ ਅਸਰਦਾਇਕ ਰਿਹਾ । ਝੋਨੇ ਵਿੱਚ ਸ਼ੀਥ ਝੁਲਸ ਰੋਗ ਅਤੇ ਭੂਰੇ ਧੱਬਿਆਂ ਦੀ ਰੋਕਥਾਮ ਲਈ ਨਾਟੀਵੋ 75 ਡਬਲਯੂ ਪੀ (ਟ੍ਰਾਈਫ ਲੋਕਸੀਸਟ੍ਰੋਬਿਨ+ਟੈਬੂਕੋਨਾਜ਼ੋਲ) ਛਿੜਕਾਣ ਨਾਲ ਵਧੀਆ ਨਤੀਜੇ ਵੇਖਣ ਨੂੰ ਮਿਲੇ । ਝੋਨੇ ਵਿਚਲੇ ਸ਼ੀਥ ਝੁਲਸ ਰੋਗ ਦੀ ਰੋਕਥਾਮ ਲਈ ਬੰਪਰ 25 ਈ ਸੀ (ਪ੍ਰੋਪੀਕੋਨੇਜ਼ੋਲ) ਅਤੇ ਓਰੀਅਸ 25.9 ਈ ਸੀ (ਟੈਬੂਕੋਨੇਜ਼ੋਲ) ਦਾ ਛਿੜਕਾਅ ਵਧੇਰੇ ਅਸਰਦਾਇਕ ਰਿਹਾ।

ਭੋਜਨ ਵਿਗਿਆਨ ਵਿੱਚ ਮੱਕੀ, ਮੂੰਗਬੀਨ ਅਤੇ ਪਰਲ ਬਾਜਰੇ ਤੋਂ ਦਲੀਆ ਅਤੇ ਸਨੈਕਜ਼ ਤਿਆਰ ਕਰਨ, ਮਲੀਟਗਰੇਨ ਅਤੇ ਭੂਰੇ ਚੌਲਾਂ ਤੋਂ ਪਾਸਤਾ ਤਿਆਰ ਕਰਨ, ਲੇਸ ਮੁਕਤ ਬਰੈੱਡ, ਮੱਕੀ ਦੀਆਂ

ਰੋਟੀਆਂ ਅਤੇ ਕਿੰਨੋ ਦੇ ਗੁੱਦੇ ਅਤੇ ਛਿਲਕੇ ਦੀ ਵਰਤੋਂ ਕਰਦਿਆਂ ਰੇਸ਼ੇਦਾਰ ਸਿਹਤ ਵਰਧਕ ਪਦਾਰਥਾਂ ਨੂੰ ਤਿਆਰ ਕਰਨ ਦੀਆਂ ਤਕਨਾਲੋਜੀਆਂ ਵਿਕਸਿਤ ਕੀਤੀਆਂ ਗਈਆਂ ।

ਕਟਾਈ ਉਪਰੰਤ ਤਕਨਾਲੋਜੀਆਂ ਵਿਕਸਿਤ ਕੀਤੀਆਂ ਗਈਆਂ ਜਿਨ੍ਹਾਂ ਵਿੱਚ ਕਲੈਵੀਸਪੋਰਾ ਲਿਊਸਟੇਨ ਉੱਲੀ ਰਾਹੀਂ ਤਿਆਰ ਕੀਤੇ ਨਾਰਿੰਗਨੇਸ ਐਨਜ਼ਾਈਮ ($\alpha$-L-ਰਹਿਮਨੋਸੀਡੇਸ ਅਤੇ $\beta$-ਡੀ-ਗਲੂਕੋਸੀਡੇਸ) ਦੀ ਵਰਤੋਂ ਨਾਲ ਕੁੜੱਤਣ ਰਹਿਤ ਨਿੰਬੂ ਜਾਤੀ ਦੇ ਜੂਸ ਅਤੇ ਪੇਅ ਪਦਾਰਥ (ਬੀਵਰੇਜਿਜ਼) ਦੇ ਉਤਪਾਦਨ ਲਈ ਬਾਇਓ ਪ੍ਰੋਸੈੱਸ ਤਿਆਰ ਕਰਨਾ ਸ਼ਾਮਲ ਹੈ । ਇਸ ਤੋਂ ਇਲਾਵਾ ਸ਼ਿਮਲਾ ਮਿਰਚ ਦੇ ਫ਼ਲ ਨੂੰ ਕਾਗਜ਼ ਤੋਂ ਤਿਆਰ ਕੀਤੀਆਂ ਟਰ੍ਹੇਆਂ ਵਿੱਚ ਪੈਕ ਕੀਤਾ ਗਿਆ, ਜਿਨ੍ਹਾਂ ਨੂੰ ਤਪਸ਼ ਰਾਹੀਂ ਸੁੰਗੜਣ ਵਾਲੀ ਫਿ਼ਲਮ ਜਾਂ ਕਲਿੰਗ ਫਿਲਮ ਨਾਲ ਲਪੇਟਣ ਤੇ ਉਨ੍ਹਾਂ ਦੀ ਵਰਤੋਂ ਯੋਗਤਾ ਮਿਆਦ ਅਤੇ ਗੁਣਵੱਤਾ ਵਿੱਚ ਵਾਧਾ ਹੋਇਆ ਅਤੇ ਸੁਪਰ ਮਾਰਕੀਟ ਵਿੱਚ ਉਪਭੋਗਤਾ ਲਈ ਖਿੱਚ ਦਾ ਕੇਂਦਰ ਬਣੀਆਂ ਅਤੇ ਆਮ ਮੰਡੀ ਵਿੱਚ ਵੀ ਇਨ੍ਹਾਂ ਨੂੰ ਬਿਨਾਂ ਪੈਕ ਕਰਨ ਦੇ ਮੁਕਾਬਲਤਨ ਕ੍ਰਮਵਾਰ 10 ਅਤੇ 7 ਦਿਨਾਂ ਲਈ ਸੁਰੱਖਿਅਤ ਰੱਖਿਆ ਜਾ ਸਕਦਾ ਹੈ ਜਦੋਂ ਕਿ ਪਹਿਲੇ ਇਹ ਸਮਾਂ ਕ੍ਰਮਵਾਰ 5 ਅਤੇ 2 ਦਿਨ ਹੀ ਸੀ ।

ਵਣ-ਖੇਤੀ ਵਿੱਚ ਸਫ਼ੈਦੇ ਦੇ ਕਲੋਨਜ਼ ਸੀ-413, ਸੀ-72, ਅਤੇ ਸੀ-2045 ਨੂੰ ਪੰਜਾਬ ਵਿੱਚ ਵਪਾਰਕ ਕਾਸ਼ਤ ਲਈ ਜ਼ਾਰੀ ਕੀਤਾ ਗਿਆ। ਇਨ੍ਹਾਂ ਕਲੋਨਜ਼ ਦਾ ਉਤਪਾਦਨ ਪਨੀਰੀ (ਕੰਟਰੋਲ) ਦੇ ਮੁਕਾਬਲਤਨ ਕ੍ਰਮਵਾਰ 239,223 ਅਤੇ 214 ਪ੍ਰਤੀਸ਼ਤ ਜ਼ਿਆਦਾ ਰਿਹਾ ।

ਕਿੰਗ ਓਇਸਟਰ ਖੁੰਭ ਦੀ ਪੰਜਾਬ ਦੇ ਵਾਤਾਵਰਣਕ ਹਾਲਾਤਾਂ ਅਧੀਨ ਪਹਿਲੀ ਵਾਰ ਸਫ਼ਲਤਾਪੂਰਵਕ ਕਾਸ਼ਤ ਕੀਤੀ ਗਈ । ਅਗੈਰੀਕਸ ਬਾਈਸਪੋਰਸ ਦੇ ਚਿੱਟੇ ਮੇਲ ਏ ਵੀ ਟੀ 14-07 ਦਾ ਝਾੜ ਸਭ ਤੋਂ ਵੱਧ (20 ਕਿਲੋ/ਕੁਇੰਟਲ ਕੰਪੋਸਟ) ਰਿਹਾ ।

ਖੇਤ ਇੰਜੀਨੀਅਰਾਂ ਨੇ ਕਈ ਖੇਤ ਮਸ਼ੀਨਾਂ ਵਿਕਸਿਤ ਕੀਤੀਆਂ। ਪਿਆਜ਼ ਅਤੇ ਗਾਜਰ ਆਦਿ ਛੋਟੇ ਬੀਜਾਂ ਦੀ ਬਿਜਾਈ ਕਰਨ ਲਈ ਟਰੈਕਟਰ ਨਾਲ ਚਲਣ ਵਾਲੇ ਛੇ ਕਤਾਰੀ ਸੀਡ ਪਲਾਂਟਰ ਨੂੰ ਡਿਜ਼ਾਈਨ ਅਤੇ ਵਿਕਸਿਤ ਕੀਤਾ ਗਿਆ । ਇਸ ਤੋਂ ਇਲਾਵਾ ਟਰੈਕਟਰ ਨਾਲ ਚਲਣ ਵਾਲਾ ਛੇ ਕਤਾਰੀ ਲਸਣ ਪਲਾਂਟਰ ਜਿਸ ਵਿੱਚ ਇਕ ਕਤਾਰ ਤੋਂ ਦੂਸਰੀ ਕਤਾਰ ਦੀ ਵਿੱਥ 15 ਸੈ.ਮੀ. ਹੈ, ਵਿਕਸਿਤ ਕੀਤਾ ਗਿਆ । ਇਨ੍ਹਾਂ ਤੋਂ ਇਲਾਵਾ ਮੂੰਗਬੀਨ ਲਈ ਟਰੈਕਟਰ ਨਾਲ ਖਾਦ ਪਾਉਣ, ਇਲੈਕਟ੍ਰੋਸਟੇਟਿਕ ਨੋਜ਼ਲ ਅਤੇ ਕੰਬਾਈਨ ਹਾਰਵੈਸਟਰ ਦਾ ਮੁਲਾਂਕਣ ਕੀਤਾ ਗਿਆ । ਗਰੀਨ ਹਾਊਸ ਸਬਜ਼ੀਆਂ ਉਗਾਉਣ ਲਈ ਮੌਜੂਦਾ ਦੋ ਹਾਈਡ੍ਰੋਪੋਨਿਕ ਤਕਨਾਲੋਜੀਆਂ ਨੂੰ ਜੋੜ ਕੇ ਘੱਟ ਲਾਗਤ ਵਾਲੀ ਹਾਈਬ੍ਰਿਡ ਹਾਈਡ੍ਰੋਪੋਨਿਕ ਤਕਨਾਲੋਜੀ ਵਿਕਸਿਤ ਕੀਤੀ ਗਈ। ਸ਼ਹਿਰੀ ਘਰਾਂ ਦੀਆਂ ਛੱਤਾਂ ਉੱਤੇ ਸਬਜ਼ੀਆਂ ਦੀ ਘਰੇਲੂ ਬਗੀਚੀ ਤਿਆਰ ਕਰਨ ਲਈ ਛੱਤ ਤੇ ਰੱਖਣ ਵਾਲੇ 12 ਗਮਲੇ ਇਕਹਿਰੀ ਤਹਿ ਵਾਲੇ ਅਤੇ 16 ਦੋਹਰੀ ਤਹਿ ਵਾਲੇ ਹਾਈਡ੍ਰੋਪੋਨਿਕ ਸਿਸਟਮ ਵਾਲੇ ਗਮਲੇ ਵਿਕਸਿਤ ਕੀਤੇ ਗਏ । ਇਕੋ ਸਮੇਂ 90 ਤੋਂ 100 ਲੋਕਾਂ ਵਾਸਤੇ ਭੋਜਨ ਤਿਆਰ ਕਰਨ ਲਈ ਦੋਹਰੇ ਚੈਂਬਰ ਵਾਲਾ ਕਮਿਊਨਟੀ ਸੋਲਰ ਕੁੱਕਰ ਵਿਕਸਿਤ ਕੀਤਾ ਗਿਆ ।

ਰੋਡੈਂਟ ਦੀ ਰੋਕਥਾਮ ਲਈ ਝੋਨੇ ਅਤੇ ਮੱਕੀ ਉਪਰੰਤ ਬੀਜੀ ਕਣਕ ਦੇ ਨਿਸਰਣ ਮੌਕੇ ਦੋਹਰੀ ਬਰੋਅ ਬੈਟਿੰਗ ਅਤੇ ਰੋਡੈਂਟ ਨਾਸ਼ਕ ਅਤੇ ਸਿੱਟੇ ਪੈਣ ਮੌਕੇ ਪੇਪਰ ਬੈਟਿੰਗ ਅਤੇ ਪਰਾਲੀ ਦੀ ਸਾਂਭ-ਸੰਭਾਲ ਲਈ ਹੈਪੀ ਸੀਡਰ ਅਤੇ ਜ਼ੀਰੋ ਟਿੱਲੇਜ਼ ਤਕਨਾਲੋਜੀ ਅਸਰਦਾਇਕ ਰਹੀ । ਖੇਤੀ ਲਾਗਤਾਂ ਅਤੇ ਸੰਦਾਂ ਆਦਿ ਦੀ ਵਰਤੋਂ ਵਧਣ ਕਰਕੇ ਖੋਜ ਉੱਤੇ ਬਦਲਵੀਆਂ ਖਾਦਾਂ ਜਿਵੇਂ ਕਿ ਹਰੀ ਖਾਦ, ਰੂੜੀਆਂ ਦੇ ਨਾਲ ਨਾਲ ਕੁਦਰਤੀ ਤੌਰ ਤੇ ਕੀਟਾਂ ਦੀ ਰੋਕਥਾਮ ਅਤੇ ਸੰਯੁਕਤ ਕੀਟ ਪ੍ਰਬੰਧਨ ਤੇ ਜ਼ੋਰ ਦਿੱਤਾ ਗਿਆ ।

ਹੋਮ ਸਾਇੰਸ ਵਿੱਚ ਵਰਤੋਂ ਯੋਗ ਅਜੋਕੀਆਂ ਵਸਤਾਂ ਜਿਵੇਂ ਕਿ ਕੁਸ਼ਣ ਕਵਰ, ਹੈਂਡਬੈਗ, ਫੋਲਡਰ, ਲੈਂਪ ਸ਼ੈਡ ਆਦਿ ਤਿਆਰ ਕਰਨ ਲਈ ਚੋਣਦਾਰ ਕਢਾਈ ਦੀ ਤਕਨੀਕ ਵਿਕਸਤ ਕੀਤੀ ਗਈ। ਇਸ ਤੋਂ ਇਲਾਵਾ ਸੈਲੀਅਨ ਰੋਗ, ਲੈਕਟੋਜ਼ ਅਸਹਿਣਸ਼ੀਲਤਾ, ਔਰਤਾਂ ਵਿੱਚ ਮਾਹਵਾਰੀ ਉਪਰੰਤ ਸਮੱਸਿਆਵਾਂ ਅਤੇ ਗੈਸਟੇਸ਼ਨਲ ਡਾਇਬਟੀਜ਼ ਆਦਿ ਵਰਗੇ ਰੋਗਾਂ ਦਾ ਸਾਹਮਣਾ ਕਰ ਰਹੇ ਮਰੀਜ਼ਾਂ ਲਈ ਪੌਸ਼ਟਿਕ ਭੋਜਨ ਨਾਲ ਪੈਣ ਵਾਲੇ ਪ੍ਰਭਾਵਾਂ ਦਾ ਅਧਿਐਨ ਕੀਤਾ ਗਿਆ, ਜਿਸ ਤੋਂ ਸਪਸ਼ਟ ਹੋਇਆ ਕਿ ਭੋਜਨ ਪਦਾਰਥ ਅਤੇ ਡਾਇਟਰੀ ਪੈਟਰਨ ਦੇ ਬਦਲਣ ਨਾਲ ਕਾਫ਼ੀ ਸੁਧਾਰ ਆਉਂਦਾ ਹੈ। ਅਜਿਹੀ ਨਿਊਟ੍ਰੀਸ਼ਨਲ ਕਾਊਂਸਲਿੰਗ ਨਾਲ ਜਿੱਥੇ ਵਰਤ ਰੱਖ ਕੇ ਬਲੱਡ ਗੁਲੂਕੋਜ਼ 33 ਪ੍ਰਤੀਸ਼ਤ ਅਤੇ ਭੋਜਨ ਉਪਰੰਤ ਬਲੱਡ ਗੁਲੂਕੋਜ਼ 20.7 ਪ੍ਰਤੀਸ਼ਤ ਘਟਿਆ ਉਥੇ ਗੈਸਟੇਸ਼ਨਲ ਡਾਇਬਟਿਕਸ ਦੀ ਲਿਪਿਡ ਪ੍ਰੋਫਾਇਲ ਵਿੱਚ ਪੱਧਰ ਵਧਿਆ ਹੋਇਆ ਵੇਖਣ ਨੂੰ ਮਿਲਿਆ। ਇੱਕ ਅਧਿਐਨ ਘੱਟ ਆਮਦਨ ਵਾਲੇ ਪਰਿਵਾਰਾਂ ਦੇ ਨੌਜਵਾਨਾਂ ਵਿੱਚ ਤਣਾਅ, ਨਕਲ ਮਾਰਨ ਦਾ ਰੁਝਾਨ ਉੱਤੇ ਵੀ ਕੀਤਾ ਗਿਆ ਜਿਸ ਤੋਂ ਸਪਸ਼ਟ ਹੋਇਆ ਕਿ ਉੱਤਰਦਾਤਾਵਾਂ ਦਾ ਵੱਡਾ ਹਿੱਸਾ ਔਸਤਨ ਪੱਧਰ ਦੇ ਤਣਾਅ ਅਧੀਨ ਰਹਿੰਦਾ ਹੈ ।

## ਸਿੱਖਿਆ

ਯੂਨੀਵਰਸਿਟੀ ਦੇ ਅਕਾਦਮਿਕ ਪ੍ਰੋਗਰਾਮ ਇਸਦੇ ਲੁਧਿਆਣਾ ਵਿਖੇ ਸਥਿਤ ਚਾਰ ਕਾਲਜਾਂ; ਖੇਤੀਬਾੜੀ ਕਾਲਜ, ਖੇਤੀਬਾੜੀ ਇੰਜੀ: ਅਤੇ ਤਕਨਾਲੋਜੀ ਕਾਲਜ, ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ, ਹੋਮ ਸਾਇੰਸ ਕਾਲਜ ਅਤੇ ਗੁਰਦਾਸਪੁਰ ਅਤੇ ਬਠਿੰਡਾ ਵਿਖੇ ਸਥਿਤ ਦੋ ਖੇਤੀਬਾੜੀ ਇੰਸਟੀਚਿਊਟਾਂ ਰਾਹੀਂ ਚਲਾਏ ਜਾਂਦੇ ਹਨ । ਸਾਲ 2014-15 ਦੌਰਾਨ ਯੂਨੀਵਰਸਿਟੀ ਨੇ 12 ਅੰਡਰਗਰੈਜੂਏਟ ਪ੍ਰੋਗਰਾਮਾਂ, 43 ਮਾਸਟਰਜ਼ ਪ੍ਰੋਗਰਾਮਾਂ, 29 ਡਾਕਟਰੇਟ ਪ੍ਰੋਗਰਾਮਾਂ ਅਤੇ ਇਕ ਡਿਪਲੋਮਾ ਪ੍ਰੋਗਰਾਮ ਵਿੱਚ ਸਿੱਖਿਆ ਮੁਹੱਈਆ ਕੀਤੀ ।

ਅਕਾਦਮਿਕ ਸੈਸ਼ਨ 2014-15 ਦੌਰਾਨ ਕੁਲ 3562 ਵਿਦਿਆਰਥੀਆਂ ਨੇ ਵੱਖੋ-ਵੱਖ ਪ੍ਰੋਗਰਾਮਾਂ ਵਿੱਚ ਦਾਖਲਾ ਲਿਆ । ਵੱਖੋ-ਵੱਖ ਅੰਡਰਗ੍ਰੈਜੂਏਟ ਅਤੇ ਪੋਸਟ-ਗ੍ਰੈਜੂਏਟ ਪ੍ਰੋਗਰਾਮਾਂ ਵਿੱਚ ਦਾਖਲਾ ਪ੍ਰਵੇਸ਼ ਪ੍ਰੀਖਿਆਵਾਂ ਰਾਹੀਂ ਕੀਤਾ ਗਿਆ ।

ਵੱਖੋ ਵੱਖ ਪ੍ਰੋਗਰਾਮਾਂ ਵਿੱਚ ਸਿੱਖਿਆ ਹਾਸਲ ਕਰ ਰਹੇ ਯੂਨੀਵਰਸਿਟੀ ਦੇ 877 ਵਿਦਿਆਰਥੀਆਂ ਨੂੰ ਵਜੀਫ਼ੇ ਅਤੇ ਮਾਲੀ ਸਹਾਇਤਾ ਪ੍ਰਦਾਨ ਕੀਤੀ ਗਈ । ਅਕਾਦਮਿਕ ਖੇਤਰ ਤੋਂ ਇਲਾਵਾ ਯੂਨੀਵਰਸਿਟੀ ਵਿਦਿਆਰਥੀਆਂ ਨੇ ਸਪੋਰਟਸ ਅਤੇ ਸਭਿਆਚਾਰਕ

ਗਤੀਵਿਧੀਆਂ ਵਿੱਚ ਵੀ ਵਿਸ਼ੇਸ਼ ਨਾਮਣਾ ਖੱਟਿਆ। ਪੀ ਏ ਯੂ ਨੇ ਫਰਵਰੀ 2015 ਦੌਰਾਨ ਕੈਂਪਸ ਵਿਖੇ ਹੋਏ ਨਾਰਥ ਜ਼ੋਨ ਅੰਤਰ ਵਰਸਿਟੀ ਹਾਕੀ ਟੂਰਨਾਮੈਂਟ (ਲੜਕਿਆਂ) ਵਿੱਚ ਦੂਜਾ ਸਥਾਨ ਗ੍ਰਹਿਣ ਕੀਤਾ। ਇਸ ਤੋਂ ਇਲਾਵਾ ਪੀ ਏ ਯੂ ਨੇ ਸਪੋਰਟਸ, ਗੇਮਜ਼, ਕਲਚਰਲ ਅਤੇ ਸਾਹਿਤਕ ਪ੍ਰੋਗਰਾਮਾਂ ਵਿੱਚ ਸਰਵੋਤਮਤਾ ਦਿਖਾਣ ਵਾਲੇ ਖਿਡਾਰੀਆਂ ਅਤੇ ਕਲਾਕਾਰਾਂ ਨੂੰ 33 ਮੈਰਿਟ ਸਰਟੀਫਿਕੇਟ, 12 ਯੂਨੀਵਰਸਿਟੀ ਕਲਰ ਅਤੇ 3 ਰੋਲ ਆਫ਼ ਆਨਰ ਪ੍ਰਦਾਨ ਕੀਤੇ ।

ਸਭਿਆਚਾਰਕ ਗਤੀਵਿਧੀਆਂ ਵਿੱਚ ਪੀ ਏ ਯੂ ਦੇ ਵਿਦਿਆਰਥੀਆਂ ਨੇ 18-21 ਮਾਰਚ 2015 ਦੌਰਾਨ ਨੈਸ਼ਨਲ ਡੇਅਰੀ ਰਿਸਰਚ ਇੰਸਟੀਚਿਊਟ, ਕਰਨਾਲ ਵਿਖੇ ਆਈ ਸੀ ਏ ਆਰ ਵੱਲੋਂ ਆਯੋਜਿਤ 15ਵੇਂ ਸਰਵ ਭਾਰਤੀ ਅੰਤਰ ਐਗਰੀਕਲਚਰਲ ਯੂਨੀਵਰਸਿਟੀਆਂ ਦੇ ਯੁਵਕ ਮੇਲੇ ਦੌਰਾਨ ਲਾਈਟ ਵੋਕਲ ਸੋਲੋ, ਸਮੂਹ ਭਾਰਤੀ ਗਾਇਣ ਅਤੇ ਕਾਰਟੂਨਿੰਗ ਵਿੱਚ ਸੋਨ ਤਗਮੇ, ਕਲੇਅ ਮਾਡਲਿੰਗ ਵਿੱਚ ਚਾਂਦੀ ਦਾ ਤਗਮਾ ਅਤੇ ਪੋਸਟਰ ਮੇਕਿੰਗ ਵਿੱਚ ਚੌਥਾ ਸਥਾਨ ਹਾਸਲ ਕੀਤਾ ।

## ਪਸਾਰ

ਯੂਨੀਵਰਸਿਟੀ ਵੱਲੋਂ ਵੱਖੋ ਵੱਖ ਪਸਾਰ ਕਾਰਜਾਂ ਰਾਹੀਂ ਨਵੀਆਂ ਤਕਨਾਲੋਜੀਆਂ ਨੂੰ ਕਿਸਾਨਾਂ ਦੀਆਂ ਬਰੂਹਾਂ ਤੱਕ ਲਿਜਾਇਆ ਜਾਂਦਾ ਹੈ । ਸਤੰਬਰ 2014 ਅਤੇ ਮਾਰਚ 2015 ਮਹੀਨਿਆਂ ਦੌਰਾਨ ਯੂਨੀਵਰਸਿਟੀ ਵੱਲੋਂ 14 ਕਿਸਾਨ ਮੇਲੇ/ਕਿਸਾਨ ਦਿਵਸ ਲਗਾਏ ਗਏ। ਇਹਨਾਂ ਕਿਸਾਨ ਮੇਲਿਆਂ/ਦਿਵਸਾਂ ਵਿੱਚ ਪੰਜਾਬ ਅਤੇ ਨਾਲ ਲੱਗਦੇ ਸੂਬਿਆਂ ਤੋਂ ਵੱਡੀ ਗਿਣਤੀ ਕਿਸਾਨਾਂ ਨੇ ਸ਼ਮੂਲੀਅਤ ਕੀਤੀ। ਉਹਨਾਂ ਨੇ ਖੇਤੀ ਮਾਹਿਰਾਂ ਨਾਲ ਖੇਤੀ ਸੰਬੰਧਤ ਸਮੱਸਿਆਵਾਂ ਸਾਂਝੀਆਂ ਕੀਤੀਆਂ । ਬੀਜ ਅਤੇ ਖੇਤੀ ਸਾਹਿਤ ਦੀ ਖਰੀਦੋ-ਫਰੋਖਤ ਕੀਤੀ ਅਤੇ ਫ਼ਸਲ ਉਤਪਾਦਨ ਮੁਕਾਬਲਿਆਂ ਵਿੱਚ ਭਾਗ ਲਿਆ। ਲੁਧਿਆਣਾ ਵਿਖੇ ਲੱਗੇ ਕਿਸਾਨ ਮੇਲਿਆਂ ਵਿੱਚ ਖੇਤੀਬਾੜੀ, ਬਾਗਬਾਨੀ ਅਤੇ ਸਹਾਇਕ ਧੰਦਿਆਂ ਵਿੱਚ ਅਹਿਮ ਯੋਗਦਾਨ ਪਾਉਣ ਵਾਲੇ 9 ਅਗਾਂਹਵਧੂ ਕਿਸਾਨਾਂ ਨੂੰ ਸਨਮਾਨਿਤ ਕੀਤਾ ਗਿਆ ।

ਰਾਜ ਦੇ ਵੱਖੋ ਵੱਖ ਸਥਾਨਾਂ ਤੇ ਫ਼ਸਲਾਂ ਦੀਆਂ ਨਵੀਆਂ ਕਿਸਮਾਂ, ਉਤਪਾਦਨ ਅਤੇ ਸੁਰੱਖਿਆ ਤਕਨਾਲੋਜੀਆਂ ਆਦਿ ਦੀ ਪਰਖ ਕਰਨ ਲਈ 933 ਅਨੁਕੂਲਨਸ਼ੀਲ ਖੋਜ ਤਜ਼ਰਬੇ ਕੀਤੇ ਗਏ। ਇਨ੍ਹਾਂ ਤੋਂ ਇਲਾਵਾ ਵੱਖੋ ਵੱਖ ਕੇ ਵੀ ਕੇ'ਜ਼ ਵੱਲੋਂ 151 ਆਨ-ਫਾਰਮ ਟਰਾਇਲਜ਼ ਅਤੇ 1688 ਟ੍ਰੇਨਿੰਗ ਪ੍ਰੋਗਰਾਮ ਲਗਾਏ ਗਏ। ਤੇਲ ਬੀਜ ਫ਼ਸਲਾਂ (ਮੂੰਗਫਲੀ, ਤਿਲ, ਗੋਭੀ ਸਰ੍ਹੋਂ, ਤੋਰੀਆ, ਰਾਇਆ ਅਤੇ ਸੂਰਜਮੁਖੀ) ਦਾਲਾਂ (ਗਰਮ ਰੁੱਤ ਦੀ ਮੂੰਗ, ਸਾਉਣੀ ਦੀ ਮੂੰਗ, ਮੈਸ਼, ਸੋਇਆਬੀਨ, ਛੋਲੇ ਅਤੇ ਦਾਲਾਂ), ਝੋਨਾ ਬਾਸਮਤੀ, ਨਰਮਾ (ਅਮਰੀਕਨ, ਦੇਸੀ, ਬੀ ਟੀ ਅਤੇ ਬੀ ਟੀ ਰਹਿਤ ਕਿਸਮਾਂ), ਮੱਕੀ ਅਤੇ ਮੱਕਚਰ੍ਹੀ ਦੀਆਂ ਸੋਧੀਆਂ ਹੋਈਆਂ ਕਿਸਮਾਂ ਉੱਤੇ 2096 ਫਰੰਟ ਲਾਈਨ ਪ੍ਰਦਰਸ਼ਨੀਆਂ ਲਗਾਈਆਂ ਗਈਆਂ । ਖੋਜ ਅਤੇ ਪਸਾਰ ਮਾਹਿਰਾਂ ਦੀਆਂ ਚਾਰ ਵਰਕਸ਼ਾਪਾਂ, ਨਿਪੁੰਨਤਾ ਦੇ ਵਿਕਾਸ ਅਤੇ ਖੇਤੀ ਨੂੰ ਦਰਪੇਸ਼ ਚੁਣੌਤੀਆਂ ਅਤੇ ਖੋਜ ਨੀਤੀਆਂ ਉੱਤੇ ਕਿਸਾਨਾਂ-ਵਿਗਿਆਨੀਆਂ ਦੀ ਇੱਕ ਰਾਜ ਪੱਧਰੀ ਟ੍ਰੇਨਿੰਗ ਅਤੇ ਪਲਾਨਿੰਗ ਵਰਕਸ਼ਾਪ ਅਤੇ ਸੁਮੇਲ ਦਾ ਆਯੋਜਨ ਕੀਤਾ ਗਿਆ। ਇਨ੍ਹਾਂ ਤੋਂ ਇਲਾਵਾ ਵੱਖੋ-ਵੱਖ ਪੱਖਾਂ ਜਿਵੇਂ ਕਿ ਦਾਲਾਂ ਦੀ ਕਾਸ਼ਤ, ਝੋਨੇ/ਬਾਸਮਤੀ ਚੌਲਾਂ ਵਿੱਚ ਆਈ ਪੀ ਐਮ, ਝੋਨੇ ਦੀ ਮਕੈਨੀਕਲ ਬਿਜਾਈ, ਪੌਸ਼ਟਿਕ ਬਗੀਚੀ, ਖੁੰਭਾਂ ਦੀ ਕਾਸ਼ਤ, ਹੈਪੀਸੀਡਰ ਦੀ ਵਰਤੋਂ, ਗਲੀਚੇ ਵਰਗੀ ਨਰਸਰੀ ਉਗਾਉਣ ਆਦਿ ਉਤੇ 175 ਖੇਤ ਦਿਵਸ ਲਗਾਏ ਗਏ ।

ਪੀ ਏ ਯੂ ਦੇ ਪਲਾਂਟ ਕਲੀਨਿਕ ਵਿਖੇ ਕੀੜਿਆਂ-ਮਕੌੜਿਆਂ, ਰੋਗਾਂ, ਪੋਸ਼ਣ ਦੀ ਘਾਟ ਅਤੇ ਹੋਰ ਸਮੱਸਿਆਵਾਂ ਤੋਂ ਪੀੜਿਤ ਲਗਭਗ 1900 ਫ਼ਸਲ ਨਮੂਨਿਆਂ ਦਾ ਇਲਾਜ ਕੀਤਾ ਗਿਆ । ਯੂਨੀਵਰਸਿਟੀ ਨੇ ਪੰਜਾਬ ਦੇ ਵੱਖੋ ਵੱਖ ਪਿੰਡਾਂ ਵਿੱਚ 1248 ਪੀ ਏ ਯੂ ਦੂਤ ਨਾਮਜ਼ਦ ਕੀਤੇ ਅਤੇ ਉਹਨਾਂ ਨੂੰ ਖੇਤੀ ਸੰਬੰਧਤ 90 ਸੁਨੇਹੇ ਭੇਜੇ ।

## ਸੰਚਾਰ ਅਤੇ ਮੀਡੀਆ

ਯੂਨੀਵਰਸਿਟੀ ਵੱਲੋਂ ਆਪਣੀਆਂ ਗਤੀਵਿਧੀਆਂ/ਪ੍ਰੋਗਰਾਮਾਂ ਨੂੰ ਘਰ-ਘਰ ਪਹੁੰਚਾਉਣ ਲਈ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਜਿਸ ਵਿੱਚ ਦੂਰਦਰਸ਼ਨ ਅਤੇ ਆਲ ਇੰਡੀਆ ਰੇਡੀਓ ਜਲੰਧਰ ਵੀ ਸ਼ਾਮਲ ਹੈ, ਨਾਲ ਲਗਾਤਾਰ ਰਾਬਤਾ ਕਾਇਮ ਰੱਖਿਆ ਹੋਇਆ ਹੈ। ਕੇਂਦਰ ਨੇ ਵੱਖੋ-ਵੱਖ ਖੇਤੀ ਪ੍ਰੋਗਰਾਮਾਂ ਦੇ ਟੀ ਵੀ ਕਵਰੇਜ਼ ਪ੍ਰਸਾਰ ਹਿਤ ਭੇਜੇ ਅਤੇ ਦੂਰਦਰਸ਼ਨ ਜਲੰਧਰ ਦੇ ਸਹਿਯੋਗ ਨਾਲ ਪੀ ਏ ਯੂ ਵਿਗਿਆਨੀਆਂ ਦੀਆਂ 310 ਟੀਵੀ ਟਾਕਜ਼ ਕਰਵਾਈਆਂ। ਕੇਂਦਰ ਵੱਲੋਂ ਕੁੱਲ 811 ਪ੍ਰੈੱਸ ਰਲੀਜ਼ਾਂ (ਅੰਗਰੇਜ਼ੀ ਵਿੱਚ 421 ਅਤੇ ਪੰਜਾਬੀ ਵਿੱਚ 390) ਜ਼ਾਰੀ ਕੀਤੀਆਂ ਗਈਆਂ । ਇਸ ਵੱਲੋਂ ਪੀ ਏ ਯੂ ਵਿਗਿਆਨੀਆਂ ਵੱਲੋਂ ਲਿਖੇ 20 ਆਰਟੀਕਲਾਂ (ਅੰਗਰੇਜ਼ੀ ਵਿੱਚ 8 ਅਤੇ ਪੰਜਾਬੀ ਵਿੱਚ 12) ਨੂੰ ਵੱਖੋ ਵੱਖ ਅਖਬਾਰਾਂ ਅਤੇ ਮੈਗਜ਼ੀਨਾਂ ਵਿੱਚ ਪ੍ਰਕਾਸ਼ਨ ਹਿਤ ਭੇਜਿਆ ਗਿਆ । ਕੇਂਦਰ ਵੱਲੋਂ ਮਹੀਨਾਵਾਰ ਦੋ ਖੇਤ ਮੈਗਜ਼ੀਨ; ਚੰਗੀ ਖੇਤੀ (ਪੰਜਾਬੀ) ਅਤੇ ਪ੍ਰੋਗਰੈਸਿਵ ਫਾਰਮਿੰਗ (ਅੰਗਰੇਜ਼ੀ) ਵੀ ਪ੍ਰਕਾਸ਼ਿਤ ਕੀਤੇ ਜਾਂਦੇ ਹਨ। ਇਨ੍ਹਾਂ ਦੋਹਾਂ ਮੈਗਜ਼ੀਨਾਂ ਦੀ ਰਲਵੀਂ ਸਰਕੂਲੇਸ਼ਨ ਵਿੱਚ 2014-15 ਦੌਰਾਨ (1,89,075) ਤੱਕ ਦਾ ਵਾਧਾ ਹੋਇਆ।

ਕੇਂਦਰ ਵੱਲੋਂ ਪੰਜਾਬ ਦੀਆਂ ਫ਼ਸਲ ਲਈ ਸਿਫ਼ਾਰਸ਼ਾਂ ਵੀ ਸਾਲ ਵਿੱਚ ਦੋ ਵਾਰੀ ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾ ਵਿੱਚ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ । ਇਸ ਤੋਂ ਇਲਾਵਾ ਕੇਂਦਰ ਨੇ ਅੰਗਰੇਜ਼ੀ ਭਾਸ਼ਾ ਵਿੱਚ ਛੇ ਖੇਤ ਪ੍ਰਕਾਸ਼ਨਾਵਾਂ ਅਤੇ ਪੰਜਾਬੀ ਭਾਸ਼ਾ ਵਿੱਚ 15 ਪ੍ਰਕਾਸ਼ਨਾਵਾਂ ਕੱਢੀਆਂ ।

## ਸਮਝੌਤੇ ਦੇ ਯਾਦ ਪੱਤਰ

ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਅਦਾਰਿਆਂ/ਸੰਸਥਾਵਾਂ ਨਾਲ ਆਪਣੇ ਸੰਬੰਧ ਮਜ਼ਬੂਤ ਕਰਨ ਲਈ ਪੀ ਏ ਯੂ ਨੇ ਸਮਝੌਤੇ ਦੇ ਛੇ ਯਾਦ ਪੱਤਰ ਦਸਤਖ਼ਤ ਕੀਤੇ ਜਿਨ੍ਹਾਂ ਵਿੱਚ ਪੁਰਡਿਊ ਯੂਨੀਵਰਸਿਟੀ, ਵੈਸਟ ਲੈਫੇਯੈਟ, ਇੰਡਿਆਨਾ, ਯੂ ਐਸ ਏ; ਮੈਸੇ ਯੂਨੀਵਰਸਿਟੀ, ਨਿਊਜ਼ੀਲੈਂਡ; ਅਤੇ ਲੈਂਡ ਕੇਅਰ ਰਿਸਰਚ ਨਿਊਜ਼ੀਲੈਂਡ ਲਿਮਟਿਡ ਕੇਂਦਰੀ ਆਲੂ ਖੋਜ ਸੰਸਥਾਨ, ਸ਼ਿਮਲਾ; ਸਿੰਜੈਂਟਾ ਇੰਡੀਆ ਲਿਮ. ਪੂਨੇ; ਪੰਜਾਬ ਬਾਇਓਤਕਨਾਲੋਜੀ ਇਨਕੂਬੇਟਰ, ਮੋਹਾਲੀ ਅਤੇ ਸਰਦਾਰ ਸਵਰਨ ਸਿੰਘ ਨੈਸ਼ਨਲ ਇੰਸਟੀਚਿਊਟ ਆਫ਼ ਰਿਨਿਊਏਬਲ ਐਨਰਜੀ, ਕਪੂਰਥਲਾ, ਪੰਜਾਬ ਸ਼ਾਮਲ ਹਨ ।

## ਪ੍ਰਸ਼ਾਸਨ

ਯੂਨੀਵਰਸਿਟੀ ਦੇ ਪ੍ਰਬੰਧਕੀ ਬੋਰਡ ਅਤੇ ਅਕਾਦਮਿਕ ਕੌਂਸਲ ਨੇ ਯੂਨੀਵਰਸਿਟੀ ਦੀ ਕਾਰਜ ਕੁਸ਼ਲਤਾ ਨੂੰ ਹੁਲਾਰਾ ਦੇਣ ਲਈ ਕਈ ਅਹਿਮ ਫੈਸਲੇ ਲਏ । ਬੋਰਡ ਨੇ ਸਾਲ 2015-16 ਲਈ ਫੀਸਾਂ ਵਿੱਚ ਸਵੈ-ਵਿੱਤੀ ਪ੍ਰੋਗਰਾਮਾਂ ਸਮੇਤ @ 10 ਪ੍ਰਤੀਸ਼ਤ ਦਾ ਵਾਧਾ ਪ੍ਰਵਾਨ ਕੀਤਾ । ਬੋਰਡ ਵੱਲੋਂ ਯੂਨੀਵਰਸਿਟੀ ਦੀ ਸਲਾਨਾ ਕਨਵੋਕੇਸ਼ਨ ਮੌਕੇ ਡਾ. ਕੇ ਐਸ ਗਿੱਲ, ਸਾਬਕਾ ਵਾਈਸ ਚਾਂਸਲਰ ਪੀ ਏ ਯੂ; ਡਾ. ਐਸ ਐਸ ਪਰਿਹਾਰ, ਸਾਬਕਾ ਮੁਖੀ, ਭੂਮੀ ਵਿਗਿਆਨ, ਪੀ ਏ ਯੂ ਅਤੇ ਡਾ. ਐਸ ਕੇ ਵਸਲ, ਸਾਬਕਾ ਸੁਪ੍ਰਸਿੱਧ ਮੱਕੀ ਵਿਗਿਆਨੀ ਸੀ ਆਈ ਐਮ ਐਮ ਵਾਈ ਟੀ (ਵਿਸ਼ਵ ਭੋਜਨ ਇਨਾਮ ਜੇਤੂ) ਨੂੰ ਡਾਕਟਰ ਆਫ਼ ਸਾਇੰਸ (ਸਨਮਾਨ ਵਜੋਂ) ਦੀ ਡਿਗਰੀ ਪ੍ਰਦਾਨ ਕਰਨ ਦੀ ਪ੍ਰਵਾਨਗੀ ਦਿੱਤੀ ਗਈ । ਅਕਾਦਮਿਕ ਕੌਂਸਲ ਨੇ ਅਕਾਦਮਿਕ ਸੈਸ਼ਨ 2015-16 ਲਈ ਆਨ ਲਾਈਨ ਅਤੇ ਆਫ਼ ਲਾਈਨ ਦੋਹਾਂ ਵਾਸਤੇ ਏ ਪੀ ਐਮ ਐਸ (ਦਾਖਲਾ ਪ੍ਰਕ੍ਰਿਆ ਪ੍ਰਬੰਧਨ ਸਿਸਟਮ) ਪੋਰਟਲ ਦੀ ਪ੍ਰਵਾਨਗੀ ਦਿੱਤੀ । ਇਸ ਤੋਂ ਇਲਾਵਾ ਕੌਂਸਲ ਵੱਲੋਂ ਅਕਾਦਮਿਕ ਵਰ੍ਹੇ 2015-16 ਤੋਂ ਐਮ ਸੀ ਏ-ਦੋ ਸਾਲ ਪ੍ਰੋਗਰਾਮ ਸ਼ੁਰੂ ਕਰਨ ਅਤੇ ਪੀ ਏ ਯੂ ਵਿਖੇ ਸਕਿੱਲ ਡਿਵੈਲਪਮੈਂਟ ਸੈਂਟਰ ਸਥਾਪਿਤ ਕਰਨ ਦੀ ਪ੍ਰਵਾਨਗੀ ਦਿੱਤੀ । ਕੌਂਸਲ ਵੱਲੋਂ ਅਕਾਦਮਿਕ ਵਰ੍ਹੇ 2015-16 ਤੋਂ ਟ੍ਰਾਂਜ਼ਿਟ ਕੈਂਪ ਪੀ ਏ ਯੂ ਸਹਿਤ ਪੋਸਟ ਗ੍ਰੈਜੂਏਟ ਇੰਸਟੀਚਿਊਟ ਫਾਰ ਹਾਰਟੀਕਲਚਰ ਰਿਸਰਚ ਐਂਡ ਐਜੂਕੇਸ਼ਨ, ਅੰਮ੍ਰਿਤਸਰ ਵਿਖੇ ਹਾਰਟੀਕਲਚਰ (ਫਰੂਟ ਸਾਇੰਸ) ਅਤੇ ਹਾਰਟੀਕਲਚਰ (ਵੈਜੀਟੇਬਲ ਸਾਇੰਸ) ਵਿੱਚ ਐਮ ਐਸ ਸੀ ਪ੍ਰੋਗਰਾਮ ਵਿੱਚ ਉਮੀਦਵਾਰਾਂ ਦੇ ਦਾਖਲੇ ਦੀ ਪ੍ਰਵਾਨਗੀ ਦਿੱਤੀ ਗਈ।

# ਖੋਜ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਖੇਤੀਬਾੜੀ ਦੇ ਵੱਖੋ-ਵੱਖ ਵਿਸ਼ਿਆਂ ਅਤੇ ਇਨ੍ਹਾਂ ਨਾਲ ਸੰਬੰਧਤ ਖੇਤਰਾਂ ਵਿੱਚ ਖੋਜ ਕਾਰਜ ਕੀਤੇ ਜਾਂਦੇ ਹਨ ਤਾਂ ਜੋ ਖੇਤੀ ਸੰਬੰਧਤ ਸਮੱਸਿਆਵਾਂ ਦੇ ਹੱਲ ਲੱਭੇ ਜਾ ਸਕਣ । ਖੇਤੀਬਾੜੀ ਦੀਆਂ ਨਿਤਾਪ੍ਰਤੀ ਲੋੜਾਂ ਨੂੰ ਮੱਦੇ ਨਜ਼ਰ ਰੱਖਦਿਆਂ ਯੂਨੀਵਰਸਿਟੀ ਵੱਲੋਂ ਆਪਣੇ ਖੋਜ ਏਜੰਡੇ ਨੂੰ ਲਗਾਤਾਰ ਨਵਿਆਇਆ ਜਾਂਦਾ ਹੈ । ਮੌਜੂਦਾ ਸਮੇਂ ਵਾਤਾਵਰਣਕ ਪਰਿਵਰਤਨ ਅਤੇ ਕੁਦਰਤੀ ਸੋਮਿਆਂ ਦੀ ਸਾਂਭ ਸੰਭਾਲ ਨੂੰ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਕਨੀਕਾਂ ਵਿਕਸਿਤ ਕਰਨ ਤੇ ਜ਼ੋਰ ਦਿੱਤਾ ਗਿਆ । ਸਥਾਨ ਵਿਸ਼ੇਸ਼ਗ ਨਵੀਆਂ ਤਕਨਾਲੋਜੀਆਂ ਦੀ ਲੋੜ ਹੈ ਤਾਂ ਜੋ ਖੇਤੀ ਉਤਪਾਦਨ ਵਿੱਚ ਵਾਧਾ ਕੀਤਾ ਜਾ ਸਕੇ ਅਤੇ ਖੇਤੀ ਲਾਗਤਾਂ ਦੀ ਵਰਤੋਂ ਯੋਗਤਾ ਵਧਾਈ ਜਾ ਸਕੇ । ਇਸ ਮੰਤਵ ਲਈ ਯੂਨੀਵਰਸਿਟੀ ਵੱਲੋਂ ਨਾ ਸਿਰਫ਼ ਮੇਨ ਕੈਂਪਸ ਵਿਖੇ ਹੀ ਖੋਜ ਕੀਤੀ ਜਾਂਦੀ ਹੈ ਸਗੋਂ ਵੱਖੋ ਵੱਖ ਖੇਤੀ-ਵਾਤਾਵਰਣਕ ਹਾਲਤਾਂ ਨਾਲ ਸੰਬੰਧਤ ਇਸਦੇ ਖੇਤਰੀ ਸਟੇਸ਼ਨਾਂ ਤੇ ਵੀ ਖੋਜ ਕਾਰਜ ਕੀਤੇ ਜਾਂਦੇ ਹਨ । ਇਹ ਖੋਜ ਕੇਂਦਰ ਅਬੋਹਰ, ਬਠਿੰਡਾ, ਬਲੋਵਾਲ ਸੌਂਖੜੀ, ਫਰੀਦਕੋਟ, ਗੁਰਦਾਸਪੁਰ ਅਤੇ ਕਪੂਰਥਲਾ ਵਿਖੇ ਸਥਿਤ ਹਨ । ਫ਼ਸਲਾਂ ਦੀਆਂ ਨਵੀਆਂ ਕਿਸਮਾਂ ਅਤੇ ਉਹਨਾਂ ਦੀਆਂ ਉਤਪਾਦਨ ਅਤੇ ਸੁਰੱਖਿਆ ਤਕਨਾਲੋਜੀਆਂ ਨੂੰ ਵਿਕਸਿਤ ਕਰਨ ਦੇ ਨਾਲ-ਨਾਲ ਫ਼ਸਲਾਂ ਦੀ ਕਟਾਈ ਉਪਰੰਤ ਸਾਂਭ-ਸੰਭਾਲ ਅਤੇ ਉਹਨਾਂ ਦੀ ਪ੍ਰੋਸੈਸਿੰਗ ਨਾਲ ਸੰਬੰਧਿਤ ਤਕਨਾਲੋਜੀਆਂ ਵਿਕਸਿਤ ਕਰਨ ਤੇ ਵੀ ਜ਼ੋਰ ਦਿੱਤਾ ਜਾ ਰਿਹਾ ਹੈ ।

ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਪ੍ਰਮੁੱਖ ਖੋਜ ਪ੍ਰਾਪਤੀਆਂ ਦਾ ਵੇਰਵਾ ਇਸ ਪ੍ਰਕਾਰ ਹੈ :

## ਖੇਤੀਬਾੜੀ

ਖੇਤੀਬਾੜੀ ਨੂੰ ਦਰਪੇਸ਼ ਮੌਜੂਦਾ ਚੁਣੌਤੀਆਂ ਨੂੰ ਮੱਦੇ ਨਜ਼ਰ ਰਖਦਿਆਂ ਫ਼ਸਲ ਸੁਧਾਰ ਖੋਜ ਨੂੰ ਮੁੜ ਤੋਂ ਪ੍ਰਾਥਮਿਤਕਾ ਦਿੱਤੀ ਗਈ । ਜੈਵਿਕ/ਅਜੈਵਿਕ ਦਬਾਅ ਪ੍ਰਤੀ ਰੋਧਿਕਤਾ ਰੱਖਣ ਵਾਲੀਆਂ ਸੁਧਰੀਆਂ ਕਿਸਮਾਂ ਦੀ ਬ੍ਰੀਡਿੰਗ ਉੱਤੇ ਵਧੇਰੇ ਜ਼ੋਰ ਦਿੱਤਾ ਗਿਆ। ਇਸ ਤੋਂ ਇਲਾਵਾ ਕੁਦਰਤੀ ਸੋਮਿਆਂ ਦੀ ਸਾਂਭ-ਸੰਭਾਲ ਅਤੇ ਵਾਤਾਵਰਣਕ ਸੁਰੱਖਿਆ ਵੱਲ ਵੀ ਖਾਸ ਧਿਆਨ ਦਿੱਤਾ ਗਿਆ ।

## ਫ਼ਸਲ ਸੁਧਾਰ

### ਜ਼ਾਰੀ ਕੀਤੀਆਂ ਨਵੀਆਂ ਕਿਸਮਾਂ/ਹਾਈਬ੍ਰਿਡਜ਼

ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਪੀ ਏ ਯੂ ਨੇ ਖੇਤ ਫ਼ਸਲਾਂ ਦੀਆਂ 14 ਕਿਸਮਾਂ ਅਤੇ ਬਾਗਬਾਨੀ ਫ਼ਸਲਾਂ ਦੀਆਂ 7 ਕਿਸਮਾਂ ਰਾਜ ਪੱਧਰ ਤੇ ਜ਼ਾਰੀ ਕੀਤੀਆਂ । ਸੋਇਆਬੀਨ, ਬੈਂਗਣ ਅਤੇ ਨਰਮੇ ਦੀ ਇੱਕ-ਇੱਕ ਕਿਸਮ ਨੂੰ ਰਾਸ਼ਟਰੀ ਪੱਧਰ ਤੇ ਜ਼ਾਰੀ ਕਰਨ ਲਈ ਚੁਣਿਆ ਗਿਆ । ਇਸ ਤੋਂ ਇਲਾਵਾ ਵੱਖ-ਵੱਖ ਫ਼ਸਲਾਂ ਦੀਆਂ 9 ਕਿਸਮਾਂ ਨੂੰ ਕਿਸਾਨਾਂ ਦੇ ਖੇਤਾਂ ਤੇ ਅਨੁਕੂਲਣਸ਼ੀਲ ਤਜ਼ਰਬਿਆਂ ਲਈ ਚੁਣਿਆ ਗਿਆ ।

## ਖੇਤ ਫ਼ਸਲਾਂ

**ਪੀ ਬੀ ਡਬਲਯੂ 660 (ਕਣਕ)** : ਇਹ ਵਡਾਣਕ ਕਿਸਮ ਹੈ, ਜਿਸ ਨੂੰ ਸੋਕੇ ਵਾਲੀਆਂ ਹਾਲਤਾਂ ਅਧੀਨ ਬੀਜਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ । ਇਸ ਦੇ ਦਾਣਿਆਂ ਦਾ ਔਸਤ ਝਾੜ 17 ਕੁਇੰਟਲ/ਏਕੜ ਹੈ । ਇਹ ਕਿਸਮ ਪੀਲੀ ਅਤੇ ਭੂਰੀ ਕੁੰਗੀ ਪ੍ਰਤਿਰੋਧਿਕ ਹੈ ।

**ਡਬਲਯੂ ਐਚ 1105 (ਕਣਕ)**: ਇਹ ਦੋਹਰੀ ਵਡਾਣਕ ਕਿਸਮ ਹੈ ਜਿਸਦਾ ਔਸਤ ਝਾੜ 23 ਕੁਇੰਟਲ/ਏਕੜ ਹੈ । ਇਹ ਕਿਸਮ ਵੀ ਪੀਲੀ ਅਤੇ ਭੂਰੀ ਕੁੰਗੀ ਪ੍ਰਤਿਰੋਧਿਕਤਾ ਰੱਖਦੀ ਹੈ ।

**ਪੀ ਆਰ 124 (ਝੋਨਾ)** : ਇਹ ਕਿਸਮ ਬਿਜਾਈ ਉਪਰੰਤ 135 ਦਿਨ ਵਿੱਚ ਪੱਕ ਕੇ ਤਿਆਰ ਹੋ ਜਾਂਦੀ ਹੈ । ਇਹ ਕਿਸਮ ਬੈਕਟੀਰੀਅਲ ਝੁਲਸ ਪੈਥੋਜਿਨ ਦੀਆਂ ਰਾਜ ਵਿਚਲੀਆਂ ਮੌਜੂਦ 10 ਪੈਥੋਕਿਸਮਾਂ ਪ੍ਰਤਿਰੋਧਿਕਤਾ ਰੱਖਦੀ ਹੈ ਅਤੇ ਇਸਦਾ ਔਸਤ ਝਾੜ 30.5 ਕੁਇੰਟਲ/ਏਕੜ ਹੈ ।

**ਪੀ ਐਮ ਐਚ 9 (ਮੱਕੀ)** : ਇਹ ਹਾਈਬ੍ਰਿਡ ਕਿਸਮ ਸਰਦ ਰੁੱਤ ਵਿੱਚ ਕਾਸ਼ਤ ਕਾਰਨ ਲਈ ਜ਼ਾਰੀ ਕੀਤੀ ਗਈ ਹੈ। ਇਹ 180 ਦਿਨਾਂ ਵਿੱਚ ਤਿਆਰ ਹੋ ਜਾਂਦੀ ਹੈ ਅਤੇ ਇਸਦਾ ਔਸਤ ਝਾੜ 32.5 ਕੁਇੰਟਲ/ਏਕੜ ਹੈ ।

**ਪੀ ਐਮ ਐਚ 10 (ਮੱਕੀ)** : ਇਹ ਕਿਸਮ ਬਹਾਰ ਰੁੱਤ ਵਿੱਚ ਕਾਸ਼ਤ ਕਰਨ ਲਈ ਜ਼ਾਰੀ ਕੀਤੀ ਗਈ ਹੈ । ਇਹ 120 ਦਿਨਾਂ ਵਿੱਚ ਤਿਆਰ ਹੋ ਜਾਂਦੀ ਹੈ ਅਤੇ ਇਸਦਾ ਔਸਤ ਝਾੜ 32 ਕੁਇੰਟਲ/ਏਕੜ ਹੈ ।

**ਜੀ ਐਸ ਸੀ 7 (ਕਨੋਲਾ ਟਾਈਪ ਗੋਭੀ ਸਰ੍ਹੋਂ)** : ਇਸਦਾ ਔਸਤ ਝਾੜ 8.9 ਕੁਇੰਟਲ/ਏਕੜ ਹੈ । ਇਹ ਕਨੋਲਾ ਕਿਸਮ ਦੀ ਜੀਨੋਟਾਈਪ ਹੈ ਜਿਸਦੇ ਤੇਲ ਵਿੱਚ 62.2 ਪ੍ਰਤੀਸ਼ਤ ਓਲਿਕ ਐਸਿਡ ਅਤੇ 0.5 ਪ੍ਰਤੀਸ਼ਤ ਈਰੂਜ਼ਿਕ ਐਸਿਡ ਹੈ ਅਤੇ ਇਸਦੀ ਖਲ ਵਿੱਚ 14.5 ਮੋਲਜ਼ ਗਲੂਕੋਸਿਨੋਲੇਟਜ਼/ਗ੍ਰਾਮ ਦੀ ਮਾਤਰਾ ਹੈ।

**ਪੀ ਬੀ ਆਰ 357 (ਰਾਇਆ)** : ਇਹ ਵੱਡੇ ਦਾਣਿਆਂ ਵਾਲੀ ਕਿਸਮ ਹੈ, ਜਿਸਦਾ ਔਸਤਨ ਝਾੜ 8.5 ਕੁਇੰਟਲ/ਏਕੜ ਹੈ ਅਤੇ ਇਹ ਕਿਸਮ ਆਲਟਰਨੇਰੀਆ ਝੁਲਸ ਰੋਗ ਅਤੇ ਚਿੱਟੀ ਕੁੰਗੀ ਪ੍ਰਤਿਰੋਧਿਕਤਾ ਰੱਖਦੀ ਹੈ ।

**ਪੀ ਬੀ ਜੀ 7 (ਛੋਲੇ)** : ਇਹ ਕਿਸਮ ਐਸਕੋਚੇਤਾ ਝੁਲਸ ਰੋਗ, ਫਿਊਜ਼ੇਰੀਅਮ ਵਿਲਟ ਅਤੇ ਸੁੱਕੀ ਜੜ੍ਹ ਦੇ ਗਾਲੇ ਰੋਗਾਂ ਪ੍ਰਤੀਰੋਧਕ ਹੈ। ਇਸਦਾ ਔਸਤਨ ਝਾੜ 10 ਕੁਇੰਟਲ/ਏਕੜ ਹੈ ।

**ਪੰਜਾਬ ਤਿੱਲ ਨੰਬਰ-2 (ਤਿੱਲ)** : ਚਿੱਟੇ ਰੰਗ ਦੇ ਬੀਜਾਂ ਵਾਲੀ ਇਹ ਕਿਸਮ ਵੱਧ ਝਾੜ ਦੇਣ ਵਾਲੀ ਹੈ ਅਤੇ ਸਿਰਕੋਸਪੋਰਾ ਪੱਤਾ ਝੁਲਸ ਰੋਗ ਅਤੇ ਫਾਇਲੋਡੀ ਪ੍ਰਤੀ ਵਧੇਰੇ ਰੋਧਿਕਤਾ ਰੱਖਦੀ ਹੈ । ਇਸਦਾ ਔਸਤਨ ਝਾੜ 2.8 ਕੁਇੰਟਲ/ਏਕੜ ਹੈ ।

**ਸੀ ਓ** 118 **(ਕਮਾਦ)** : ਗੰਨੇ ਦੀ ਇਸ ਕਿਸਮ ਦਾ ਔਸਤਨ ਝਾੜ 322 ਕੁਇੰਟਲ/ਏਕੜ ਹੈ । ਇਸਦੇ ਰਸ ਵਿੱਚ ਸੁਰਕੋਜ਼ ਦੀ ਮਾਤਰਾ ਨਵੰਬਰ ਮਹੀਨੇ ਵਿੱਚ 16 ਪ੍ਰਤੀਸ਼ਤ ਅਤੇ ਦਸੰਬਰ ਮਹੀਨੇ ਵਿੱਚ 17 ਪ੍ਰਤੀਸ਼ਤ ਹੁੰਦੀ ਹੈ । ਇਹ ਕਿਸਮ ਸਰਦੀ ਨੂੰ ਸਹਿਣ ਦੇ ਸਮਰੱਥ ਹੈ ਅਤੇ ਲਾਲ ਗਾਲੇ ਪੈਥੋਜਿਨ ਦੀਆਂ ਸਾਰੀਆਂ ਮੌਜੂਦਾ ਪੈਥੋ ਕਿਸਮਾਂ ਪ੍ਰਤੀਰੋਧਿਕਤਾ ਰੱਖਦੀ ਹੈ ।

**ਸੀ ਓ** 238 **(ਕਮਾਦ)** : ਇਸ ਕਿਸਮ ਦਾ ਝਾੜ 365 ਕੁਇੰਟਲ/ਏਕੜ ਹੈ । ਇਸਦੇ ਰਸ ਵਿੱਚ ਸੁਰਕੋਜ਼ ਦੀ ਮਾਤਰਾ ਜਨਵਰੀ ਮਹੀਨੇ ਵਿੱਚ 17 ਪ੍ਰਤੀਸ਼ਤ ਹੁੰਦੀ ਹੈ । ਇਹ ਕਿਸਮ ਵੀ ਲਾਲ ਗਾਲੇ ਪੈਥੋਜਿਨ ਦੀਆਂ ਮੌਜੂਦਾ ਸਾਰੀਆਂ ਪੈਥੋਕਿਸਮਾਂ ਪ੍ਰਤੀਰੋਧਿਕਤਾ ਰੱਖਦੀ ਹੈ ।ਇਹ ਬਹੁਤ ਵਧੀਆ ਰੈਟੂਨਰ ਹੈ ਲੇਕਿਨ ਇਹ ਕਿਸਮ ਟੌਪ ਬੋਰਰ ਪ੍ਰਤੀ ਅਤਿ ਸੰਵੇਦਨਸ਼ੀਲ ਹੈ ।

**ਪੰਜਾਬ ਸੁਡੈਕਸ ਚਰ੍ਹੀ** 4 **(ਸੋਰਗਮ)** : ਚਾਰੇ ਦੀ ਇਹ ਵੱਧ ਕਟਾਈਆਂ ਵਾਲੀ ਸੋਰਗਮ ਹਾਈਬ੍ਰਿਡ ਹੈ । ਇਹ ਪੱਤਿਆਂ ਦੇ ਧੱਬਿਆਂ ਦੀ ਬਿਮਾਰੀ ਅਤੇ ਸ਼ੂਟ ਫਲਾਈ ਪ੍ਰਤੀਰੋਧਿਕਤਾ ਰੱਖਦੀ ਹੈ । ਸਮੇਂ ਸਿਰ ਬੀਜੀ ਫ਼ਸਲ ਦੀ ਤਿੰਨ ਵਾਰ ਕਟਾਈ ਕੀਤੀ ਜਾ ਸਕਦੀ ਹੈ, ਜਿਸ ਤੋਂ 445.5 ਕੁਇੰਟਲ ਦਾ ਔਸਤਨ ਚਾਰਾ ਮਿਲਦਾ ਹੈ ।

**ਓ ਐਲ** 10 **(ਜਵੀ)** : ਚਾਰੇ ਦੀ ਇਸ ਕਿਸਮ ਨੂੰ ਕਈ ਵਾਰ ਕੱਟਿਆ ਜਾ ਸਕਦਾ ਹੈ । ਇਸ ਕਿਸਮ ਤੋਂ ਉੱਤਮ ਗੁਣਵਤਾ ਵਾਲਾ 275 ਕੁਇੰਟਲ/ਏਕੜ ਦਾ ਹਰਾ ਚਾਰਾ ਹਾਸਲ ਹੁੰਦਾ ਹੈ, ਜਿਸ ਵਿੱਚ ਪ੍ਰੋਟੀਨ ਨੂੰ ਹਜ਼ਮ ਕਰਨ ਵਾਲੇ ਸਾਰੇ ਗੁਣ ਹੁੰਦੇ ਹਨ । ਇਸ ਦੇ ਬੀਜਾਂ ਦਾ ਝਾੜ 9.2 ਕੁਇੰਟਲ/ਏਕੜ ਹਾਸਲ ਹੁੰਦਾ ਹੈ ।

**ਪੀ ਐਚ ਬੀ** 2884 **(ਪਰਲ ਬਾਜਰਾ)** : ਪਰਲ ਬਾਜਰੇ ਦੀ ਇਹ ਹਾਈਬ੍ਰਿਡ ਕਿਸਮ ਵਧੇਰੇ ਝਾੜ ਦੇਣ ਵਾਲੀ ਹੈ । ਇਹ ਕਿਸਮ ਉੱਲੀ, ਅਰਗਟ ਰੋਗ, ਕਾਂਗਿਆਰੀ ਅਤੇ ਸੋਕਾ ਰੋਗਾਂ ਪ੍ਰਤੀਰੋਧਿਕ ਹੈ ਅਤੇ ਇਸਦਾ ਔਸਤਨ ਝਾੜ 13.2 ਕੁਇਟਲ/ਏਕੜ ਹੈ ।

## ਬਾਗਬਾਨੀ ਫ਼ਸਲਾਂ

**ਸੀ ਐਚ** 27 **(ਮਿਰਚਾਂ)** : ਮਿਰਚਾਂ ਦੀ ਇਹ ਕਿਸਮ ਪੱਤਾ ਮਰੋੜ ਵਿਸ਼ਾਣੂੰ, ਫ਼ਸਲ ਦਾ ਗਾਲਾ ਅਤੇ ਰੂਟ ਨਾਟ ਨੀਮਾਟੋਡ ਪ੍ਰਤਿਰੋਧਿਕਤਾ ਰੱਖਦੀ ਹੈ ਅਤੇ ਥ੍ਰਿਪ ਅਤੇ ਮਾਈਟ ਜਿਹੇ ਰਸ ਚੂਸਣ ਵਾਲੇ ਕੀੜਿਆਂ ਪ੍ਰਤੀ ਸਹਿਣਸ਼ੀਲਤਾ ਰੱਖਦੀ ਹੈ । ਇਸਦੇ ਫ਼ਲ ਦਾ ਔਸਤਨ ਭਾਰ 3.6 ਗ੍ਰਾਮ ਅਤੇ ਪੱਕੇ ਹੋਏ ਲਾਲ ਫ਼ਲ ਦਾ ਝਾੜ 96 ਕੁਇੰਟਲ/ਏਕੜ ਹਾਸਲ ਹੁੰਦਾ ਹੈ । ਇਹ ਕਿਸਮ ਪ੍ਰੋਸੈਸਿੰਗ ਕਰਨ ਅਤੇ ਪਿਸਾਈ ਲਈ ਬਹੁਤ ਲਾਹੇਵੰਦ ਹੈ ।

**ਪੰਜਾਬ ਵਰਖਾ ਬਹਾਰ** 4 **(ਟਮਾਟਰ)** : ਟਮਾਟਰਾਂ ਦੀ ਇਹ ਕਿਸਮ ਸਖਤ, ਗੋਲ ਅਤੇ ਇਕਸਾਰ ਹੁੰਦੀ ਹੈ । ਜਿਸਦੇ ਪੱਕੇ ਹੋਏ ਫ਼ਲ ਦਾ ਔਸਤ ਭਾਰ 90 ਗ੍ਰਾਮ ਹੁੰਦਾ ਹੈ । ਇਹ ਕਿਸਮ ਵਰਖਾ ਰੁੱਤ ਅਤੇ ਪੱਤਝੜ ਦੌਰਾਨ ਕਾਸ਼ਤ ਕਰਨ ਲਈ ਬਹੁਤ ਸੁਯੋਗ ਹੈ । ਇਹ ਕਿਸਮ ਪੱਤਾ ਮਰੋੜ ਵਾਇਰਸ ਪ੍ਰਤੀਰੋਧਿਕ ਹੈ ਅਤੇ ਇਸਦਾ ਔਸਤ ਝਾੜ 245 ਕੁਇੰਟਲ/ਏਕੜ ਹੈ ।

**ਐਮ ਐਚ** 27 **(ਖਰਬੂਜਾ)** : ਖਰਬੂਜ਼ੇ ਦੀ ਇਸ ਕਿਸਮ ਦੀ ਵਰਤੋਂ ਯੋਗਤਾ ਲੰਬੇ ਸਮੇਂ ਤੱਕ ਰਹਿੰਦੀ ਹੈ, ਜਿਸ ਕਰਕੇ ਦੂਰ-ਦੁਰਾਡੇ ਇਲਾਕਿਆਂ ਵਿੱਚ ਲਿਜਾਣ ਲਈ ਬਹੁਤ ਹੀ ਸੁਯੋਗ ਹੈ । ਇਸ ਦਾ ਗੁੱਦਾ ਮੋਟਾ, ਸੰਤਰੀ ਰੰਗਾ ਅਤੇ ਦਰਮਿਆਨੇ ਜੂਸ ਵਾਲਾ ਹੁੰਦਾ ਹੈ, ਜਿਸਦਾ ਟੀ ਐਸ ਐਸ 12.4 ਪ੍ਰਤੀਸ਼ਤ ਹੁੰਦਾ ਹੈ । ਬਿਜਾਈ ਉਪਰੰਤ ਇਸਦੀ ਪਹਿਲੀ ਤੁੜਾਈ 63 ਦਿਨਾਂ ਬਾਅਦ ਸੰਭਵ ਹੋ ਜਾਂਦੀ ਹੈ । ਇਸਦੇ ਫ਼ਲ ਦਾ ਔਸਤ ਭਾਰ 850 ਗ੍ਰਾਮ ਅਤੇ ਔਸਤ ਝਾੜ 88 ਕੁਇੰਟਲ/ਏਕੜ ਹੁੰਦਾ ਹੈ । ਇਹ ਕਿਸਮ ਫਿਊਜ਼ੇਰੀਆ ਵਿਲਟ ਅਤੇ ਜੜ੍ਹ ਗੰਢ ਨੀਮਾਟੋਡ ਪ੍ਰਤੀ ਰੋਧਿਕਤਾ ਰੱਖਦੀ ਹੈ ।

**ਆਰ ਬੀ** 21 **(ਮੂਲੀ)** : ਮੂਲੀ ਦੀ ਇਸ ਕਿਸਮ ਦੀ ਲੰਬਾਈ ਲਗਭਗ 34 ਸੈਂਟੀਮੀਟਰ ਹੁੰਦੀ ਹੈ । ਅਕਤੂਬਰ ਮਹੀਨੇ ਦੇ ਪਹਿਲੇ ਹਫ਼ਤੇ ਬੀਜੀ ਮੂਲੀ ਦੀ ਪਹਿਲੀ ਤੁੜਾਈ 40-45 ਦਿਨਾਂ ਅੰਦਰ ਹੁੰਦੀ ਹੈ । ਇਸ ਕਿਸਮ ਦਾ ਔਸਤ ਝਾੜ 265 ਕੁਇੰਟਲ/ਏਕੜ ਹੈ ।

**ਪਾਲਮ ਸਮ੍ਰਿਧੀ (ਬਰੋਕਲੀ)** : ਇਸਦੇ ਸਿਰੇ ਗੋਲ ਅਕਾਰੀ, ਗੁੰਦਵੇਂ ਅਤੇ ਇਹ ਹਰੇ ਰੰਗ ਦੀ ਹੁੰਦੀ ਹੈ ਜਿਸਦਾ ਔਸਤ ਵਜ਼ਨ 300 ਗ੍ਰਾਮ ਅਤੇ ਔਸਤ ਝਾੜ 72 ਕੁਇੰਟਲ/ਏਕੜ ਹੈ ।

**ਪੀ ਏ ਯੂ ਕਿੰਨੋ** 1 : ਇਹ ਮੱਧ ਸੀਜ਼ਨ ਦੀ ਕਿਸਮ ਹੈ ਜੋ ਕਿ ਜਨਵਰੀ ਵਿਚ ਤਿਆਰ ਹੋ ਜਾਂਦੀ ਹੈ । ਇਸਦੇ ਫ਼ਲ ਘੱਟ ਬੀਜ ਵਾਲੇ ਹੁੰਦੇ ਹਨ, ਜਿਸਦੇ ਪ੍ਰਤੀ ਫ਼ਲ 0-8 ਬੀਜ ਹੁੰਦੇ ਹਨ। ਇਸਦਾ ਗੁੱਦਾ ਸੰਤਰੀ ਰੰਗਾ, ਭਰਪੂਰ ਰਸ ਵਾਲਾ ਅਤੇ ਮਿੱਠੇ ਸਵਾਦ ਵਾਲਾ ਹੁੰਦਾ ਹੈ, ਜਿਸ ਵਿੱਚ ਟੀ ਐਸ ਐਸ 10-110 ਬਰਿਕਸ ਅਤੇ 0.6-0.8 ਪ੍ਰਤੀਸ਼ਤ ਐਸਿਡਟੀ ਹੁੰਦੀ ਹੈ । ਪੰਜ ਸਾਲ ਪੁਰਾਣੇ ਕਿੰਨੋ ਦੇ ਬੂਟਿਆਂ ਤੋਂ ਲਗਭਗ 45 ਕਿੱਲੋ ਔਸਤ ਝਾੜ ਹਾਸਲ ਹੁੰਦਾ ਹੈ ।

**ਪੀ ਏ ਯੂ ਕਿੰਨੋ** 2 : ਇਹ ਮੱਧ ਸੀਜ਼ਨ ਦੀ ਕਿਸਮ ਹੈ ਜੋ ਕਿ ਜਨਵਰੀ ਮਹੀਨੇ ਵਿੱਚ ਤਿਆਰ ਹੁੰਦੀ ਹੈ । ਇਸਦੇ ਫ਼ਲ ਘੱਟ ਬੀਜ ਵਾਲੇ ਹੁੰਦੇ ਹਨ । ਜਿਸਦੇ ਪ੍ਰਤੀ ਫ਼ਲ ਵਿੱਚ 0-10 ਬੀਜ ਹੁੰਦੇ ਹਨ। ਇਸਦਾ ਗੁੱਦਾ ਸੰਤਰੀ ਰੰਗਾ, ਭਰਪੂਰ ਰਸ ਵਾਲਾ ਅਤੇ ਮਿੱਠੇ ਸਵਾਦ ਵਾਲਾ ਹੁੰਦਾ ਹੈ । ਜਿਸ ਵਿੱਚ ਟੀ ਐਸ ਐਸ 10-110 ਬਰਿਕਸ ਅਤੇ 0.8-0.9 ਪ੍ਰਤੀਸ਼ਤ ਐਸਿਡਟੀ ਹੁੰਦੀ ਹੈ । ਪੰਜ ਸਾਲ ਪੁਰਾਣੇ ਕਿੰਨੋ ਦੇ ਬੂਟਿਆਂ ਤੋਂ ਲਗਭਗ 59.5 ਕਿਲੋ ਝਾੜ ਹਾਸਲ ਹੁੰਦਾ ਹੈ ।

**ਸਫ਼ੈਦਾ (ਕਲੋਨਜ਼ ਸੀ**-413, **ਸੀ**-72 **ਅਤੇ ਸੀ**-2045**)** : ਸਫ਼ੈਦੇ ਦੇ ਇਹ ਕਲੋਨਜ਼ ਪੰਜਾਬ ਵਿੱਚ ਵਪਾਰਕ ਕਾਸ਼ਤ ਲਈ ਜ਼ਾਰੀ ਕੀਤੇ ਗਏ । ਇਨ੍ਹਾਂ ਕਲੋਨਜ਼ ਦਾ ਉਤਪਾਦਨ ਪਨੀਰੀ (ਕੰਟਰੋਲ ਅਧੀਨ) ਦੇ ਮੁਕਾਬਲਤਨ ਕ੍ਰਮਵਾਰ 239, 223 ਅਤੇ 214 ਪ੍ਰਤੀਸ਼ਤ ਜ਼ਿਆਦਾ ਹੈ ।

### ਰਾਸ਼ਟਰੀ ਪੱਧਰ ਤੇ ਜ਼ਾਰੀ ਕਰਨ ਲਈ ਚੁਣੀਆਂ ਗਈਆਂ ਕਿਸਮਾਂ

**ਐੱਸ ਐੱਲ** 979 **(ਸੋਇਆਬੀਨ)** : ਇਹ ਕਿਸਮ ਉੱਤਰੀ ਮੈਦਾਨੀ ਜ਼ੋਨ ਜਿਸ ਵਿੱਚ ਪੰਜਾਬ, ਹਰਿਆਣਾ ਅਤੇ ਉਤਰਾਖੰਡ

ਰਾਜ ਸ਼ਾਮਲ ਹਨ, ਵਿੱਚ ਜ਼ਾਰੀ ਕਰਨ ਲਈ ਚੁਣੀ ਗਈ । ਇਸ ਕਿਸਮ ਦਾ ਔਸਤ ਝਾੜ 9.3 ਕੁਇੰਟਲ/ਏਕੜ ਹੈ ਅਤੇ ਇਹ ਪੀਲੇ ਮੋਜ਼ੇਕ ਵਾਇਰਸ ਅਤੇ ਸੋਇਆਬੀਨ ਮੋਜ਼ੇਕ ਵਾਇਰਸ ਪ੍ਰਤੀ ਰੋਧਿਕਤਾ ਰੱਖਦੀ ਹੈ ।

**ਐੱਲ ਐੱਚ 2256 (ਨਰਮਾ)** : ਇਹ ਕਿਸਮ ਉੱਤਰੀ ਜ਼ੋਨ ਜਿਸ ਵਿੱਚ ਪੰਜਾਬ, ਹਰਿਆਣਾ ਅਤੇ ਰਾਜਸਥਾਨ ਸ਼ਾਮਲ ਹੈ, ਵਿੱਚ ਜ਼ਾਰੀ ਕਰਨ ਲਈ ਚੁਣੀ ਗਈ । ਇਸਦਾ ਔਸਤ ਝਾੜ 8.6 ਕੁਇੰਟਲ/ਏਕੜ ਹੈ ।

**ਪੀ ਬੀ ਐੱਚ ਐੱਲ 52 (ਬੈਂਗਣ)** : ਇਹ ਕਿਸਮ ਜ਼ੋਨ IV, ਜਿਸ ਵਿੱਚ ਪੰਜਾਬ, ਯੂ ਪੀ, ਉਤਰਾਖੰਡ ਦਾ ਤਰਾਈ ਦਾ ਇਲਾਕਾ ਅਤੇ ਬਿਹਾਰ ਸ਼ਾਮਲ ਹਨ, ਵਿੱਚ ਜ਼ਾਰੀ ਕਰਨ ਲਈ ਚੁਣੀ ਗਈ। ਇਸਦੇ ਪੌਦੇ ਦਰਮਿਆਨੇ ਲੰਬੇ, ਫ਼ਲ ਚਮਕਦਾਰ, ਬੈਂਗਣੀ ਰੰਗੇ, ਲੰਬੇ ਅਤੇ ਗੁੱਛਿਆਂ ਵਿੱਚ ਲੱਗਣ ਵਾਲੇ ਹੁੰਦੇ ਹਨ । ਇਸਦਾ ਔਸਤ ਝਾੜ 265 ਕੁਇੰਟਲ/ਏਕੜ ਹੈ ।

### ਅਨੁਕੂਲਨਸ਼ੀਲ ਖੋਜ ਤਜ਼ਰਬਿਆਂ ਲਈ ਚੁਣੀਆਂ ਗਈਆਂ ਕਿਸਮਾਂ

ਅਨੁਕੂਲਨਸ਼ੀਲ ਖੋਜ ਤਜ਼ਰਬਿਆਂ ਨੂੰ ਕਿਸਾਨਾਂ ਦੇ ਖੇਤਾਂ ਵਿੱਚ ਕੀਤਾ ਜਾਂਦਾ ਹੈ ਤਾਂ ਜੋ ਨਵੀਆਂ ਕਿਸਮਾਂ ਦੀ ਕਾਰਗੁਜ਼ਾਰੀ ਪਰਖੀ ਜਾ ਸਕੇ, ਨਵੀਆਂ ਫ਼ਸਲ ਉਤਪਾਦਨ ਅਤੇ ਸੁਰੱਖਿਆ ਤਕਨਾਲੋਜੀਆਂ ਦਾ ਮੁਲਾਂਕਣ ਕੀਤਾ ਜਾ ਸਕੇ । ਇਨ੍ਹਾਂ ਅਨੁਕੂਲਨਸ਼ੀਲ ਖੋਜ ਤਜ਼ਰਬਿਆਂ ਦੇ ਅਧਾਰ ਤੇ ਹੀ ਕਿਸਾਨਾਂ ਨੂੰ ਤਕਨਾਲੋਜੀਆਂ ਅਪਨਾਉਣ ਦੀ ਸਿਫ਼ਾਰਿਸ਼ ਕੀਤੀ ਜਾਂਦੀ ਹੈ । ਕਣਕ ਦੀਆਂ ਨਵੀਆਂ ਕਿਸਮਾਂ (ਪੀ ਬੀ ਡਬਲਯੂ 677 ਅਤੇ ਪੀ ਬੀ ਡਬਲਯੂ 725) ਝੋਨੇ ਦੀਆਂ ਕਿਸਮਾਂ (ਆਰ ਵਾਈ ਟੀ 3378 ਅਤੇ ਆਰ ਵਾਈ ਟੀ 3379), ਟਮਾਟਰਾਂ ਦੀਆਂ ਕਿਸਮਾਂ (ਪੀ ਏ ਯੂ ਇੰਡ ਟਮਾਟਰ 1, ਪੀ ਏ ਯੂ ਇੰਡ ਟਮਾਟਰ 2 ਅਤੇ ਪੰਜਾਬ ਰੈੱਡ ਚੈਰੀ), ਬੈਂਗਣ ਦੀ ਕਿਸਮ (ਪੀ ਬੀ ਐਚ ਐਲ-51) ਅਤੇ ਕੱਦੂ ਦੀ ਕਿਸਮ (ਪੀ ਪੀ ਐਚ-1) ਦੀ ਚੋਣ ਅਨੁਕੂਲਨਸ਼ੀਲ ਖੋਜ ਤਜ਼ਰਬਿਆਂ ਲਈ ਕੀਤੀ ਗਈ ।

### ਜਰਮਪਲਾਜ਼ਮ ਨੂੰ ਹੁਲਾਰਾ ਦੇਣਾ

ਫ਼ਸਲਾਂ ਦੀ ਬਰੀਡਿੰਗ ਦੇ ਚੱਲ ਰਹੇ ਪ੍ਰੋਗਰਾਮਾਂ ਨੂੰ ਹੁਲਾਰਾ ਦੇਣ ਲਈ ਵੱਖੋ-ਵੱਖ ਫ਼ਸਲਾਂ ਦੇ ਜਰਮਪਲਾਜ਼ਮ ਅਕਸੈਸ਼ਨਾਂ ਨੂੰ ਵੱਡੀ ਗਿਣਤੀ ਵਿੱਚ ਦੇਸ਼ਾਂ-ਵਿਦੇਸ਼ਾਂ ਦੇ ਵਿਭਿੰਨ ਹਿੱਸਿਆਂ ਵਿੱਚੋਂ ਇਕੱਤਰ ਕੀਤਾ ਗਿਆ । ਇਨ੍ਹਾਂ ਵਿੱਚ ਝੋਨਾ (272), ਕਣਕ (2312), ਮੱਕੀ (68), ਛੋਲੇ (115), ਮਸਰ (14), ਗੁਆਰ (6), ਰਵਾਂਹ (8), ਪਰਲ ਬਾਜਰਾ (150), ਮਿਰਚਾਂ (11), ਟਮਾਟਰ (14), ਕਰੇਲਾ (8), ਕੱਦੂ (2), ਖੀਰਾ (1), ਗਾਜਰ (7), ਨਿੰਬੂ ਜਾਤੀ (6), ਅੰਗੂਰ (17), ਖੁਰਮਾਨੀ ਅਤੇ ਨੈਕਟ੍ਰੀਨਜ਼ (10), ਆਲੂ ਬੁਖਾਰਾ (6), ਬੇਰ (2), ਅੰਬ (6), ਸਟ੍ਰਾਅਬੇਰੀ (4), ਨਾਸ਼ਪਾਤੀ (ਰੂਟ ਸਟਾਕ) (3), ਪੋਪਲਰ ਕਲੋਨਜ਼ (14), ਟਾਹਲੀ (4), ਮੀਲੀਆ ਡਿਊਬੀਆ ਅਤੇ ਸਫੈਦਾ ਗਰੈਂਡਿਸ (2), ਗੁਲਦਾਉਦੀ (2), ਗਲੈਡੀਓਲਜ਼ (2), ਟਿਊਬਰੋਜ਼ (2), ਗੇਂਦਾ (17) ਅਤੇ ਗੁਲਾਬ (2) ਸ਼ਾਮਲ ਹਨ ।

## ਬਾਇਓਤਕਨਾਲੋਜੀ

ਸਕੂਲ ਆਫ਼ ਐਗਰੀਕਲਚਰਲ ਬਾਇਓਤਕਨਾਲੋਜੀ ਰੋਗ ਰਹਿਤ ਪੌਦਿਆਂ ਨੂੰ ਤੇਜ਼ੀ ਨਾਲ ਵਧਾਉਣ ਹਿਤ ਜੀਨੋਮਿਕਸ ਅਸਿਸਟਿਡ ਏਲੀਅਨ ਇੰਟਰੋਗ੍ਰੈਸ਼ਨਜ਼, ਜੀਨ ਮੈਪਿੰਗ ਅਤੇ ਮਾਰਕਰ ਅਸਿਸਟਿਡ ਬਰੀਡਿੰਗ, ਨਵੇਂ ਜੀਨਾਂ ਦੀ ਚੋਣ ਕਰਨ, ਜੀਨੋਮ ਅਤੇ ਟ੍ਰਾਂਸਕ੍ਰਿਪਟੋਮ ਸਿਕਿਊਐਂਸਿੰਗ, ਜੀਨ ਕਲੋਨਿੰਗ, ਜੈਨੇਟਿਕ ਤਬਦੀਲੀ, ਬਾਇਓ ਇਨਫਾਰਮੈਟਿਕਸ ਅਤੇ ਮਾਈਕ੍ਰੋਪ੍ਰੋਪੇਗੇਸ਼ਨ ਤੇ ਕਾਰਜ ਕਰ ਰਿਹਾ ਹੈ । ਇਨ੍ਹਾਂ ਵਿੱਚੋਂ ਕੁਝ ਵਿਸ਼ੇਸ਼ ਪ੍ਰਾਪਤੀਆਂ ਦਾ ਵੇਰਵਾ ਇਸ ਪ੍ਰਕਾਰ ਹੈ :

- ਝੋਨੇ ਵਿੱਚ ਪੀ ਏ ਯੂ 201 ਕਿਸਮ ਦੇ ਚਾਰ ਸੋਧੇ ਹੋਏ ਰੂਪਾਂਤਰ ਜਿਨ੍ਹਾਂ ਵਿੱਚ ਚਿੱਟੇ ਰੰਗ ਦੇ ਐਲਿਓਰੋਨ ਅਤੇ ਆਰ ਸੀ 7 ਜੀਨ, ਬੈਕਟੀਰੀਅਲ ਝੁਲਸ ਪ੍ਰਤੀ ਰੋਧਿਕਤਾ ਰੱਖਣ ਵਾਲੇ Xa21 ਜੀਨ ਵਿਕਸਤ ਕੀਤੇ ਗਏ ਅਤੇ ਇਨ੍ਹਾਂ ਉੱਤੇ ਏ ਆਈ ਸੀ ਆਰ ਆਈ ਪੀ ਅਧੀਨ ਵਿਭਿੰਨ ਸਥਾਨਾਂ ਤੇ ਤੀਜੇ ਸਾਲ ਦੇ ਤਜ਼ਰਬੇ ਚੱਲ ਰਹੇ ਹਨ ।
- ਝੋਨੇ ਦੀਆਂ ਜੰਗਲੀ ਜਰਮਪਲਾਜ਼ਮ ਦੇ ਲਗਭਗ 1300 ਅਕਸੈਸ਼ਨਜ਼ ਨੂੰ ਬੈਕਟੀਰੀਅਲ ਝੁਲਸ ਰੋਗ ਵਿਰੁੱਧ ਪਰਖਿਆ ਗਿਆ ਅਤੇ ਪ੍ਰਤੀਰੋਧਿਕਤਾ ਦੇ ਨਵੇਂ ਸਰੋਤਾਂ ਦੀ ਚੋਣ ਕੀਤੀ ਗਈ । ਕ੍ਰੋਮੋਜ਼ੋਮ 4 ਉੱਤੇ ਓ. ਰੁਫੀਪੋਗੋਨ ਐਕਸ. ਆਈ ਆਰ ਜੀ ਸੀ 93216 ਤੋਂ ਯ00 ਪੈਥੋਟਾਈਪ ਵਿਰੁੱਧ ਪ੍ਰਤੀਰੋਧਿਕਤਾ ਲਈ ਇਕ ਨਵੇਂ ਜੀਨ ਦੀ ਚੋਣ ਕੀਤੀ ਗਈ।
- ਫਾਸਫੋਰਸ ਦੀ ਘਾਟ ਪ੍ਰਤੀ ਸਹਿਣਸ਼ੀਲਤਾ ਰੱਖਣ ਵਾਲੇ ਜੀਨ 1 (ਪੀ ਐਸ ਟੀ ਓ ਐਲ 1) ਲਈ ਐਲੀਅਲ ਮਾਈਨਿੰਗ ਓ. ਰੁਫੀਪੋਗੋਨ ਦੇ 80 ਅਕਸੈਸ਼ਨਾਂ ਉੱਤੇ ਕੀਤੀ ਗਈ ਅਤੇ ਸੱਤ ਹੈਲੋਟਾਈਪਜ਼ ਦੀ ਚੋਣ ਕੀਤੀ ਗਈ । ਫਾਸਫੋਲੀਪੇਸ ਡੀ (ਪੀ ਐਲ ਡੀ a1) ਲਈ ਐਲੀਅਲ ਮਾਈਨਿੰਗ 100 ਤੋਂ ਵੱਧ ਜੰਗਲੀ ਕਿਸਮਾਂ ਦੇ ਅਕਸੈਸ਼ਨਾਂ ਤੇ ਕੀਤੀ ਗਈ ਅਤੇ ਇਨ੍ਹਾਂ ਵਿੱਚੋਂ ਕੁਝ ਅਕਸੈਸ਼ਨ ਚੁਣੇ ਗਏ ।
- ਅੰਤਰਰਾਸ਼ਟਰੀ ਕਣਕ ਜੀਨੋਮ ਸਿਕਿਊਐਂਸਿੰਗ ਕੰਸੋਰਟੀਅਮ ਦੇ ਸਹਿਯੋਗ ਨਾਲ ਹੈਕਸਾਪਲੋਆਇਡ ਕਣਕ ਦੇ ਡਰਾਫ਼ਟ ਸਿਕਿਊਐਂਸ ਵਿਕਸਤ ਕੀਤੇ ਗਏ । ਲਗਭਗ 120,0000 ਤੋਂ ਵੀ ਜ਼ਿਆਦਾ ਜੀਨ ਚੁਣੇ ਗਏ ਅਤੇ 50,000 ਮਾਰਕਰਾਂ ਦੀ ਪਛਾਣ ਕੀਤੀ ਗਈ । 2 ਏ ਐਲ ਦੇ ਲਗਭਗ 40,000 ਫਿੰਗਰਪ੍ਰਿੰਟਿਡ ਬੀ ਏ ਸੀ'ਜ਼ ਨੂੰ 1204 ਵਿੱਚ ਇਕੱਤਰ ਕੀਤਾ ਗਿਆ ਜਿਨ੍ਹਾਂ ਵਿੱਚ 7853 ਬੀ ਏ ਸੀ'ਜ਼ ਹਨ ਜੋ ਕਿ ਘੱਟੋ ਘੱਟ ਵਹਾਈ ਵਿੱਚ ਵੀ ਕੰਮ ਕਰਦੇ ਹਨ ਅਤੇ 776 ਐਮ ਬੀ ਵਿੱਚ ਸ਼ਾਮਲ ਹੋ ਜਾਂਦੇ ਹਨ । ਕਈ ਹਜ਼ਾਰ ਜੀਨਾਂ ਲਈ ਜੀਨ ਐਨੋਟੇਸ਼ਨ ਸੰਪੂਰਨ ਕੀਤੀ ਗਈ ਅਤੇ ਵਿਕਸਤ ਕੀਤੀ ਗਈ ਸਾਰੀ ਸੂਚਨਾ ਦੀ ਸਾਂਭ ਸੰਭਾਲ ਲਈ ਵੈੱਬ ਸਰੋਤ (ਵਿੰਗ ਡੀ ਬੀ) ਵਿਕਸਤ ਕੀਤਾ ਗਿਆ ।
- ਕਣਕ ਦੀ ਧਾਰੀਦਾਰ ਕੁੰਗੀ ਪੁਸੀਨੀਆ ਸਟ੍ਰੀਫਾਰਮਿਸ ਦੇ ਚਾਰ ਪੈਥੋਟਾਈਪਜ਼ ਨੂੰ ਸਿਕਿਊਐਂਸ ਕੀਤਾ ਗਿਆ ਅਤੇ ਪੈਥੋਟਾਈਪ ਵਿਸ਼ੇਸ਼ ਮਾਰਕਰਾਂ ਨੂੰ ਵਿਕਸਤ ਕੀਤਾ ਗਿਆ ।

- ਸੰਪੂਰਨ ਆਰ ਐਨ ਏ ਸਿਕਿਉਐਂਸਿੰਗ ਰਾਹੀਂ ਆਈਸੋਜੈਨਿਕ ਰੇਖਾ ਅਤੇ ਜਣਨਹਾਰੇ ਡਬਲਯੂ ਐਲ 711 ਨੇੜਲੇ ਐਲ ਆਰ 57 ਵਿੱਚ ਵੱਖੋ ਵੱਖ ਜੀਨਾਂ ਦਾ ਅਧਿਐਨ ਕੀਤਾ ਗਿਆ । ਇਨ੍ਹਾਂ ਵਿਚੋਂ 1130 ਜੀਨ ਵੱਖਰਤਾ ਦਿਖਾਈ ਦਿੰਦੇ ਪਾਏ ਗਏ ਜਿਨ੍ਹਾਂ ਵਿਚੋਂ ਬਹੁਤੇ ਜੀਨ ਲਾਗ ਦੀਆਂ ਮੁਢਲੀਆਂ ਸਥਿਤੀਆਂ ਤੇ ਵੱਖਰਤਾ ਨਾਲ ਦਿਖਾਈ ਦਿੱਤੇ । ਵੱਖਰਤਾ ਜ਼ਾਹਿਰ ਕਰਨ ਵਾਲੇ ਜੀਨਾਂ ਵਿੱਚ ਆਰ ਜੀਨਜ਼ ਅਤੇ ਪੈਥੋਜੈਨਸਿਸ ਸੰਬੰਧਤ ਪ੍ਰੋਟੀਨਜ਼ ਸ਼ਾਮਲ ਹਨ ।
- (ਜੀ ਬੀ ਐਸ) ਦੀ ਸਿਕਿਉਐਂਸਿੰਗ ਰਾਹੀਂ 190 ਏਜੀਲੋਪਸ ਤਾਓਚੀ ਅਕਸੈਸ਼ਨ ਦੇ ਸੈੱਟ ਨੂੰ ਜੀਨੋਟਾਈਪ ਕੀਤਾ ਗਿਆ ਅਤੇ ਲਗਭਗ 11,000 ਨਿਸ਼ਾਨਦੇਹੀ ਕੀਤੇ ਐਸ ਐਨ ਪੀ ਮਾਰਕਰਾਂ ਦੀ ਚੋਣ ਕੀਤੀ ਗਈ ਜਿਨ੍ਹਾਂ ਨੂੰ ਦਾਣਿਆਂ ਵਿਚਲੇ ਲੋਹਾ ਤੱਤ, ਜ਼ਿੰਕ, ਤਾਂਬਾ, ਮੈਂਗੇਨੀਜ਼ ਅਤੇ ਦਾਣਿਆਂ ਦੀ ਲੰਬਾਈ, ਚੌੜਾਈ ਅਤੇ ਭਾਰ ਦੇ ਕਿਉ ਟੀ ਐਲ ਦੀ ਨਿਸ਼ਾਨਦੇਹੀ ਕਰਨ ਲਈ ਵਰਤਿਆ ਗਿਆ ।
- ਸਥਿਰ ਅਤੇ ਤਪਸ਼ ਦੇ ਦਬਾਅ ਵਾਲੀਆਂ ਹਾਲਤਾਂ ਅਧੀਨ ਤਜ਼ਰਬਿਆਂ ਵਿੱਚ ਵੱਖੋ-ਵੱਖ ਝਾੜ ਅਤੇ ਤਪਸ਼ ਪ੍ਰਤੀ ਰੋਧਿਕਤਾ ਰੱਖਣ ਵਾਲੇ ਅੰਸ਼ਾਂ ਲਈ ਇਕ ਸੈੱਟ 368 ਟੀ ਵਡਾਣਕ-ਏਈ. ਸਪਿਲਟੋਆਇਡਜ਼ ਕ੍ਰੋਮੋਜ਼ੋਮ ਸਿਗਮੈਂਟਲ ਦੀਆਂ ਬਦਲਵੀਆਂ ਲਾਈਨਾਂ ਨੂੰ ਫਿਨੋਟਾਈਪ ਕੀਤਾ ਗਿਆ। ਤਪਸ਼ ਪ੍ਰਤੀ ਰੋਧਿਕਤਾ ਰੱਖਣ ਵਾਲੇ ਅੰਸ਼ਾਂ ਲਈ ਕਿਊ ਟੀ ਐੱਲ ਦੀ ਨਿਸ਼ਾਨਦੇਹੀ ਕੀਤੀ ਗਈ । ਇਹ ਕਿਊ ਟੀ ਐੱਲ'ਜ਼ ਐਮ ਏ ਐਸ ਵਰਤਦਿਆਂ ਹੈਕਸਪੋਲਾਇਡ ਕਣਕ ਵਿੱਚ ਤਬਦੀਲ ਕੀਤੇ ਗਏ ।
- ਕਿੰਨੋ ਮੈਂਡਰਿਨ (ਸਿਟਰਸ ਰੇਟੀਕੁਲੇਟਾ) ਵਿੱਚ ਕੁੜੱਤਣ ਪੈਦਾ ਕਰਨ ਵਾਲੇ ਜੀਨ (ਲਿਮੋਨੂਆਇਡ ਯੂ ਡੀ ਪੀ-ਗਲੂਕੋਸਿਲਟ੍ਰਾਂਸਫਰੇਜ਼ ਜੀਨ (ਜੀ ਟੇਸ) ਨੂੰ ਵੱਖ ਕੀਤਾ ਗਿਆ, ਪੀ ਜੀ ਈ ਐਮ ਟੀ ਵਿੱਚ ਕਲੋਨ ਕੀਤਾ ਗਿਆ ਅਤੇ ਸਿਕਿਉਐਂਸ ਕੀਤਾ ਗਿਆ । ਵੱਖ ਵੱਖ ਨਿੰਬੂ ਜਾਤੀ ਦੀਆਂ ਕਿਸਮਾਂ ਵਿੱਚ ਜੀ ਟੇਸ ਜੀਨ ਦੀ ਪੀ ਸੀ ਆਰ ਐਂਪਲੀਫਿਕੇਸ਼ਨ ਅਤੇ ਇਹਨਾਂ ਸਾਰੀਆਂ ਕਿਸਮਾਂ ਵਿੱਚ 1500 ਬੀ ਪੀ ਦਾ ਨਿਰੀਖਣ ਕੀਤਾ ਗਿਆ ।

## ਬੀਜ ਤਕਨਾਲੋਜੀ

- ਪੀ ਏ ਯੂ ਵੱਲੋਂ ਬੀਜ ਉਤਪਾਦਨ ਦਾ ਕਾਰਜ ਫਰੀਦਕੋਟ, ਲਾਢੋਵਾਲ, ਨਾਭਾ ਅਤੇ ਨਰੈਣਗੜ੍ਹ ਵਿਖੇ ਸਥਿਤ ਬੀਜ ਫਾਰਮਾਂ ਅਤੇ ਵੱਖੋ ਵੱਖ ਕੇ ਵੀ ਕੇ'ਜ਼ ਵਿਖੇ ਕੀਤਾ ਜਾਂਦਾ ਹੈ । ਸਾਲ 2014-15 ਦੌਰਾਨ ਯੂਨੀਵਰਸਿਟੀ ਵੱਲੋਂ ਵੱਖ ਵੱਖ ਖੇਤ ਫ਼ਸਲਾਂ ਦੇ 79,604 ਕੁਇੰਟਲ ਬੀਜ (ਬਰੀਡਰ, ਫਾਉਂਡੇਸ਼ਨ ਅਤੇ ਸਰਟੀਫਾਈਡ/ਟੀ ਐੱਲ) ਪੈਦਾ ਕੀਤਾ ਗਿਆ ਜਿਸ ਵਿੱਚੋਂ 5270 ਕੁਇੰਟਲ ਬੀਜ ਪਬਲਿਕ-ਜਨਤਕ ਸਾਂਝ (ਬੀ ਆਈ ਐਸ ਏ) ਰਾਹੀਂ ਪੈਦਾ ਕੀਤਾ ਗਿਆ । ਇਸਦਾ ਵੇਰਵਾ ਇਸ ਪ੍ਰਕਾਰ ਹੈ :
- ਤਾਮਿਲਨਾਡੂ ਐਗਰੀਕਲਚਰਲ ਯੂਨੀਵਰਸਿਟੀ, ਅਸਾਮ ਐਗਰੀਕਲਚਰਲ ਯੂਨੀਵਰਸਿਟੀ ਅਤੇ ਜੀ ਬੀ ਪੰਤ ਯੂਨੀਵਰਸਿਟੀ ਆਫ਼ ਐਗਰੀਕਲਚਰ ਐਂਡ ਤਕਨਾਲੋਜੀ ਤੋਂ ਹਾਸਲ ਕੀਤੇ ਟ੍ਰਾਈਕੋਡਰਮਾ ਹੈਰਜ਼ੀਏਨਰ ਦੀਆਂ ਦੀਆਂ ਤਿੰਨ ਫਾਰਮੂਲੇਸ਼ਨਾਂ ਅਤੇ ਪੀ ਏ ਯੂ ਤੋਂ ਹਾਸਲ ਕੀਤੀ ਫਾਰਮੂਲੇਸ਼ਨ ਨੂੰ ਬੀਜ ਦੀ ਬਾਇਓ-ਪ੍ਰਾਈਮਿੰਗ ਵਜੋਂ ਪਰਖਿਆ ਗਿਆ । ਐਫ ਵਾਈ ਐਮ ਅਤੇ ਉਨ੍ਹਾਂ ਦੇ ਮਿਸ਼ਰਣਾਂ ਵਿੱਚ ਰਲਾ ਕੇ ਭੂਮੀ ਨੂੰ ਪਰਖਿਆ ਗਿਆ। ਪੀ ਏ ਯੂ ਦੀ ਫਾਰਮੂਲੇਸ਼ਨ ਨਾਲ ਬਾਇਓ-ਪ੍ਰਾਇਮਿੰਗ ਕੀਤੇ ਬੀਜ ਅਤੇ ਇਸਦੀ ਭੂਮੀ ਵਿੱਚ ਵਰਤੋਂ ਨਾਲ ਛੋਲਿਆਂ ਦੇ ਮੁਰਝਾਉਣ ਅਤੇ ਰੂਟ ਸਟਾਕ ਨਾਲ ਸੰਬੰਧਤ ਰੋਗਾਂ ਦੀ ਰੋਕਥਾਮ ਵਧੀਆ ਰਹੀ । ਇਸ ਨਾਲ ਇਨ੍ਹਾਂ ਰੋਗਾਂ ਵਿੱਚ ਕ੍ਰਮਵਾਰ 76.3 ਪ੍ਰਤੀਸ਼ਤ ਅਤੇ 62.8 ਪ੍ਰਤੀਸ਼ਤ ਦੀ ਘਾਟ ਪਾਈ ਗਈ ।

| ਫ਼ਸਲਾਂ (ਕੁਇੰਟਲ) | ਬਰੀਡਰ ਬੀਜ (ਕੁਇੰਟਲ) | ਫਾਊਂਡੇਸ਼ਨ ਬੀਜ (ਕੁਇੰਟਲ) | ਪ੍ਰਮਾਣਿਤ ਬੀਜ (ਕੁਇੰਟਲ) | ਸਹੀ ਤੌਰ ਤੇ ਲੇਬਲ ਕੀਤਾ ਬੀਜ (ਕੁਇੰਟਲ) | ਕੁੱਲ ਬੀਜ (ਕੁਇੰਟਲ) |
|---|---|---|---|---|---|
| ਕਣਕ | 5697 | 19,858 | 1367 | 20,609 | 47,531 |
| ਝੋਨਾ | 368 | 1067 | 1718 | 21,282 | 24,435 |
| ਹੋਰ ਖੇਤ ਫ਼ਸਲਾਂ | 772 | 400 | 625 | 2510 | 4307 |
| ਸਬਜ਼ੀਆਂ ਦੀਆਂ ਫ਼ਸਲਾਂ | 58 | 1212 | 1226 | 835 | 3331 |
| ਕੁੱਲ | 6895 | 22,537 | 4936 | 45,236 | 79,604 |

## ਫ਼ਸਲ ਉਤਪਾਦਨ

ਫ਼ਸਲ ਉਤਪਾਦਨ ਵਿੱਚ ਯੂਨੀਵਰਸਿਟੀ ਵੱਲੋਂ (i) ਫ਼ਸਲ ਜੀਓਮੈਟਰੀ (ii) ਖਾਦਾਂ ਦੀ ਲੋੜ (iii) ਫ਼ਸਲੀ ਚੱਕਰ ਅਤੇ (iv) ਨਦੀਨਾਂ ਦੇ ਪ੍ਰਬੰਧਨ ਲਈ ਤਕਨਾਲੋਜੀ ਦੇ ਮਿਆਰੀਕਰਨ ਲਈ ਖੋਜ ਕੀਤੀ ਜਾਂਦੀ ਹੈ । ਉਪਰੋਕਤ ਖੇਤਰਾਂ ਵਿਚਲੀ ਖੋਜ ਉਪਰੰਤ ਸਿਫ਼ਾਰਿਸ਼ ਕੀਤੀਆਂ ਤਕਨਾਲੋਜੀਆਂ ਇਸ ਪ੍ਰਕਾਰ ਹਨ :

- ਹਰੀ ਖਾਦ ਪਾਉਣ ਉਪਰੰਤ ਜਾਂ ਗਰਮ ਰੁੱਤ ਦੀ ਮੂੰਗ ਦੀਆਂ ਫਲੀਆਂ ਤੋੜਨ ਉਪਰੰਤ ਪਰਾਲੀ ਨੂੰ ਰਲਾਉਣ ਤੋਂ ਬਾਅਦ ਬਾਸਮਤੀ ਦੀਆਂ ਕਿਸਮਾਂ ਜਿਵੇਂ ਕਿ ਪੰਜਾਬ ਬਾਸਮਤੀ-2, ਪੰਜਾਬ ਬਾਸਮਤੀ-3 ਅਤੇ ਪੂਸਾ ਬਾਸਮਤੀ-1121 ਵਿੱਚ ਯੂਰੀਆ ਖਾਦ ਪਾਉਣ ਦੀ ਲੋੜ ਨਹੀਂ ।
- ਮਸਰ ਦਾ ਝਾੜ ਵਧਾਉਣ ਲਈ ਰਹੀਜ਼ੋਬੀਅਮ (ਐਲ ਐਲ ਆਰ 12) ਅਤੇ ਰਹੀਜ਼ੋਬੈਕਟੀਰੀਅਮ (ਆਰ ਬੀ 2) ਦੇ ਕੰਸੋਰਟੀਅਮ ਕਲਚਰ ਦੀ ਜੈਵਿਕ ਖਾਦ ਵਜੋਂ ਵਰਤੋਂ ।
- ਨਵੇਂ ਫ਼ਸਲੀ ਚੱਕਰ ਜਿਵੇਂ ਕਿ ਮੱਕੀ/ਗਰਮ ਰੁੱਤ ਦੀ ਮੂੰਗਫਲੀ-ਸਾਉਣੀ ਦਾ ਪਿਆਜ਼-ਪਿਆਜ਼; ਹਲਦੀ-ਪਿਆਜ਼/ਪਿਛੇਤੀ ਬੀਜੀ ਕਣਕ ਅਤੇ ਜੈਵਿਕ ਫ਼ਸਲੀ ਚੱਕਰ ਹਲਦੀ-ਪਿਆਜ਼।
- ਅੰਤਰ-ਫ਼ਸਲੀਕਰਨ ਜਿਸ ਵਿਚ ਇਕ ਕਤਾਰ ਵਿਚ ਚਾਰੇ ਵਜੋਂ ਮੱਕੀ ਜਾਂ ਰਵਾਂਹ ਅਤੇ ਗਰਮ ਰੁੱਤ ਦੀ ਮੂੰਗ ਨੂੰ ਬੀ ਟੀ ਨਰਮੇ ਵਿੱਚ ਬੀਜਣ ਦੀ ਸਿਫ਼ਾਰਿਸ਼ ਕੀਤੀ ਗਈ । ਕਤਾਰ ਤੋਂ ਕਤਾਰ ਦੀ ਵਿੱਥ 67.5 ਸੈ.ਮੀ. ਹੋਣੀ ਚਾਹੀਦੀ ਹੈ । ਮੱਕੀ ਅਤੇ ਰਵਾਂਹ ਨੂੰ ਬਿਜਾਈ ਤੋਂ 45-55 ਦਿਨਾਂ ਬਾਅਦ ਚਾਰੇ ਵਜੋਂ ਵੱਢਿਆ ਜਾ ਸਕਦਾ ਹੈ ।
- ਇਕ ਕਤਾਰ ਵਿੱਚ ਰਵਾਂਹ, ਮੱਕੀ ਜਾਂ ਟੀਓਸਿੰਨਟ ਨੂੰ ਚਾਰੇ ਵਜੋਂ ਅਤੇ ਫ਼ਲੀਆਂ ਲਈ ਮੂੰਗਫਲੀ ਨੂੰ ਮੱਕੀ ਵਿੱਚ ਬੀਜਣ ਦੀ ਸਿਫ਼ਾਰਿਸ਼ ਕੀਤੀ ਗਈ, ਜਿਸ ਵਿੱਚ ਕਤਾਰ ਤੋਂ ਕਤਾਰ ਦੀ ਵਿੱਥ 60 ਸੈ.ਮੀ. ਹੋਣੀ ਚਾਹੀਦੀ ਹੈ । ਰਵਾਂਹ, ਮੱਕੀ ਅਤੇ ਟੀਓਸਿਨਟ ਦੀ ਚਾਰੇ ਨੂੰ ਬਿਜਾਈ ਦੇ 45-55 ਦਿਨਾਂ ਬਾਅਦ ਵੱਢਿਆ ਜਾ ਸਕਦਾ ਹੈ ।
- ਮੂੰਗਬੀਨ ਦੀ ਬਿਜਾਈ ਜੁਲਾਈ ਦੇ ਦੂਜੇ ਪੰਦਰਵਾੜੇ ਦੌਰਾਨ ਕਰਨ ਦੀ ਸਿਫ਼ਾਰਿਸ਼ ਕੀਤੀ ਗਈ ਤਾਂ ਜੋ ਵਧੇਰੇ ਝਾੜ ਹਾਸਲ ਹੋ ਸਕੇ ।
- ਬਹੁਤੀ ਵਾਰ ਵੱਢੀ ਜਾਣ ਵਾਲੀ ਜਵੀਂ ਵਿੱਚ 30 ਕਿੱਲੋ ਐਨ/ਏਕੜ (66 ਕਿਲੋ ਯੂਰੀਆ) ਨੂੰ ਪਹਿਲੀ ਵਾਢੀ ਤੱਕ ਦੋ ਵਾਰੀਆਂ ਵਿੱਚ ਪਾਓ । ਜਿਸ ਵਿੱਚ ਅੱਧੀ ਐਨ ਬਿਜਾਈ ਵੇਲੇ ਅਤੇ ਰਹਿੰਦੀ ਅੱਧੀ ਐਨ ਬਿਜਾਈ ਤੋਂ 30 ਦਿਨਾਂ ਬਾਅਦ ਪਾਓ । ਦੂਜੀ ਵਾਢੀ ਵੇਲੇ 20 ਕਿਲੋ ਐਨ/ਏਕੜ (44 ਕਿਲੋ ਯੂਰੀਆ) ਪਾਓ।
- ਬਿਜਾਈ ਵੇਲੇ ਬਾਇਓਜ਼ਾਈਮ 8 ਕਿਲੋ/ਏਕੜ ਅਤੇ ਦੁਬਾਰਾ ਪੁਟਾਈ ਸਮੇਂ @200 ਮਿ.ਲੀ/ਏਕੜ ਪੱਤਿਆਂ ਤੇ ਛਿੜਕਾਅ ਕਰਨ ਨਾਲ ਆਲੂਆਂ ਦੇ ਉਤਪਾਦਨ ਵਿੱਚ ਵਾਧਾ ਹੁੰਦਾ ਹੈ ।
- ਕਰੇਲੇ ਦੇ ਬੀਜਾਂ ਦੀ ਪੁੰਗਰਣ ਸਮਰਥਾ ਵਧਾਉਣ ਲਈ ਇਸਦੇ ਬੀਜਾਂ ਨੂੰ 24 ਘੰਟਿਆਂ ਲਈ ਪੋਟਾਸ਼ੀਅਮ ਡੀਹਾਈਡ੍ਰੋਜਨ ਆਰਥੋਫਾਸਫੇਟ 10-1 ਐਮ (13.6 ਗ੍ਰਾਮ/ਲਿਟਰ ਪਾਣੀ) ਵਿੱਚ ਭਿਉਂ ਕੇ ਰੱਖੋ ਅਤੇ ਫਿਰ ਇਹਨਾਂ ਨੂੰ ਨਮੀ ਵਾਲੀਆਂ ਬੋਰੀਆਂ ਵਿੱਚ ਰੱਖੋ ।
- ਹਲਦੀ ਵਿੱਚ ਐਫ ਵਾਈ ਐਮ @5 ਟਨ/ਏਕੜ ਦਾ ਛਿੜਕਾਅ ਬਿਜਾਈ ਤੋਂ ਪਹਿਲਾਂ ਅਤੇ 25 ਕਿਲੋ ਐਨ/ਏਕੜ ਦਾ ਛਿੜਕਾਅ ਬਿਜਾਈ ਦੇ 75 ਅਤੇ 100 ਦਿਨਾਂ ਬਾਅਦ ਦੋ ਵਾਰੀਆਂ ਵਿੱਚ ਕਰੋ ।
- 'ਓਮਰਾਨ' ਬੇਰ ਦੇ ਫ਼ਲ ਦੇ ਡਿੱਗਣ ਵਿੱਚ ਕਮੀ ਆਉਂਦੀ ਹੈ ਜੇਕਰ 15 ਗ੍ਰਾਮ ਐਨ ਏ ਏ (ਨੇਪਥਾਲੀਨ ਐਕਟਿਕ ਐਸਿਡ) ਨੂੰ 500 ਲਿਟਰ ਪਾਣੀ ਵਿੱਚ ਘੋਲ ਕੇ ਦੋ ਵਾਰੀ ਛਿੜਕਾਅ ਕੀਤਾ ਜਾਵੇ ਜਿਸਦਾ ਪਹਿਲਾ ਛਿੜਕਾਅ ਅਕਤੂਬਰ ਦੇ ਦੂਜੇ ਪੰਦਰਵਾੜੇ ਅਤੇ ਦੂਜਾ ਛਿੜਕਾਅ ਨਵੰਬਰ ਦੇ ਦੂਜੇ ਪੰਦਰਵਾੜੇ ਦੌਰਾਨ ਕਰਨਾ ਚਾਹੀਦਾ ਹੈ ।
- ਅਮਰੂਦ ਦੇ ਪੁਰਾਣੇ ਬੂਟਿਆਂ (15 ਸਾਲ ਪੁਰਾਣੇ) ਨੂੰ ਮੁੜ ਤੋਂ ਤਰੋ ਤਾਜ਼ਾ ਕੀਤਾ ਜਾ ਸਕਦਾ ਹੈ ਜੇਕਰ ਮਾਰਚ ਦੇ ਮਹੀਨੇ ਦੌਰਾਨ 2-3 ਮੁਢਲੀਆਂ ਸ਼ਾਖਾਵਾਂ ਛੱਡ ਕੇ ਬਾਕੀ ਦੇ ਬੂਟੇ ਨੂੰ ਜ਼ਮੀਨ ਤੋਂ 1.5 ਮੀਟ ਦੀ ਉਚਾਈ ਤੋਂ ਉਪਰੋਂ ਵੱਢ ਦੇਈਏ ਅਤੇ ਵੱਢੇ ਹੋਏ ਸਿਰਿਆਂ ਤੇ ਬੋਰਡੀਐਕਸ ਲਗਾ ਦੇਈਏ । ਅਗਸਤ ਦੇ ਮਹੀਨੇ ਦੌਰਾਨ ਸੰਘਣੀਆਂ ਟਾਹਣੀਆਂ ਨੂੰ ਹਲਕਾ ਕਰ ਦੇਈਏ ਅਤੇ ਨਵੀਆਂ ਫੁੱਟੀਆਂ ਸ਼ਾਖਾਵਾਂ ਦੇ 50 ਪ੍ਰਤੀਸ਼ਤ ਹਿੱਸੇ ਨੂੰ ਸਿਰੇ ਤੋਂ ਛਾਂਗ ਦੇਈਏ । ਇਸ ਨਾਲ ਬੂਟਿਆਂ ਨੂੰ ਫੁੱਲ ਪੈਣ ਲੱਗਣਗੇ ਅਤੇ ਸਰਦ ਰੁੱਤ ਦਾ ਫ਼ਲ ਹਾਸਲ ਹੋ ਸਕੇਗਾ ।
- ਅੰਬ ਦੇ ਪੁਰਾਣੇ ਦਰਖਤਾਂ (30 ਸਾਲ ਪੁਰਾਣੇ) ਨੂੰ ਮੁੜ ਤੋਂ ਤਰੋ ਤਾਜ਼ਾ ਕਰਨ ਲਈ ਜਨਵਰੀ ਦੇ ਪਹਿਲੇ ਹਫ਼ਤੇ ਦੌਰਾਨ ਬਾਹਰ ਨੂੰ ਨਿਕਲੀਆਂ ਚਾਰ ਜਾਂ ਪੰਜ ਟਾਹਣੀਆਂ ਨੂੰ ਛੱਡ ਕੇ 2 ਮੀਟਰ ਦੀ ਉਚਾਈ ਤੋਂ ਵੱਢੋ ਅਤੇ ਵੱਢੇ ਹੋਏ ਸਿਰਿਆਂ ਤੇ ਬੋਰਡੀਐਕਸ ਲਗਾਓ ਅਤੇ ਸ਼ਾਖਾਵਾਂ ਉੱਤੇ ਚਿੱਟਾ ਰੰਗ ਕਰੋ। ਜੂਨ ਦੇ ਮਹੀਨੇ ਵਿੱਚ ਹਰੇਕ ਮੁੱਢ ਤੇ ਪੁੰਗਰ ਰਹੀਆਂ 3-4 ਸ਼ਾਖਾਵਾਂ ਹੀ ਰੱਖੋ । ਤਰੋ-ਤਾਜ਼ਾ ਹੋਣ ਤੋਂ ਤਿੰਨ ਸਾਲ ਬਾਅਦ ਦਰਖ਼ਤਾਂ ਤੇ ਫ਼ਲ ਪੈਣ ਲੱਗ ਜਾਵੇਗਾ ।

## ਪੌਦ ਸੁਰੱਖਿਆ

ਪੌਦ ਸੁਰੱਖਿਆ ਦੇ ਖੇਤਰ ਵਿੱਚ ਖੋਜ ਦੀ ਵਿਸ਼ੇਸ਼ ਪ੍ਰਾਥਮਿਕਤਾ ਸੰਯੁਕਤ ਕੀਟ ਪ੍ਰਬੰਧਣ, ਰਸਾਇਣਾਂ, ਬਾਇਓ ਏਜੰਟਾਂ ਆਦਿ ਰਾਹੀਂ ਖੇਤਾਂ ਅਤੇ ਬਾਗਬਾਨੀ ਫ਼ਸਲਾਂ ਦੇ ਕੀੜਿਆਂ-ਮਕੌੜਿਆਂ ਅਤੇ ਬਿਮਾਰੀਆਂ ਦੀ ਰੋਕਥਾਮ ਕਰਨ ਵਿੱਚ ਰਹੀ । ਵੱਖੋ ਵੱਖ ਕੀੜਿਆਂ-ਮਕੌੜਿਆਂ ਬਿਮਾਰੀਆਂ ਅਤੇ ਨਦੀਨਾਂ ਦੀ ਰੋਕਥਾਮ ਲਈ ਹੇਠ ਲਿਖੀਆਂ ਸਿਫ਼ਾਰਿਸ਼ਾਂ ਕੀਤੀਆਂ ਗਈਆਂ :

### ਖੇਤ ਫ਼ਸਲਾਂ

- ਮੱਕੀ ਦੇ ਤਣੇ ਦੇ ਗੜੂੰਏ ਦੀ ਰੋਕਥਾਮ ਲਈ ਟ੍ਰਾਈਕੋਗਰਾਮਾ ਚਿਲੋਨਿਸ ਦੀ ਵਰਤੋਂ ਰਾਹੀਂ ਬਾਇਓਲੋਜੀਕਲ ਰੋਕਥਾਮ ।

- ਜੈਵਿਕ ਬਾਸਮਤੀ ਚੌਲਾਂ ਵਿੱਚ ਪੀਲੇ ਤਣੇ ਗੜੂੰਏ ਅਤੇ ਪੱਤਾ ਲਪੇਟ ਦੀ ਰੋਕਥਾਮ ਲਈ ਬਾਇਓ ਕੰਟਰੋਲ ਅਧਾਰਿਤ ਆਈ ਪੀ ਐਮ ਦੀ ਵਰਤੋਂ ਅਸਰਦਾਇਕ ਰਹੀ ।
- ਝੋਨੇ ਅਤੇ ਬਾਸਮਤੀ ਚੌਲਾਂ ਵਿੱਚ ਤਣੇ ਦੇ ਗੜੂੰਏ ਅਤੇ ਪੱਤਾ ਲਪੇਟ ਦੀ ਰੋਕਥਾਮ ਲਈ ਫੇਮ 480 ਐਸ ਸੀ (ਫਲਿਊਬੈਂਡੀਆਮਾਈਡ) @ 20 ਮਿਲੀ./ਏਕੜ ਦੀ ਵਰਤੋਂ ਅਸਰਦਾਇਕ ਰਹੀ ।
- ਝੋਨੇ ਵਿੱਚ ਤਣੇ ਦੇ ਗੜੂੰਏ ਅਤੇ ਪੱਤਾ ਲਪੇਟ ਦੀ ਰੋਕਥਾਮ ਲਈ ਮਾਰਕਟ੍ਰਾਇਜ਼ੋ 40 ਈ ਸੀ (ਟ੍ਰਾਈਏਜ਼ੋਫੋਸ) @ 350 ਮਿਲੀ./ਏਕੜ ਦਾ ਛਿੜਕਾਅ ਅਸਰਦਾਇਕ ਰਿਹਾ ।
- ਨਰਮੇ ਵਿੱਚ ਚਿੱਟੀ ਮੱਖੀ ਦੀ ਰੋਕਥਾਮ ਲਈ ਮਾਰਕਟ੍ਰਾਈਏਜ਼ੋ 40 ਈ ਸੀ (ਟ੍ਰਾਈਏਜ਼ੋਫੋਸ) @ 600 ਮਿਲੀ./ਏਕੜ ਦਾ ਛਿੜਕਾਅ ਅਸਰਦਾਇਕ ਰਿਹਾ ।
- ਝੋਨੇ ਵਿਚ ਸ਼ੀਥ ਝੁਲਸ ਰੋਗ ਅਤੇ ਭੂਰੇ ਧੱਬਿਆਂ ਦੀ ਰੋਕਥਾਮ ਲਈ ਨਾਟੀਵੋ 70 ਡਬਲਯੂ ਪੀ (ਟ੍ਰਾਈਫਲੋਕਸੀ/ਸਟ੍ਰੋਬਿਨ+ਟੈਬੂਕੋਨਾਜ਼ੋਲ) @ 80 ਗ੍ਰਾਮ/ਏਕੜ ਦਾ ਛਿੜਕਾਅ ਅਸਰਦਾਇਕ ਰਿਹਾ ।
- ਅਰਹਰ ਵਿੱਚ ਫਲੀਆਂ ਦੇ ਧੱਬੇਦਾਰ ਗੜੂੰਏ ਦੀ ਰੋਕਥਾਮ ਲਈ ਇੰਡੋਕਸਾਕਾਰਬ 14.5 ਐਸ ਸੀ @ 200 ਮਿ.ਲੀ. ਜਾਂ ਸਪਿਨੋਸੇਡ 45 ਐਸ ਸੀ @ 60 ਮਿ ਲੀ./ਏਕੜ ਦਾ ਛਿੜਕਾਅ ਫੁੱਲ ਪੈਣ ਮੌਕੇ ਕਰੋ ।
- ਝੋਨੇ ਵਿੱਚ ਸ਼ੀਥ ਝੁਲਸ ਰੋਗ ਦੀ ਰੋਕਥਾਮ ਲਈ ਬੰਪਰ 25 ਈ ਸੀ (ਪ੍ਰੋਪੀਕੋਨੇਜ਼ੋਲ) ਅਤੇ ਓਰੀਅਸ 25.9 ਈ ਸੀ (ਟੈਬੂਕੋਨਾਜ਼ੋਲ) @ 200 ਮਿ ਲੀ./ਏਕੜ ਦਾ ਛਿੜਕਾਅ ਕਰੋ ।
- ਸੋਇਆਬੀਨ ਵਿੱਚ ਰਲੇ ਮਿਲੇ ਨਦੀਨਾਂ, ਜਿਨ੍ਹਾਂ ਵਿੱਚ ਘਾਹ ਅਤੇ ਚੌੜੇ ਪੱਤੇ ਵਾਲੇ ਨਦੀਨ ਵੀ ਸ਼ਾਮਲ ਹਨ, ਦੀ ਰੋਕਥਾਮ ਲਈ ਉਨ੍ਹਾਂ ਦੇ ਉੱਗਣ ਉਪਰੰਤ ਪੈਰੀਮੇਜ਼ 10 ਐਸ ਐਲ (ਇਮੇਜ਼ਥੇਪਿਰ) @ 180 ਮਿ.ਲੀ/ਹੈਕਟੇਅਰ ਦਾ ਛਿੜਕਾਅ ਵਧੇਰੇ ਅਸਰਦਾਇਕ ਰਿਹਾ ।
- ਕਣਕ ਵਿੱਚ ਫੈਲੇਰਿਸ ਮਾਈਨਰ ਦੀ ਰੋਕਥਾਮ ਲਈ ਪੈਂਡੀਮੀਥੇਲਿਨ (ਪੀਂਡਾ 30 ਈ ਸੀ @ ਇਕ ਲਿਟਰ/ਏਕੜ, ਮਾਰਕਪੀਂਡੀ 30 ਈ ਸੀ @ ਇਕ ਲਿਟਰ/ਏਕੜ) ਅਤੇ ਕਲੋਡਿਨਾਫੋਪ (ਮਾਰਕਲੋਡਿਨਾ 15 ਡਬਲਯੂ ਪੀ @ 160 ਗ੍ਰਾਮ/ਏਕੜ, ਕੋਲੰਬਸ 15 ਡਬਲਯੂ ਪੀ @ 160 ਗ੍ਰਾਮ/ਏਕੜ ਅਤੇ ਪੀ ਮਾਈਨਰ ਅਤੇ ਚੋੜੇ ਪੱਤਿਆਂ ਵਾਲੇ ਨਦੀਨਾਂ ਦੀ ਰੋਕਥਾਮ ਲਈ ਸੁਲਫੋਸੁਲਫਰੋਨ+ਮੈਟਸੁਲਫਰੋਨ (ਮਾਰਕਪਾਵਰ 75 ਡਬਲਯੂ ਜੀ @ 16 ਗ੍ਰਾਮ/ਏਕੜ) ਦਾ ਛਿੜਕਾਅ ਵਧੇਰੇ ਅਸਰਦਾਇਕ ਰਿਹਾ ।

## ਸਬਜ਼ੀਆਂ ਦੀਆਂ ਫ਼ਸਲਾਂ

- ਆਲੂ ਵਿੱਚ ਨਦੀਨਾਂ ਦੀ ਰੋਕਥਾਮ ਲਈ ਝੋਨੇ ਦੀ ਪਰਾਲੀ ਦੀ ਮਲਚ @ 2.5 ਟਨ/ਏਕੜ ਦੀ ਵਰਤੋਂ ਕਰੋ ।
- ਟਮਾਟਰਾਂ ਦੇ ਫ਼ਲ ਦੇ ਗੜੂੰਏ ਦੀ ਰੋਕਥਾਮ ਲਈ ਇੰਡੋਕਸਾਕਾਰਬ 14.5 ਐਸ ਸੀ @200 ਮਿ.ਲੀ/ਏਕੜ ਦਾ ਛਿੜਕਾਅ ਵਧੇਰੇ ਅਸਰਦਾਇਕ ਰਿਹਾ ।
- ਜੈਵਿਕ ਹਲਦੀ ਵਿੱਚ ਨਦੀਨਾਂ ਦੀ ਰੋਕਥਾਮ ਲਈ ਲੋੜ ਪੈਣ ਤੇ ਬਿਜਾਈ ਸਮੇਂ ਝੋਨੇ ਦੀ ਪਰਾਲੀ ਦੀ ਮਲਚ 100 ਕੁਇੰਟਲ/ਹੈਕਟੇਅਰ ਵਿਛਾਓ ਅਤੇ ਬਿਜਾਈ ਦੇ ਤਿੰਨ ਮਹੀਨਿਆਂ ਉਪਰੰਤ ਨਦੀਨ ਕੱਢਣੇ ਅਸਰਦਾਇਕ ਰਹਿੰਦੇ ਹਨ । ਲੇਕਿਨ ਜੇਕਰ ਪਰਾਲੀ ਦੀ ਮਲਚ ਨਹੀਂ ਵਿਛਾਈ ਤਾਂ ਬਿਜਾਈ ਉਪਰੰਤ ਪਹਿਲੇ, ਦੂਜੇ ਅਤੇ ਤੀਜੇ ਮਹੀਨੇ ਨਦੀਨ ਕੱਢਣ ਦੀ ਲੋੜ ਹੈ ।
- ਇਨ੍ਹਾਂ ਤੋਂ ਇਲਾਵਾ ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਪੌਦ ਸੁਰੱਖਿਆ ਨਾਲ ਸੰਬੰਧਤ ਕੀਤੀਆਂ ਖੋਜਾਂ ਤੋਂ ਨਿਕਲੇ ਸਿੱਟਿਆ ਦਾ ਵੇਰਵਾ ਇਸ ਪ੍ਰਕਾਰ ਹੈ :
- ਚਿੱਟੀ ਮੱਖੀ ਵਿੱਚ ਜੁਵੀਨਾਈਲ ਹਾਰਮੋਨ ਐਸਟੀਰੇਸ ਅਤੇ ਵਾਟੀਲੋਜੀਨਿਨ ਜੀਨ ਨੂੰ ਰੋਕਿਆ ਗਿਆ ਅਤੇ ਇਸ ਨਾਲ ਕੰਟਰੋਲ ਦੇ ਮੁਕਾਬਲਤਨ ਡੀ ਐਸ ਆਰ ਐਨ ਏ (2.5 µg/µl) ਦੀ ਸੰਘਣਤਾ ਤੇ ਚਿੱਟੀ ਮੱਖੀ ਦੇ ਬਚੇ ਰਹਿਣ ਦੇ ਪੱਧਰ ਵਿੱਚ ਗਿਰਾਵਟ ਆਈ ।
- ਵੱਖੋ ਵੱਖ ਵਸਤਾਂ ਦੇ ਫਲਿਓਪਾਈਰਮ, ਔਕਸਾਡਾਈਐਰੀਜ਼ਿਲ, ਮੈਟ੍ਰੀਬਿਊਜ਼ਿਨ, ਇਪਕੋਨੇਜ਼ੋਲ, ਪੈਨਫਲਿਊਫਿਨ ਅਤੇ ਟ੍ਰਾਈਫਲਾਸਕੀਸਟ੍ਰੋਬਿਨ ਰਹਿੰਦ-ਖੂੰਹਦ ਦਾ ਅਨੁਮਾਨ ਲਾਉਣ ਲਈ ਸਧਾਰਨ, ਸੰਵੇਦਨਸ਼ੀਲ ਅਤੇ ਘੱਟ ਲਾਗਤ ਵਾਲੇ ਵਿਸ਼ਲੇਸ਼ਣਮਈ ਢੰਗ ਤਰੀਕਿਆਂ ਦਾ ਮਿਆਰੀਕਰਨ ਕੀਤਾ ਗਿਆ । ਵੱਖੋ ਵੱਖ ਭੋਜਨ ਵਸਤਾਂ ਦੇ 744 ਨਮੂਨਿਆਂ ਦਾ ਵਿਸ਼ਲੇਸ਼ਣ ਕੀਤਾ ਗਿਆ, ਜਿਨ੍ਹਾਂ ਵਿੱਚੋਂ ਸਬਜ਼ੀਆਂ ਦੇ 35 ਨਮੂਨੇ ਆਮ ਵਰਤੇ ਜਾਂਦੇ ਕੀਟ ਨਾਸ਼ਕਾਂ ਨਾਲ ਦੂਸ਼ਿਤ ਪਾਏ ਗਏ ਅਤੇ 9 ਨਮੂਨਿਆਂ ਦੇ ਮੋਨੋਕ੍ਰੋਟੋਫੋਸ, ਡੈਲਟਾਮੈਥਰਿਨ, ਸਾਈਪਰਮੈਥਰਿਨ, ਇੰਡੋਕਸਾਕਾਰਬ ਅਤੇ ਕਲੋਰਪਾਇਰੀਫੋਸ ਆਪਣੀ ਵੱਧੋ ਵੱਧ ਰਹਿੰਦ ਖੂੰਹਦ ਸੀਮਾਵਾਂ (ਐਮ ਆਰ ਐਲ) ਤੋਂ ਵੱਧ ਪਾਏ ਗਏ ।
- ਝੋਨੇ ਵਿੱਚ ਆਈ ਪੀ ਐਮ ਤਕਨਾਲੋਜੀ ਅਪਨਾਉਣ ਨਾਲ ਬਿਨਾਂ ਆਈ ਪੀ ਐਮ ਵਾਲੇ ਖੇਤਾਂ ਦੇ ਮੁਕਾਬਲਤਨ ਕੀਟਨਾਸ਼ਕਾਂ ਦੇ ਛਿੜਕਾਅ ਵਿੱਚ 28 ਪ੍ਰਤੀਸ਼ਤ ਦੀ ਕਮੀ ਆਈ ।
- ਭੋਜਨ ਦੀ ਵਰਤੋਂ ਵਿੱਚ ਘੱਟੋ ਘੱਟ ਤਾਪਮਾਨ ਦੇ ਵਾਧੇ ਦੇ ਪ੍ਰਭਾਵ ਅਤੇ ਇਜਪਸ਼ੀਅਨ ਕਲੋਵਲ ਉੱਤੇ ਐਚ ਅਰਮੀਗੇਰਾ ਦੇ ਲਾਰਵੇ ਦੀ ਮਿਆਦ, ਗੋਭੀ ਜਾਤੀ ਦੀਆਂ ਫ਼ਸਲਾਂ ਨੂੰ ਦੂਸ਼ਿਤ ਕਰਨ ਵਾਲੇ ਪਾਈਰਿਸ ਬਰਾਸਿਕਾ ਅਤੇ ਸਪੋਡੋਪਟੀਰਾ ਦੀ ਬਾਇਓਲੋਜੀ, ਬੀ ਜੀ II ਨਰਮਾ ਉੱਤੇ ਜੈਸਿਡ ਦਾ ਵਿਕਾਸ ਅਤੇ ਝੋਨੇ ਦੇ ਟਿੱਡੇ ਦੀ ਬਾਇਓਲੋਜੀ ਅਤੇ ਫਿਜ਼ਿਆਲੋਜੀ ਦਾ ਅਧਿਐਨ ਕੀਤਾ ਗਿਆ ।
- ਬੈਂਗਣ ਵਿਚਲੇ ਟੀ ਯੂਰਟੀਕੇਅ ਲਈ ਫਿਨਾਜ਼ਾਕੁਇਨ ਵਿੱਚ ਵੱਧ ਤੋਂ ਵੱਧ ਪ੍ਰਤਿਰੋਧਿਕਤਾ ਦਰ (4.95-ਫੋਲਡ) ਪਾਈ ਗਈ ਅਤੇ ਇਸ ਤੋਂ ਬਾਅਦ ਇਹ ਦਰ ਪ੍ਰੋਪਰਗਾਈਟ (2.98-

ਫੋਲਡ) ਵਿੱਚ ਪਾਈ ਗਈ ਜਦੋਂ ਕਿ ਸਪਾਇਰੋਮੈਸੀਫਿਨ ਵਿੱਚ ਇਹ ਦਰ ਸਭ ਤੋਂ ਘੱਟ (0.74-ਫੋਲਡ) ਪਾਈ ਗਈ । ਨੈੱਟ ਹਾਊਸ ਹਾਲਤਾਂ ਅਧੀਨ ਫਾਈਟੋਸੀਡ ਜੂੰ ਨੀਓਸੀਲੀਅਸ ਲੌਂਗੀਸਪਿਨੋਸਸ ਨੂੰ @ 15 ਜੂੰਆਂ/ਪੌਦਾ ਛੱਡਣ ਨਾਲ ਫਲੀਆਂ ਦੀਆਂ ਸਪਾਈਡਰ ਜੂੰਆਂ ਦੀ ਗਿਣਤੀ ਵਿੱਚ ਕਾਫ਼ੀ ਗਿਰਾਵਟ ਵੇਖਣ ਨੂੰ ਮਿਲੀ ।

- ਬਾਇਓਸਿਸਟੇਮੈਟਿਕ ਖੋਜ ਅਧੀਨ, ਲੈਪਿਡਓਪਟੀਰਾ ਦੇ ਦੋ ਪਰਿਵਾਰਾਂ ਦੀਆਂ 29 ਪ੍ਰਜਾਤੀਆਂ ਦੀ ਮਾਰਫਾਲੋਜੀਕਲ ਵਿਸ਼ੇਸ਼ਤਾ ਅਤੇ ਟੈਕਸੋਨੋਮਿਕ ਅਧਿਐਨ ਕੀਤੇ ਗਏ । ਸੀਰਮਬਾਇਸਿਡ ਬੀਟਲਜ਼ ਦੇ 63 ਨਮੂਨਿਆਂ ਵਿੱਚੋਂ 20 ਨਮੂਨਿਆਂ ਦੀ ਡੀ ਐਨ ਏ ਬਾਰਕੋਡਿੰਗ ਕੀਤੀ ਗਈ ।

## ਫੂਡ ਸਾਇੰਸ ਅਤੇ ਤਕਨਾਲੋਜੀ

- ਮੱਕੀ, ਮੂੰਗਬੀਨ ਅਤੇ ਪਰਲ ਬਾਜਰੇ ਤੋਂ ਸਨੈਕਜ਼ ਅਤੇ ਦਲੀਆ ਤਿਆਰ ਕੀਤੇ ਗਏ । ਤਿਆਰ ਕੀਤੇ ਗਏ ਉਤਪਾਦਾਂ ਵਿੱਚ ਭੂਰੇ ਚੌਲਾਂ ਅਤੇ ਮਲਟੀਗ੍ਰੇਨ ਤੋਂ ਪਾਸਤਾ, ਲੇਸ ਰਹਿਤ ਡਬਲਰੋਟੀ ਦੀਆ ਫਾਰਮੂਲੇਸ਼ਨਜ਼, ਮੱਕੀ ਦੀਆਂ ਰੋਟੀਆਂ ਅਤੇ ਕਿੰਨੋ ਦੇ ਗੁੱਦੇ ਅਤੇ ਛਿਲਕੇ ਤੋਂ ਤਿਆਰ ਕੀਤੇ ਸਿਹਤਵਰਧਕ ਅਨਾਜ ਸ਼ਾਮਲ ਹਨ ।
- ਆਲੂ ਦੇ ਉਤਪਾਦ ਜਿਵੇਂ ਕਿ ਆਲੂ ਵੜੀ, ਪਾਪੜ, ਆਲੂ ਭੁਜੀਆ, ਚੱਕਲੀ, ਮੱਕੀ-ਆਲੂ ਦੇ ਚਿਪਸ ਅਤੇ ਤਲਣ ਵਾਸਤੇ ਤਿਆਰ ਬਰ ਤਿਆਰ ਆਲੂ ਦੇ ਫਰੀਜ਼ ਕੀਤੇ ਸਨੈਕਜ਼ ਅਤੇ ਦਰਮਿਆਨੀ ਅਤੇ ਉੱਚ ਮਾਤਰਾ ਖੰਡ ਪੱਧਰ ਵਾਲੇ ਆਲੂਆਂ ਤੋਂ ਪ੍ਰੀ-ਮਿਕਸਿਜ਼ ਤਿਆਰ ਕੀਤੇ ਗਏ । ਤਲਣ ਲਈ ਤਿਆਰ ਬਰ ਤਿਆਰ ਆਲੂਆਂ ਦੇ ਸਨੈਕਜ਼ ਲਈ ਪ੍ਰੀਮਿਕਸ ਤਿਆਰ ਕਰਨ ਦੀ ਤਕਨਾਲੋਜੀ ਵਾਈਟ ਗੋਲਡ ਫੂਡ ਪ੍ਰੋਸੈਸਿੰਗ ਪ੍ਰਾਈਵੇਟ ਲਿਮਟਿਡ ਜਲੰਧਰ ਨੂੰ ਦਿੱਤੀ ਗਈ।

## ਕਟਾਈ ਉਪਰੰਤ ਤਕਨਾਲੋਜੀਆਂ

- ਸ਼ਿਮਲਾ ਮਿਰਚ ਦੇ ਫ਼ਲ ਨੂੰ ਪੇਪਰ ਦੀਆਂ ਮੋਲਡ ਕੀਤੀਆਂ ਟਰ੍ਹੇਆਂ ਵਿੱਚ ਰੱਖਣ ਉਪਰੰਤ ਉਪਰੋਂ ਤਪਸ਼ ਨਾਲ ਸੁੰਗੜਣ ਵਾਲੀ ਫਿਲਮ ਜਾਂ ਕਲਿੰਗ ਫਿਲਮ ਨਾਲ ਲਪੇਟਣ ਨਾਲ ਬਿਨਾਂ ਡੱਬਾਬੰਦ ਕੀਤੇ ਉਤਪਾਦ ਵਿਚਲੇ ਕ੍ਰਮਵਾਰ 5 ਅਤੇ 2 ਦਿਨਾਂ ਦੇ ਮੁਕਾਬਲਤਨ 10 ਅਤੇ 7 ਦਿਨਾਂ ਲਈ ਵਰਤੋ ਯੋਗ ਮਿਆਦ ਵਿੱਚ ਵਾਧਾ ਹੁੰਦਾ ਹੈ, ਗੁਣਵਤਾ ਕਾਇਮ ਰਹਿੰਦੀ ਹੈ ਅਤੇ ਉਪਭੋਗਤਾ ਲਈ ਖਿੱਚ ਦਾ ਕੇਂਦਰ ਬਣਦੇ ਹਨ । ਇਸ ਨਾਲ ਪ੍ਰਚੂਨ ਮੰਡੀਕਰਨ ਦੌਰਾਨ ਸ਼ਿਮਲਾ ਮਿਰਚ ਦੀ ਤੁੜਾਈ ਉਪਰੰਤ ਨੁਕਸਾਨ ਵੀ ਘਟਦਾ ਹੈ ।
- ਸਰਦ ਰੁੱਤ ਦੇ ਟਮਾਟਰਾਂ ਨੂੰ ਪਲਾਸਟਿਕ ਦੀਆਂ ਟੋਕਰੀਆਂ ਵਿੱਚ ਆਲੇ ਦੁਆਲੇ ਅਖ਼ਬਾਰ ਵਿਛਾ ਕੇ ਰੱਖਣ ਨਾਲ ਇਹ ਹਵਾਦਾਰ ਪੋਲੀਹਾਊਸ ਹਾਲਤਾਂ ਜਾ ਪਕਾਉਣ ਵਾਲੇ ਚੈਂਬਰ ($20^0$C ਤਾਪਮਾਨ ਅਤੇ 85-90 ਪ੍ਰਤੀਸ਼ਤ ਆਰ ਐਚ) ਵਿੱਚ 7-10 ਦਿਨਾਂ ਵਿਚ ਪੱਕ ਜਾਂਦੇ ਹਨ । ਪੱਕਣ ਦੌਰਾਨ ਫ਼ਲ ਦੇ ਰੰਗ ਅਤੇ ਗੁਣਵਤਾ ਵਿਚ ਇਕਸਾਰਤਾ ਆ ਜਾਂਦੀ ਹੈ।
- ਕਲੈਵੀਸਪੋਰਾ ਲਿਉਸਿਟੇਨੇ ਖਮੀਰ ਤੋਂ ਤਿਆਰ ਕੀਤੇ ਨਾਰਿੰਗੀਨੇਸ ਐਨਜ਼ਾਈਮ ($\alpha$-ਐਲ-ਰਹਿਮਨੋਸੀਡੇਸ ਅਤੇ $\beta$-ਡੀ-ਗਲੂਕੋਸੀਡੇਸ) ਦੀ ਵਰਤੋਂ ਰਾਹੀਂ ਕੁੜੱਤਣ ਰਹਿਤ ਨਿੰਬੂ ਜਾਤੀ ਦੇ ਜੂਸ ਅਤੇ ਪੇਅ ਪਦਾਰਥ ਤਿਆਰ ਕਰਨ ਦਾ ਬਾਇਓਪ੍ਰੋਸੈਸ ਵਿਕਸਿਤ ਕੀਤਾ ਗਿਆ ।
- ਅੰਗੂਰਾਂ (ਪਰਲੈੱਟ) ਤੋਂ 50 ਐਲ ਤੇ ਸਿਰਕਾ ਤਿਆਰ ਕਰਨ ਦੇ ਸਕੇਲਅੱਪ ਅਧਿਐਨ ਤੋਂ 27 ਦਿਨਾਂ ਵਿਚ ਤਿਆਰ ਹੋਇਆ ਸਿਰਕਾ ਜਿਸ ਦੀ ਵੋਲਾਟਾਈਲ ਐਸਿਡਟੀ 5.1 ਪ੍ਰਤੀਸ਼ਤ (w/v) ਅਤੇ ਰਿਕਵਰੀ 68 ਪ੍ਰਤੀਸ਼ਤ ਸਪਸ਼ਟ ਹੋਈ ।
- ਬਟਨ ਖੁੰਭਾਂ ਨੂੰ ਪ੍ਰੋਸੈੱਸ ਕਰਕੇ ਪੇਸਟ ਬਣਾਈ ਗਈ ਜਿਸ ਨੂੰ ਪਲਾਸਟਿਕ ਦੀਆਂ ਡੱਬੀਆਂ ਅਤੇ ਪੋਲੀਪ੍ਰੋਪੀਲਿਨ ਲਿਫ਼ਾਫ਼ਿਆਂ ਵਿੱਚ ਡੱਬਾਬੰਦ ਕੀਤਾ ਜਾ ਸਕਦਾ ਹੈ ।

## ਸਹਾਇਕ ਧੰਦੇ

### ਮਧੂ ਮੱਖੀ ਪਾਲਣ

- ਸੂਰਜਮੁਖੀ ਦੀ ਬਿਜਾਈ ਦੀ ਤਾਰੀਕ ਦਾ ਐਪਿਸ ਮੈਲੀਫਿਰਾ ਉੱਤੇ ਪ੍ਰਭਾਵ ਦੀ ਖੋਜ ਤੋਂ ਸਪਸ਼ਟ ਹੋਇਆ ਕਿ ਐਪਿਸ ਮੈਲੀਫਿਰਾ ਦਾ ਫ਼ਲਾਂ ਦਾ ਰਸ ਇਕੱਠਾ ਕਰਨ ਅਤੇ ਸ਼ਹਿਦ ਬਨਾਉਣ ਦੀ ਮਾਤਰਾ ਵਿਚ ਪਿਛੇਤੀ ਬੀਜੀ ਫ਼ਸਲ ਨਾਲੋਂ ਸਮੇਂ ਸਿਰ ਬੀਜੀ ਫ਼ਸਲ ਵਿੱਚ ਜ਼ਿਆਦਾ ਵਾਧਾ ਹੁੰਦਾ ਹੈ ।

### ਖੁੰਬਾਂ

- ਕਿੰਗ ਓਇਸਟਰ ਖੁੰਬ (ਪਲਿਊਰੋਟਸ ਐਰੀਨਜਿਲ) ਦੀ ਪੰਜਾਬ ਦੇ ਵਾਤਾਵਰਨਕ ਹਾਲਤਾਂ ਵਿਚ ਪਹਿਲੀ ਵਾਰ ਕਾਸ਼ਤ ਕੀਤੀ ਗਈ । ਏ ਵੀ ਟੀ 14-07 ਜੋ ਕਿ ਐਗਰੀਕਸ ਬਾਇਸਪੋਰਸ ਦਾ ਇਕ ਚਿੱਟਾ ਅਕਸੈਸ਼ਨ ਹੈ ਦਾ ਵੱਧ ਤੋਂ ਵੱਧ ਉਤਪਾਦਨ 20 ਕਿਲੋ/ਕੁਇੰਟਲ ਕੰਪੋਸਟ ਰਿਹਾ ।
- ਕੰਪੋਸਟ ਦੀ ਮੌਜੂਦਾ ਫਾਰਮੂਲੇਸ਼ਨ ਵਿੱਚ ਸੋਧ ਕੀਤੀ ਗਈ ਜਿਸਦੇ ਤਹਿਤ ਐਸ ਐਸ ਪੀ ਦੀ ਥਾਂ ਇਕ ਕਿਲੋ ਡੀ ਏ ਪੀ ਅਤੇ 2 ਕਿਲੋ ਯੂਰੀਆ ਪ੍ਰਤੀ 300 ਕਿਲੋ ਪਰਾਲੀ ਵਰਤਣ ਨਾਲ ਵੀ ਪਹਿਲੇ ਵਾਲਾ ਝਾੜ ਰਿਹਾ । ਨਾਰੀਅਲ ਦੇ ਰੇਸ਼ਿਆਂ ਅਤੇ ਐਫ ਵਾਈ ਐਮ+ਸੀ ਪੀ (3:1) ਦੇ ਮਿਸ਼ਰਣ ਨੂੰ ਮਿੱਟੀ ਵਿੱਚ ਰਲਾਉਣ ਨਾਲ 14-16 ਕਿਲੋ ਤਾਜ਼ੀਆਂ ਖੁੰਬਾਂ ਪ੍ਰਤੀ 100 ਕਿਲੋ ਕੰਪੋਸਟ ਹਾਸਲ ਹੋਈਆਂ ।

## ਖੇਤੀ ਇੰਜੀਨੀਅਰਿੰਗ

- ਯੂਨੀਵਰਸਿਟੀ ਵੱਲੋਂ ਖੇਤ ਮਸ਼ੀਨਰੀ, ਫੂਡ ਪ੍ਰੋਸੈਸਿੰਗ, ਭੂਮੀ ਅਤੇ ਪਾਣੀ ਇੰਜੀਨਅਰਿੰਗ, ਗੈਰ-ਰਵਾਇਤੀ ਊਰਜਾ ਸੋਮਿਆਂ ਆਦਿ ਦੇ ਵਿਕਾਸ ਵੱਲ ਧਿਆਨ ਦਿੱਤਾ ਜਾ ਰਿਹਾ ਹੈ । ਖੇਤ ਵਿਚਲੇ ਵੱਖੋ ਵੱਖ ਕਾਰਜਾਂ ਦਾ ਮਸ਼ੀਨੀਕਰਨ ਕਰਨ ਲਈ ਯੂਨੀਵਰਸਿਟੀ ਨੇ ਖੇਤ ਮਸ਼ੀਨਰੀ ਉਤਪਾਦਕਾਂ, ਐਗਰੋ ਪ੍ਰੋਸੈਸਿੰਗ ਉਦਯੋਗਾਂ ਨਾਲ ਜੁੜੇ ਉਦਮੀਆਂ ਅਤੇ ਕਿਸਾਨਾਂ ਨਾਲ ਵਧੀਆ ਰਾਬਤਾ ਕਾਇਮ ਕੀਤਾ ਹੋਇਆ ਹੈ । ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਯੂਨੀਵਰਸਿਟੀ ਵੱਲੋਂ ਡਿਜ਼ਾਈਨ

ਅਤੇ ਸਿਫ਼ਾਰਿਸ਼ ਕੀਤੀਆਂ ਤਕਨਾਲੋਜੀਆ ਦਾ ਵੇਰਵਾ ਇਸ ਪ੍ਰਕਾਰ ਹੈ :

- ਝੋਨੇ ਦੀ ਪਰਾਲੀ ਦੀ ਇਕਸਾਰ ਵੰਡ ਲਈ ਕੰਬਾਈਨ ਨਾਲ ਚਲਣ ਵਾਲਾ ਪਰਾਲੀ ਦੀ ਸਾਂਭ ਸੰਭਾਲ ਦਾ ਸਿਸਟਮ (ਐਸ ਐਮ ਐਸ) ਵਿਕਸਿਤ ਅਤੇ ਸਿਫ਼ਾਰਿਸ਼ ਕੀਤਾ ਗਿਆ ।
- ਪਿਆਜ਼, ਗਾਜਰ ਆਦਿ ਜਿਹੇ ਛੋਟੇ ਬੀਜਾਂ ਨੂੰ ਬੀਜਣ ਲਈ ਟਰੈਕਟਰ ਨਾਲ ਚਲਣ ਵਾਲਾ ਛੇ ਕਤਾਰੀ ਛੋਟਾ ਬੀਜ ਪਲਾਂਟਰ ਡਿਜ਼ਾਈਨ ਅਤੇ ਵਿਕਸਿਤ ਕੀਤਾ ਗਿਆ । ਇਸ ਮਸ਼ੀਨ ਦੀ ਖੇਤ ਵਿਚ ਚਲਣ ਦੀ ਸਮਰਥਾ 0.4 ਏਕੜ/ਘੰਟਾ ਹੈ । ਇਸ ਨਾਲ ਕੰਮ ਕਾਜ ਕਰਨ ਨਾਲ ਪਿਆਜ਼ ਦੀ ਕਾਸ਼ਤ ਦੇ ਰਵਾਇਤੀ ਢੰਗ ਤਰੀਕੇ ਨਾਲੋਂ 50 ਪ੍ਰਤੀਸ਼ਤ ਲਾਗਤ ਅਤੇ 81 ਪ੍ਰਤੀਸ਼ਤ ਮਜ਼ਦੂਰੀ ਦੀ ਬੱਚਤ ਹੁੰਦੀ ਹੈ ।
- ਟਰੈਕਟਰ ਨਾਲ ਚਲਣ ਵਾਲਾ ਛੇ ਕਤਾਰੀ ਲਸਣ ਪਲਾਂਟਰ ਵਿਕਸਿਤ ਕੀਤਾ ਗਿਆ ਜਿਸਦੀ ਕਤਾਰ ਤੋਂ ਕਤਾਰ ਦੀ ਵਿੱਥ 15 ਸੈ.ਮੀ. ਹੈ । ਇਸ ਮਸ਼ੀਨ ਦੀ ਖੇਤ ਵਿੱਚ ਕੰਮ ਕਰਨ ਦੀ ਸਮਰਥਾ 0.5 ਏਕੜ/ਘੰਟਾ ਹੈ । ਇਸ ਮਸ਼ੀਨ ਨਾਲ ਹੱਥੀਂ ਕੰਮ ਕਰਨ ਦੇ ਮੁਕਾਬਲਤਨ 82 ਪ੍ਰਤੀਸ਼ਤ ਮਜ਼ਦੂਰੀ ਅਤੇ 57 ਪ੍ਰਤੀਸ਼ਤ ਲਾਗਤ ਦੀ ਬੱਚਤ ਹੁੰਦੀ ਹੈ । ਇਹ ਮਸ਼ੀਨ ਬੀਜ ਦੀ ਨਾਪ ਤੋਲ ਵਿਚ ਸੁਧਾਰ ਲਿਆਉਣ ਲਈ ਸੋਧ ਅਧੀਨ ਹੈ ।
- ਟਰੈਕਟਰ ਰਾਹੀਂ ਖਾਦ ਵਿਛਾਉਣ ਵਾਲੀ ਮਸ਼ੀਨ ਤਿਆਰ ਕੀਤੀ ਗਈ । ਇਸ ਨਾਲ ਰਵਾਇਤੀ ਢੰਗ ਨਾਲ ਖਾਦ ਵਿਛਾਉਣ ਦੇ ਮੁਕਾਬਲਤਨ 82 ਪ੍ਰਤੀਸ਼ਤ ਮਜ਼ਦੂਰੀ ਦੀ ਬੱਚਤ ਹੁੰਦੀ ਹੈ । ਕਿਸਾਨਾਂ ਦੇ ਖੇਤਾਂ ਵਿਚ ਇਸ ਮਸ਼ੀਨ ਦੀ ਪਰਖ ਕੀਤੀ ਗਈ ਅਤੇ 7 ਏਕੜ ਰਕਬੇ ਵਿਚ ਖਾਦ ਵਿਛਾਈ ਗਈ।
- ਇਲੈਕਟ੍ਰੋਸਟੇਟਿਕ ਨੋਜ਼ਲ ਦੀ ਪਰਖ ਪੀ ਏ ਯੂ ਦੇ ਫਾਰਮ ਅਤੇ ਜ਼ਿਲ੍ਹਾ ਮਾਨਸਾ ਵਿੱਚ ਕਿਸਾਨਾਂ ਦੇ ਖੇਤਾਂ ਵਿਚ ਕੀਤੀ ਗਈ। ਵਿਕਸਿਤ ਕੀਤੀਆਂ ਅਤੇ ਅਯਾਤ ਕੀਤੀਆਂ ਇਲੈਕਟ੍ਰੋਸਟੇਟਿਕ ਨੋਜ਼ਲਾਂ ਦੀ ਕਾਰਗੁਜ਼ਾਰੀ ਵਧੀਆ ਰਹੀ, ਜਿਨ੍ਹਾਂ ਵਿੱਚੋਂ ਆਯਾਤ ਕੀਤੀ ਇਲੈਕਟ੍ਰੋਸਟੇਟਿਕ ਨੋਜ਼ਲ ਦਾ ਇਕਸਾਰ ਛਿੜਕਾਅ 1.10 ਰਿਹਾ ਜਦੋਂ ਕਿ ਵਿਕਸਿਤ ਕੀਤੀ ਇਲੈਕਟ੍ਰੋਸਟੇਟਿਕ ਨੋਜ਼ਲ ਵਿਚ ਇਸ ਦੀ ਦਰ 1.93 ਰਹੀ ।
- ਮੂੰਗਬੀਨ ਲਈ ਆਪਣੇ ਤੌਰ ਤੇ ਅੱਗੇ ਵਧਣ ਵਾਲੇ ਸਪਰਸ਼ੀ ਐਕਸੀਅਲ ਫਲੋਅ ਕੰਬਾਈਨ ਹਾਰਵੈਸਟਰ ਦਾ ਮੁਲਾਂਕਣ ਕੀਤਾ ਗਿਆ । ਮੂੰਗਬੀਨ ਫ਼ਸਲ ਦੀ ਕਟਾਈ ਸਪਰਸ਼ੀ ਐਕਸੀਅਲ ਫਲੋਅ ਕੰਬਾਈਨ ਹਾਰਵੈਸਟਰ ਨਾਲ ਪੱਤੇ ਝਾੜਣ ਉਪਰੰਤ ਕੀਤੀ ਗਈ । ਕੰਬਾਇਨ ਨੂੰ 1.5 ਕਿ.ਮੀ./ਘੰਟਾ ਦੀ ਰਫ਼ਤਾਰ ਨਾਲ ਚਲਾਇਆ ਗਿਆ ਅਤੇ ਸਿਲੰਡਰ ਗਤੀ 800 ਆਰਪੀਐਮ (18-91 m/s) ਰੱਖੀ ਗਈ । ਨੁਕਸਾਨ ਦੀ ਸੀਮਾ 4.2 ਤੋਂ 5.5 ਪ੍ਰਤੀਸ਼ਤ ਪਾਈ ਗਈ ।
- ਗਰੀਨਹਾਊਸ ਸਬਜ਼ੀਆਂ ਉਗਾਉਣ ਲਈ ਦੋ ਮੌਜੂਦਾ ਹਾਈਡ੍ਰੋਪੋਨਿਕ ਤਕਨਾਲੋਜੀਆਂ ਦੀਆਂ ਵਿਸ਼ੇਸ਼ਤਾਵਾਂ ਨੂੰ ਰਲਾ ਕੇ ਘੱਟ ਲਾਗਤ ਵਾਲੀ ਹਾਈਬ੍ਰਿਡ ਹਾਈਡ੍ਰੋਪੋਨਿਕ ਤਕਨਾਲੋਜੀ ਵਿਕਸਿਤ ਕੀਤੀ ਗਈ । ਗਮਲਾ ਅਧਾਰਿਤ ਇਸ ਤਕਨਾਲੋਜੀ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਜਿੱਥੇ ਇਸ ਨਾਲ ਖੀਰੇ ਅਤੇ ਟਮਾਟਰ ਦੇ ਝਾੜ ਵਿੱਚ ਪ੍ਰਤੀ ਪੌਦਾ ਲਗਭਗ 30 ਅਤੇ 20 ਪ੍ਰਤੀਸ਼ਤ ਦਾ ਵਾਧਾ ਹੋਇਆ ਉਥੇ ਰੀਸਰਕੂਲੇਸ਼ਨ ਸਿਸਟਮ ਰਾਹੀਂ ਪਾਣੀ ਅਤੇ ਪੌਸ਼ਟਿਕ ਤੱਤਾਂ ਦੀ ਸਪਲਾਈ ਨੂੰ ਵੀ ਮੁੜ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ । ਇਸ ਤਕਨਾਲੋਜੀ ਦੀ ਵਰਤੋਂ ਕਰਨ ਨਾਲ ਮੌਜੂਦਾ ਪੌਲੀਹਾਊਸ ਅਧਾਰਿਤ ਤੁਪਕਾ ਫਰਟੀਗੇਸ਼ਨ ਸਿਸਟਮ ਦੇ ਮੁਕਾਬਲਤਨ 80-90 ਪ੍ਰਤੀਸ਼ਤ ਪਾਣੀ ਅਤੇ 50-60 ਪ੍ਰਤੀਸ਼ਤ ਪੌਸ਼ਟਿਕ ਤੱਤਾਂ ਦੀ ਬੱਚਤ ਹੋ ਸਕਦੀ ਹੈ ।
- ਸ਼ਹਿਰੀ ਘਰਾਂ ਦੀਆਂ ਛੱਤਾਂ ਉੱਤੇ ਘਰੇਲੂ ਸਬਜ਼ੀਆਂ ਦੀ ਬਗੀਚੀ ਲਈ 12 ਗਮਲੇ ਇਕਹਿਰੀ ਤਹਿ ਵਾਲੇ ਅਤੇ 16 ਗਮਲੇ ਦੋਹਰੇ ਹਾਈਡ੍ਰੋਪੋਨਿਕਸ ਸਿਸਟਮਾਂ ਵਾਲੇ ਤਿਆਰ ਕੀਤੇ ਗਏ। ਤਿਆਰ ਕੀਤੇ ਇਸ ਸਿਸਟਮ ਨੂੰ ਬਹੁਤ ਹੀ ਘੱਟ ਲਾਗਤ ਨਾਲ ਘਰਾਂ ਦੀਆਂ ਛੱਤਾਂ ਤੇ ਅਸਾਨੀ ਨਾਲ ਲਗਾਇਆ ਜਾ ਸਕਦਾ ਹੈ । ਇਨ੍ਹਾਂ ਸਿਸਟਮਾਂ ਰਾਹੀਂ ਸਬਜ਼ੀਆਂ ਉਗਾਉਣ ਦੇ ਤਜ਼ਰਬੇ ਬਹੁਤ ਹੀ ਉਤਸ਼ਾਹਜਨਕ ਰਹੇ ।
- ਇੱਕੋ ਸਮੇਂ 90 ਤੋਂ 100 ਲੋਕਾਂ ਦਾ ਖਾਣਾ ਪਕਾਉਣ ਲਈ ਦੋਹਰੇ ਚੈਂਬਰ ਵਾਲੇ ਕਮਿਊਨਿਟੀ ਸੋਲਰ ਕੁੱਕਰ ਅਤੇ ਕੁਕਿੰਗ ਵੈਸਲ ਡਿਜ਼ਾਈਨ ਨੂੰ ਕੁੱਕਰ ਦੇ ਅੰਦਰ 18 ਕੁਕਿੰਗ ਵੈਸਲਾਂ ਰੱਖ ਕੇ ਤਿਆਰ ਕੀਤਾ ਗਿਆ । ਦੋਹਰਾ ਚੈਂਬਰ ਡਿਜ਼ਾਈਨ ਇਕੋ ਵੇਲੇ ਹਲਕੇ ਭੋਜਨ (ਜਿਹੜੇ ਪੱਕਣ ਵਿੱਚ ਘੱਟ ਸਮਾਂ ਲੈਂਦੇ ਹਨ) ਅਤੇ ਭਾਰੇ ਭੋਜਨ (ਜਿਹੜੇ ਪੱਕਣ ਵਿੱਚ ਜ਼ਿਆਦਾ ਸਮਾਂ ਲੈਂਦੇ ਹਨ) ਬਿਨਾਂ ਹਰੇਕ ਚੈਂਬਰ ਦੇ ਸਥਿਰ ਤਾਪਮਾਨ ਨੂੰ ਹਿਲਾਇਆਂ ਤਿਆਰ ਕਰ ਸਕਦੇ ਹਨ ।

## ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼

- ਸੰਯੁਕਤ ਪੰਛੀ ਕੀਟ ਪ੍ਰਬੰਧਨ ਢੰਗ ਤਰੀਕੇ ਜਿਵੇਂ ਕਿ ਪੱਕਣ ਦੀ ਅਵਸਥਾ ਮੌਕੇ ਮੱਕੀ ਦੀਆਂ ਛੱਲੀਆਂ ਨੂੰ ਲਪੇਟਣ ਨਾਲ ਅਤੇ ਚਮਕਦਾਰ ਰਿਬਨ ਲਗਾਉਣ ਨਾਲ ਪੰਛੀਆਂ ਤੋਂ ਹੋਣ ਵਾਲੇ ਨੁਕਸਾਨ ਵਿੱਚ 95 ਪ੍ਰਤੀਸ਼ਤ ਸੁਰੱਖਿਆ ਮਿਲਦੀ ਹੈ। ਇਸੇ ਤਰ੍ਹਾਂ ਕਣਕ ਦੇ ਪੁੰਗਾਰੇ ਮੌਕੇ ਕਾਲੇ ਰੰਗ ਦੇ ਪੋਲੀ ਲਿਫ਼ਾਫ਼ਿਆਂ ਅਤੇ ਚਮਕਦਾਰ ਰਿਬਨ ਦੀ ਵਰਤੋਂ ਕਰਨ ਨਾਲ ਪੰਛੀਆਂ ਦੀ ਮਾਰ ਤੋਂ 100 ਪ੍ਰਤੀਸ਼ਤ ਬੱਚਤ ਹੁੰਦੀ ਹੈ ।
- ਭੱਟੀਆਂ (ਗੁਰਦਾਸਪੁਰ) ਵਿਖੇ ਰੱਖੇ ਬਨਾਉਟੀ ਆਲਣਿਆਂ ਵਿੱਚ 40 ਪ੍ਰਤੀਸ਼ਤ ਆਮ ਪਾਈ ਜਾਂਦੀ ਮੈਨਾ ਵੇਖੀ ਗਈ। ਇਸੇ ਤਰ੍ਹਾਂ ਮਹਿਲ ਖੁਰਦ (ਬਰਨਾਲਾ), ਕੁਲਾਰ, ਸੁਧਾਰ, ਦੋਰਾਹਾ, ਲਾਢੋਵਾਲ, ਸਰਾਭਾ, ਰੱਤੀਪੁਰ, ਮਾਛੀਵਾੜਾ ਅਤੇ ਲੁਧਿਆਣਾ ਦੇ ਸ਼ਹਿਰੀ ਖੇਤਰਾਂ ਵਿੱਚ ਮੈਨਾ ਅਤੇ ਧੱਬੇਦਾਰ ਬਤੋਰੀਆਂ ਵੱਲੋਂ 40-80 ਪ੍ਰਤੀਸ਼ਤ ਬਨਾਉਟੀ ਆਲਣਿਆਂ ਵਿੱਚ ਆਪਣੇ ਘਰ ਬਣਾਏ ਗਏ । ਲੁਧਿਆਣਾ ਸ਼ਹਿਰ ਦੇ ਪਿੰਡ ਸਹੌਲੀ ਵਿਖੇ ਇੱਕ ਕਿਸਾਨ ਦੇ ਖੇਤ ਵਿੱਚ ਰੱਖੇ ਗਏ ਲੱਕੜ ਦੇ ਬਨਾਉਟੀ ਆਲਣੇ ਵਿੱਚ ਬਾਰਨ ਉੱਲੂ ਨੇ ਵੀ ਆਪਣਾ ਘਰ ਬਣਾਇਆ ।

- ਬੈਂਡੀਕੋਟਾ ਬਿੰਗਾਲਿਨਸਿਸ ਦੀ ਗਿਣਤੀ ਨੂੰ ਠੱਲ ਪਾਉਣ ਲਈ 0.001 ਪ੍ਰਤੀਸ਼ਤ ਬਰੋਮੈਡੀਓਲੋਨ ਅਤੇ 0.005 ਪ੍ਰਤੀਸ਼ਤ ਕੋਲੇਕੇਲਸੀਫੀਰੋਲ ਦੇ ਮਿਸ਼ਰਨ ਵਾਲਾ ਚੋਗਾ ਲਾਗਤ ਪੱਖੋਂ ਸਸਤਾ ਸਾਬਤ ਹੋਇਆ ।
- ਝੋਨੇ ਅਤੇ ਮੱਕੀ ਉਪਰੰਤ ਕਣਕ ਦੀ ਬੀਜੀ ਫ਼ਸਲ ਜਦੋਂ ਹਰੀ ਭਰੀ ਹੋ ਰਹੀ ਹੁੰਦੀ ਹੈ ਤਾਂ ਡਬਲ ਬਰੋਅ ਚੋਗਾ ਅਤੇ ਚੂਹੇ ਨਾਸ਼ਕ ਦੀ ਵਰਤੋਂ ਅਤੇ ਜਦੋਂ ਸਿੱਟੇ ਪੈ ਰਹੇ ਹੋਣ ਤਾਂ ਪੇਪਰ ਬੇਟਿੰਗ ਦੀ ਵਰਤੋਂ ਅਤੇ ਪਰਾਲੀ ਦੀ ਸਾਂਭ ਸੰਭਾਲ ਹੈਪੀ ਸੀਡਰ ਨਾਲ ਅਤੇ ਬਿਨਾਂ ਵਹਾਈ ਤਕਨਾਲੋਜੀ ਦੀ ਵਰਤੋਂ ਨਾਲ ਚੂਹੇ ਆਦਿ ਦੀ ਰੋਕਥਾਮ ਕਰਨ ਵਿੱਚ ਵਧੇਰੇ ਮਿਲਦੀ ਹੈ।
- ਸਿੱਧੀ ਬੀਜੀ ਅਤੇ ਪਨੀਰੀ ਲਗਾ ਕੇ ਬੀਜੀਆਂ ਬਾਸਮਤੀ ਦੀਆਂ ਫ਼ਸਲਾਂ ਹਰੀਆਂ ਭਰੀਆਂ ਹੋਣ ਮੌਕੇ ਇਕਹਿਰੀ ਬਰੋਅ ਬੇਟਿੰਗ ਅਤੇ ਚੂਹੇਮਾਰ ਦਵਾਈਆਂ ਦੀ ਵਰਤੋਂ ਅਤੇ ਦਾਣੇ ਪੈਣ ਮੌਕੇ ਪੇਪਰ ਬੇਟਿੰਗ ਦੀ ਵਰਤੋਂ ਨਾਲ ਚੂਹਿਆਂ ਦੀ ਰੋਕਥਾਮ ਵਿੱਚ ਵਧੇਰੇ ਮਦਦ ਮਿਲਦੀ ਹੈ ।
- ਨਾਈਟ੍ਰੋਜਨ ਅਤੇ ਸਲਫ਼ਰ ਦੀ ਯੂਰੀਏ (31.25 ਕਿਲੋ ਐਨ/ ਹੈਕਟੇਅਰ) ਵਜੋਂ ਜਾਂ ਸਿਰਫ਼ ਜਿਪਸਮ (20 ਕਿਲੋ ਐਸ/ ਹੈਕਟੇਅਰ) ਜਾਂ ਰਲਾ ਕੇ ਵਰਤੋਂ ਕਰਨ ਨਾਲ ਵਧ ਰਹੇ ਸੋਇਆਬੀਨ ਦੇ ਪੱਤਿਆਂ, ਬੀਜਾਂ, ਜੜ੍ਹਾਂ ਅਤੇ ਤਣਿਆਂ ਵਿੱਚ ਐਨ : ਐਸ ਦੀ ਦਰ ਵਿੱਚ ਕਮੀ ਆਉਂਦੀ ਹੈ ਅਤੇ ਬੀਜ ਦੇ ਝਾੜ ਵਿੱਚ ਵਾਧਾ ਹੁੰਦਾ ਹੈ । ਐਨ ਅਤੇ ਐਸ ਨਾਲ ਵਧ ਰਹੇ ਪੱਤਿਆਂ ਅਤੇ ਬੀਜਾਂ ਵਿੱਚ ਟੋਟਲ ਘੁਲਣਸ਼ੀਲ ਪ੍ਰੋਟੀਨਜ਼, ਫ਼ਰੀ ਐਮੀਨੋ ਐਸਿਡਜ਼ ਅਤੇ ਐਸ ਵਾਲੇ ਐਮੀਨੋ ਐਸਿਡਜ਼ ਵਿੱਚ ਵਾਧਾ ਹੁੰਦਾ ਹੈ । ਮੈਥੀਓਨਾਈਨ ਅਤੇ ਸਿਸਟੀਨ (ਐਸ ਐਮੀਨੋ ਐਸਿਡਜ਼) ਸਾਰੇ ਇਲਾਜਾਂ ਵਿੱਚ ਵਧਿਆ ਪਾਇਆ ਗਿਆ। ਜਿਪਸਮ ਨਾਲ ਸੋਇਆਬੀਨ ਦੇ ਬੀਜਾਂ ਵਿੱਚ β–ਕੋਂਗ ਲੀਸਿਨਿਨ (7 ਐਸ) ਦੇ ਮੁਕਾਬਲਤਨ ਗਲਾਈਸਿਨਿਨ (11 ਐਸ) ਵਧਿਆ ਜਿਸ ਨਾਲ ਸੋਇਆਬੀਨ ਦੇ ਬੀਜ ਦੀ ਗੁਣਵਤਾ ਵਿੱਚ ਵਾਧਾ ਹੋਇਆ ।
- ਨਰਮੇ ਦੀਆਂ ਜੀਨੋ ਕਿਸਮਾਂ (ਐਲ ਡੀ 949, ਐਫ ਡੀ ਕੇ 226, ਐਫ 846, ਐਲ ਐਚ 2076, ਐਲ ਐਚ 2108) ਜੋ ਕਿ ਖਾਰ੍ਹੇਪਣ ਪ੍ਰਤੀਰੋਧਿਕਤਾ ਰੱਖਦੀਆਂ ਹਨ, ਦੀਆਂ ਜੜ੍ਹਾਂ ਅਤੇ ਪੱਤਿਆਂ ਵਿੱਚ ਸੋਡੀਅਮ ਦੀ ਮਾਤਰਾ ਐਫ ਡੀ ਕੇ 253 ਅਤੇ ਐਫ 2560 ਕਿਸਮਾਂ ਨਾਲੋਂ ਜ਼ਿਆਦਾ ਪਾਈ ਗਈ । ਇਨ੍ਹਾਂ ਜੀਨੋ ਕਿਸਮਾਂ ਵਿੱਚ ਦੂਜੀਆਂ ਦੇ ਮੁਕਾਬਲਤਨ ਜ਼ਿਆਦਾ ਸੁਪਰਆਕਸਾਈਡ, ਡਿਸਮਿਊਟੇਸ (ਐਸ ਓ ਡੀ), ਕੈਟਾਲੇਸ (ਸੀ ਏ ਟੀ), ਪਰਆਕਸੀਡੇਸ (ਪੀ ਓ ਡੀ), ਗਲੂਟੇਥੀਓਨ ਰੀਡਕਟੇਸ (ਜੀ ਆਰ) ਅਤੇ ਐਸਕ੍ਰੋਬੇਟ ਪਰਆਕਸੀਡੇਸ (ਏ ਪੀ ਐਕਸ) ਹਨ ।
- ਪਿਛਲੇ ਤਿੰਨ ਦਹਾਕਿਆਂ ਦੌਰਾਨ ਪੰਜਾਬ ਵਿੱਚ ਖੇਤੀ ਲਾਗਤਾਂ ਜਿਵੇਂ ਕਿ ਰਸਾਇਣਕ ਖਾਦਾਂ, ਕੀਟਨਾਸ਼ਕਾਂ, ਸਿੰਚਾਈ ਸਮਰਥਾ ਅਤੇ ਖੇਤੀ ਮਜ਼ਦੂਰੀ ਵਿੱਚ ਕ੍ਰਮਵਾਰ 4.7, 2.0, 0.8 ਅਤੇ 3.1 ਪ੍ਰਤੀਸ਼ਤ ਪ੍ਰਤੀ ਸਾਲ ਵਾਧਾ ਹੋਇਆ ਹੈ ਅਤੇ ਇਸੇ ਤਰ੍ਹਾਂ ਟਰੈਕਟਰਾਂ ਅਤੇ ਖੇਤੀ ਸੰਦਾਂ ਦੀ ਗਿਣਤੀ ਵਿੱਚ ਵੀ ਬੇਸ਼ੁਮਾਰ ਵਾਧਾ ਹੋਇਆ ਹੈ । ਪੰਜਾਬ ਦੀ ਖੇਤੀ ਵਿੱਚ ਨਿਰੰਤਰਤਾ ਬਣਾਈ ਰੱਖਣ ਲਈ ਲੋੜ ਹੈ ਬਦਲਵੀਆਂ ਖਾਦਾਂ ਜਿਵੇਂ ਕਿ ਹਰੀ ਖਾਦ ਅਤੇ ਰੂੜੀ ਦੀ ਵਰਤੋਂ ਕੀਤੀ ਜਾਵੇ ਅਤੇ ਇਸ ਦੇ ਨਾਲ ਹੀ ਸੰਯੁਕਤ ਕੀਟ ਪ੍ਰਬੰਧਨ ਦੇ ਨਾਲ ਨਾਲ ਖੇਤੀ ਸਰੋਤਾਂ ਦੀ ਉਚਿਤ ਵਰਤੋਂ ਨੂੰ ਉਤਸ਼ਾਹਿਤ ਕੀਤਾ ਜਾਵੇ ।
- ਇਹ ਵੇਖਣ ਵਿੱਚ ਆਇਆ ਹੈ ਕਿ ਪੰਜਾਬ ਵਿੱਚ ਬਹੁਤ ਘੱਟ ਗਿਣਤੀ ਕਿਸਾਨ ਅਜਿਹੇ ਹਨ ਜੋ ਆਪਣੇ ਉਤਪਾਦ ਦੀ ਸਿੱਧੀ ਅਦਾਇਗੀ ਨੂੰ ਤਰਜ਼ੀਹ ਦੇ ਰਹੇ ਹਨ । ਜਦੋਂ ਕਿ ਵੱਡੀ ਗਿਣਤੀ ਕਿਸਾਨਾਂ ਨੂੰ ਸਿੱਧੀ ਅਦਾਇਗੀ ਬਾਰੇ ਕੋਈ ਜਾਣਕਾਰੀ ਵੀ ਨਹੀਂ ਹੈ । ਇਸ ਲਈ ਲੋੜ ਹੈ ਕਿ ਪ੍ਰਿੰਟ ਮੀਡੀਆ ਜਾਂ ਇਲੈਕਟ੍ਰੋਨਿਕ ਮੀਡੀਆ ਰਾਹੀਂ ਕਿਸਾਨਾਂ ਨੂੰ ਸਿੱਧੀ ਅਦਾਇਗੀ ਦੇ ਫ਼ਾਇਦਿਆਂ ਬਾਰੇ ਜਾਣੂੰ ਕਰਵਾਉਣ ਦੀ। ਸੰਕਟ ਕਾਲੀਨ ਹਾਲਤਾਂ ਦੌਰਾਨ ਕਿਸਾਨਾਂ ਨੂੰ ਨਗਦੀ ਦੀ ਲੋੜ ਪੂਰੀ ਕਰਨ ਲਈ ਕਮਿਸ਼ਨ ਏਜੰਟਾਂ ਤੇ ਨਿਰਭਰ ਹੋਣਾ ਪੈਂਦਾ ਹੈ । ਕਿਸਾਨਾਂ ਨੂੰ ਉਨ੍ਹਾਂ ਦੀਆਂ ਲੋੜਾਂ ਪੂਰਨ ਵਾਸਤੇ ਕਰਜ਼ੇ ਦੀ ਸਹੂਲਤ ਦੇਣ ਦੀ ਲੋੜ ਹੈ ਅਤੇ ਨਾਲ ਹੀ ਉਨ੍ਹਾਂ ਨੂੰ ਬੈਂਕਾਂ ਵੱਲੋਂ ਵਿਆਜ ਦਰਾਂ ਤੇ ਦਿੱਤੇ ਜਾਂਦੇ ਕਰਜ਼ਿਆਂ ਬਾਰੇ ਜਾਗਰੂਕ ਕਰਨ ਦੀ ਲੋੜ ਹੈ । ਆਮ ਤੌਰ ਤੇ ਖੇਤੀ ਲਾਗਤਾਂ ਦੀ ਸਪਲਾਈ ਕਮਿਸ਼ਨ ਏਜੰਟਾਂ ਰਾਹੀਂ ਕੀਤੀ ਜਾਂਦੀ ਹੈ ਜੋ ਕਿ ਕਿਸਾਨਾਂ ਨੂੰ ਨਕਲੀ ਦਵਾਈਆਂ ਆਦਿ ਵੱਧ ਕੀਮਤਾਂ ਤੇ ਦੇ ਕੇ ਉਨ੍ਹਾਂ ਦੀ ਲੁੱਟ ਘਸੁੱਟ ਕਰਦੇ ਹਨ । ਇਸ ਕਰਕੇ ਖੇਤੀ ਲਾਗਤਾਂ ਦੀ ਸਪਲਾਈ ਉੱਤੇ ਸਹਿਕਾਰੀ ਸੁਸਾਇਟੀਆਂ ਦੇ ਨਿਯੰਤ੍ਰਣ ਦੀ ਲੋੜ ਹੈ ।

## ਹੋਮ ਸਾਇੰਸ

- ਹੋਮ ਸਾਇੰਸ ਕਾਲਜ ਵੱਲੋਂ ਕੀਤੀ ਜਾਂਦੀ ਖੋਜ ਦਾ ਉਦੇਸ਼ ਭੋਜਨ ਅਤੇ ਪੋਸ਼ਣ ਸੁਰੱਖਿਆ, ਨੌਜਵਾਨਾਂ ਦੇ ਹਿੱਤ, ਨਕਲ ਨੂੰ ਰੋਕਣਾ, ਕੰਮ ਕਾਜ ਦਾ ਮਾਹੌਲ ਬਨਾਉਣਾ, ਸਰੋਤਾਂ ਦੀ ਸਾਂਭ ਸੰਭਾਲ ਦੀਆਂ ਪ੍ਰੈਕਟਸਿਸ, ਵਗਾਰ ਘਟਾਉਣ ਦੀਆਂ ਤਕਨਾਲੋਜੀਆਂ, ਉੱਦਮੀਆਂ ਲਈ ਟੈਕਸਟਾਈਲ ਦੀ ਗੁਣਵਤਾ ਵਧਾਉਣ ਅਤੇ ਘਰੇਲੂ ਲੋੜਾਂ ਦੀ ਪੂਰਤੀ ਲਈ ਪ੍ਰੈਕਟਸਿਸ/ਤਕਨਾਲੋਜੀਆਂ ਦਾ ਵਿਕਾਸ ਅਤੇ ਪਸਾਰ ਕਰਨਾ ਹੈ । ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਪ੍ਰਮੁੱਖ ਖੋਜ ਪ੍ਰਾਪਤੀਆਂ ਦਾ ਵੇਰਵਾ ਇਸ ਪ੍ਰਕਾਰ ਹੈ :
- ਬੇਕ ਕੀਤੇ ਅਤੇ ਨਿਕਸਿਤ ਕੀਤੇ ਫੰਕਸ਼ਨਲ ਭੋਜਨ ਜਿਵੇਂ ਕਿ ਡਬਲ ਰੋਟੀ, ਸਨੈਕਜ਼ ਅਤੇ ਨੂਡਲਜ਼ ਆਦਿ ਨੂੰ ਪਾਚਣ ਸੰਬੰਧੀ ਰੋਗਾਂ ਤੋਂ ਮੁਕਤੀ ਦਿਵਾਉਣ ਵਾਲੇ ਤੱਤਾਂ ਦੇ ਘੋਲ ਤੋਂ ਤਿਆਰ ਕੀਤਾ ਗਿਆ । ਇਨ੍ਹਾਂ ਉਤਪਾਦਾਂ ਵਿੱਚ ਕੰਟਰੋਲ ਦੇ ਮੁਕਾਬਲਤਨ ਉੱਚ ਮਾਤਰਾ ਵਿੱਚ ਲਾਇਸਾਈਨ, ਪ੍ਰੋਟੀਨ, ਰੇਸ਼ੇ ਪਾਏ ਗਏ ਅਤੇ ਘੱਟ ਮਾਤਰਾ ਵਿੱਚ ਕਾਰਬੋਹਾਈਡ੍ਰੇਟ ਤੱਤ ਪਾਏ ਗਏ ਜਿਵੇਂ ਕਿ ਡਬਲਰੋਟੀ ਵਿੱਚ 83 ਪ੍ਰਤੀਸ਼ਤ ਦੇ ਮੁਕਾਬਲਤਨ 69 ਤੋਂ 72 ਪ੍ਰਤੀਸ਼ਤ, ਸਨੈਕਜ਼ ਵਿੱਚ 82

ਪ੍ਰਤੀਸ਼ਤ ਦੇ ਮੁਕਾਬਲਤਨ 66 ਤੋਂ 70 ਪ੍ਰਤੀਸ਼ਤ ਅਤੇ ਨੂਡਲਜ਼ ਵਿੱਚ 83 ਪ੍ਰਤੀਸ਼ਤ ਦੇ ਮੁਕਾਬਲਤਨ 68 ਤੋਂ 71 ਪ੍ਰਤੀਸ਼ਤ, ਜੋ ਕਿ ਪਾਚਣ ਸੰਬੰਧੀ ਰੋਗਾਂ ਤੋਂ ਪੀੜਤ ਮਰੀਜਾਂ ਲਈ ਬਹੁਤ ਹੀ ਲਾਹੇਵੰਦ ਹਨ ।

- ਸੋਇਆ ਦਾ ਆਟਾ, ਰਲੇ ਮਿਲੇ ਫ਼ਲ, ਸ਼ਹਿਦ, ਚਰਬੀ, ਜੜ੍ਹੀਆਂ ਬੂਟੀਆਂ ਅਤੇ ਅਲਸੀ ਵਾਲੇ ਮਿਕਸ ਸੀਰੀਅਲ ਨਾਲ ਖਾਣ ਲਈ ਤਿਆਰ ਬਰ ਤਿਆਰ ਪੌਸ਼ਟਿਕ ਆਹਾਰ 30 ਔਰਤਾਂ ਦੇ ਗਰੁੱਪ ਨੂੰ ਮਾਹਵਾਰੀ ਤੋਂ ਪਹਿਲਾਂ ਅਤੇ ਬਾਅਦ ਵਿੱਚ ਦੇਣ ਨਾਲ ਸੀਰਮ ਕੈਲਸ਼ੀਅਮ ਵਿੱਚ 13 ਅਤੇ 28 ਪ੍ਰਤੀਸ਼ਤ, ਸੀਰਮ ਫਾਸਫੋਰਸ ਦਾ 15 ਅਤੇ 31 ਪ੍ਰਤੀਸ਼ਤ ਵਾਧਾ ਪਾਇਆ ਗਿਆ ਜਦੋਂ ਕਿ ਅਲਕਲਾਈਨ ਫਾਸਫੇਟ ਵਿੱਚ 16 ਅਤੇ 21 ਪ੍ਰਤੀਸ਼ਤ ਦੀ ਘਾਟ ਪਾਈ ਗਈ ।
- ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਵਿਖੇ ਖੇਤਾਂ, ਲੈਬਾਰਟਰੀਆਂ ਅਤੇ ਦਫ਼ਤਰੀ ਕਾਰਜਾਂ ਵਿੱਚ ਰੁੱਝੇ 90 ਆਦਮੀਆਂ ਦੇ ਸਰੀਰਾਂ ਵਿੱਚ ਖੁਰਾਕ ਅਤੇ ਸਰੀਰਕ ਗਤੀਵਿਧੀਆਂ ਦੇ ਪ੍ਰਭਾਵ ਨੂੰ ਮਾਰਚ ਤੋਂ ਅਗਸਤ 2014 ਦੌਰਾਨ ਅਧਿਐਨ ਕੀਤਾ ਗਿਆ । ਬਾਈਸਾਈਕਲਿੰਗ ਅਤੇ ਖੇਤੀ ਗਤੀਵਿਧੀਆਂ ਨਾਲ ਸਰੀਰ ਦੇ ਭਾਰ, ਬਾਡੀਮਾਸ ਇੰਡੈਕਸ, ਲੱਕ ਦੇ ਘੇਰੇ ਅਤੇ ਚਰਬੀ ਉੱਤੇ ਨਾਂਹ ਮੁਖੀ ਪ੍ਰਭਾਵ ਦਿਖਾਈ ਦਿੱਤਾ ।
- ਦਇਆਨੰਦ ਮੈਡੀਕਲ ਕਾਲਜ ਅਤੇ ਹਸਪਤਾਲ ਲੁਧਿਆਣਾ ਵਿੱਚ ਤਿੰਨ ਮਹੀਨੇ ਦੇ ਸਮੇਂ ਲਈ ਕੀਤੀ ਨਿਊਟ੍ਰੀਸ਼ਨ ਕਾਊਂਸਲਿੰਗ ਦੌਰਾਨ ਭੋਜਨ ਖਾਣ ਦੇ ਰੁਝਾਨਾਂ ਵਿੱਚ ਸੋਧ ਕਰਨ ਨਾਲ ਬਿਨਾਂ ਭੋਜਨ ਖਾਏ ਬਲੱਡ ਗੁਲੂਕੋਜ਼ ਵਿੱਚ 33 ਪ੍ਰਤੀਸ਼ਤ, ਭੋਜਣ ਖਾਣ ਉਪਰੰਤ ਬਲੱਡ ਗੁਲੂਕੋਜ਼ ਦੇ ਪੱਧਰ ਵਿੱਚ 21 ਪ੍ਰਤੀਸ਼ਤ ਦੀ ਘਾਟ ਨਜ਼ਰ ਆਈ ਅਤੇ 30 ਗੇਸਟੇਸ਼ਨਲ ਡਾਇਬਟਿਕਸ ਦੀ ਲਿਪਿਡ ਪ੍ਰੋਫ਼ਾਇਲ ਵਿੱਚ ਸੁਧਾਰ ਨਜ਼ਰ ਆਇਆ ।
- ਲੁਧਿਆਣਾ ਜ਼ਿਲ੍ਹੇ ਦੇ ਪਿੰਡ ਗੁੜ੍ਹੇ ਅਤੇ ਜਗਰਾਓਂ ਦੇ ਪਿੰਡਾਂ ਵਿੱਚ ਬੇਰ ਤੋੜਨ ਦੇ ਕਾਰਜਾਂ ਵਿੱਚ ਰੁੱਝੇ 15 ਖੇਤ ਕਾਮਿਆਂ ਲਈ ਬਿਨਾਂ ਬੁਣਤੀ ਦੇ ਕੱਪੜੇ ਦੀ ਵਰਤੋਂ ਕਰਦਿਆਂ ਸੁਰੱਖਿਅਕ ਕੱਪੜੇ (ਕੁੜਤਾ ਪਜ਼ਾਮਾ) ਡਿਜ਼ਾਈਨ ਕੀਤੇ ਗਏ ਅਤੇ 60 ਦਿਨਾਂ ਲਈ ਪਰਖੇ ਗਏ । ਇਸ ਦਾ ਮੰਤਵ ਕਾਮਿਆਂ ਨੂੰ ਕੰਡਿਆਂ ਅਤੇ ਖਾਰਸ਼ ਆਦਿ ਤੋਂ ਬਚਾਉਣਾ ਸੀ । ਇਨ੍ਹਾਂ ਨੂੰ ਪਾਉਣਾ ਲਾਹੁਣਾ ਸੌਖਾ ਹੈ ਜਿਸ ਕਰਕੇ ਇਨ੍ਹਾਂ ਨੂੰ ਵੱਡੇ ਪੱਧਰ ਤੇ ਤਜ਼ਰਬਿਆਂ ਲਈ ਸਿਫ਼ਾਰਸ਼ ਕੀਤਾ ਗਿਆ ।
- ਫੈਸ਼ਨ ਵਾਲੀਆਂ 10 ਵਸਤਾਂ ਜਿਵੇਂ ਕਿ ਬੈਲਟ, ਬਾਰਡਰ, ਜੈਕਟ, ਸਕਾਰਫ਼, ਯੋਕ, ਜ਼ੁਰਾਬਾਂ, ਹੈੱਡ ਬੈਂਡ, ਬਰੇਸਲੈੱਟ, ਹੈਂਡਬੈਗ ਅਤੇ ਪੋਟਲੀ ਬੈਗ ਨੂੰ ਕੰਪਿਊਟਰ ਰਾਹੀਂ ਤਿਆਰ ਕੀਤੇ ਡੀਜ਼ਾਈਨ ਦੀ ਮਦਦ ਨਾਲ ਪ੍ਰੰਪਰਕ ਕਲਾਕ੍ਰਿਤੀ ਫੁਲਕਾਰੀ ਤੋਂ ਤਿਆਰ ਕੀਤਾ ਗਿਆ ਜੋ ਕਿ ਵਪਾਰਕ ਪੱਖੋਂ ਉਚਿਤ ਹੋਣ ਕਰਕੇ 30 ਤੋਂ 40 ਪ੍ਰਤੀਸ਼ਤ ਮੁਨਾਫ਼ਾ ਦਿਵਾ ਸਕਦੇ ਹਨ ।
- ਸਮੋਕਿੰਗ (ਕਢਾਈ ਦੀ ਤਕਨੀਕ) ਨਾਲ ਅੱਜਕੱਲ ਦੇ ਫੈਸ਼ਨ ਦੀਆਂ ਵਸਤਾਂ ਤਿਆਰ ਕਰਕੇ 27 ਤੋਂ 54 ਪ੍ਰਤੀਸ਼ਤ ਤੱਕ ਦਾ ਮੁਨਾਫ਼ਾ ਕਮਾਇਆ ਜਾ ਸਕਦਾ ਹੈ । ਇਸ ਤਕਨੀਕ ਨਾਲ ਦਸ ਵਸਤਾਂ ਜਿਵੇਂ ਕਿ ਕੁਸ਼ਨ ਕਵਰ, ਹੈਂਡਬੈਗ, ਬਲਾਸਟਰ ਕਵਰ, ਫੋਲਡਰ, ਲੈਂਪਸ਼ੇਡ, ਜ਼ੁਰਾਬਾਂ, ਸਿਰਹਾਣਿਆਂ ਦੇ ਗਿਲਾਫ਼, ਗਹਿਣਿਆਂ ਦਾ ਬਾਕਸ, ਪਰਦਿਆਂ ਦੇ ਉਪਰਲੇ ਹਿੱਸੇ ਅਤੇ ਚਾਦਰਾਂ ਲਈ ਟ੍ਰਿਮਿੰਗ ਤਿਆਰ ਕੀਤੀਆਂ ਗਈਆਂ। ਇਕਹਿਰੇ ਰੰਗ ਦਾ ਕੱਪੜਾ ਅਤੇ ਪਲਿਸਟਰ ਦੇ ਸਮਾਨ ਨੂੰ ਵਧੇਰੇ ਤਰਜ਼ੀਹ ਦਿੱਤੀ ਗਈ ।
- ਲੁਧਿਆਣਾ ਜ਼ਿਲ੍ਹੇ ਦੀਆਂ 160 ਬਾਂਝ ਔਰਤਾਂ ਦੇ ਸਵੈ-ਮਾਨ, ਸੁਰੱਖਿਅਤ ਰਹਿਣ ਦੇ ਢੰਗ ਤਰੀਕੇ ਅਤੇ ਆਪਣੇ ਆਪ ਨੂੰ ਸਿਹਤਮੰਦ ਰੱਖਣ ਉੱਤੇ ਕੀਤੇ ਅਧਿਐਨ ਤੋਂ ਸਾਬਤ ਹੋਇਆ ਕਿ ਉਚੇਰੇ ਸਮਾਜਿਕ-ਆਰਥਿਕ ਰੁਤਬੇ ਵਾਲੀਆਂ ਔਰਤਾਂ ਆਪਣੇ ਆਪ ਨੂੰ ਘੱਟ ਸਮਾਜਿਕ ਆਰਥਿਕ ਰੁਤਬੇ ਦੇ ਮੁਕਾਬਲਤਨ ਮਾਨਸਿਕ ਤੌਰ ਤੇ ਵਧੇਰੇ ਚੇਤੰਨ ਸਮਝਦੀਆਂ ਹਨ । ਪੇਂਡੂ ਬਾਝ ਔਰਤਾਂ ਆਪਣੀ ਸੁਰੱਖਿਆ ਨੂੰ ਲੈ ਕੇ ਵਧੇਰੇ ਜੋਸ਼ ਵਿੱਚ ਦਿਖਾਈ ਦਿੱਤੀਆਂ ਜਦੋਂ ਕਿ ਸ਼ਹਿਰੀ ਔਰਤਾਂ ਨੇ ਹੋਸ਼ ਅਤੇ ਉਚਿਤਤਾ ਨੂੰ ਜ਼ਾਹਿਰ ਕੀਤਾ ।
- ਲੁਧਿਆਣਾ ਦੇ ਘੱਟ ਆਮਦਨੀ ਵਾਲੇ ਪਰਿਵਾਰਾਂ ਦੇ 120 ਨੌਜਵਾਨਾਂ ਵਿੱਚ ਤਨਾਓ, ਨਕਲ ਅਤੇ ਸੁਭਾਅ ਵਿੱਚ ਨਰਮਾਈ ਤੇ ਖੋਜ ਕੀਤੀ ਗਈ । ਜਿਸ ਤੋਂ ਸਾਬਤ ਹੋਇਆ ਕਿ ਕੁੜੀਆਂ ਭਾਵੇਂ ਮੁੰਡਿਆਂ ਦੇ ਮੁਕਾਬਲਤਨ ਵਧੇਰੇ ਤਨਾਓ ਵਿੱਚ ਰਹਿੰਦੀਆਂ ਹਨ ਲੇਕਿਨ ਉਚਿਤ ਯੋਜਨਾਬੰਦੀ ਅਤੇ ਸਹੀ ਪਹੁੰਚ ਵਿਧੀ ਅਪਨਾਉਣ ਕਰਕੇ ਉਹ ਇਸ ਤਨਾਓ ਤੇ ਕਾਬੂ ਪਾਉਣ ਵਿੱਚ ਵਧੇਰੇ ਸਫ਼ਲ ਰਹਿੰਦੀਆਂ ਹਨ।
- ਲੁਧਿਆਣਾ ਜ਼ਿਲ੍ਹੇ ਦੇ 200 ਨੌਜਵਾਨਾਂ ਦੀ ਸਮਾਜਿਕ-ਭਾਵੁਕ ਸਮਰਥਾ ਉੱਤੇ ਸਮਾਜਿਕ ਬੌਧਿਕਤਾ ਦੇ ਪ੍ਰਭਾਵ ਦਾ ਅਧਿਐਨ ਕੀਤਾ ਗਿਆ ਜਿਸ ਤੋਂ ਸਪਸ਼ਟ ਹੋਇਆ ਕਿ ਪੇਂਡੂ ਉੱਤਰਦਾਤਾ ਸ਼ਹਿਰੀਆਂ ਨਾਲੋਂ ਸਮਾਜਿਕ ਤੌਰ ਤੇ ਵਧੇਰੇ ਸਮਰਥ ਹਨ। ਜਿਨ੍ਹਾਂ ਨੌਜਵਾਨਾਂ ਦੀ ਯਾਦ ਸ਼ਕਤੀ ਤੇਜ਼ ਹੈ ਅਤੇ ਵਧੇਰੇ ਸਬਰ ਵਾਲੇ ਹਨ, ਉਹ ਸਮਾਜਿਕ ਰਿਸ਼ਤਿਆਂ ਨੂੰ ਨਿਭਾਉਣ ਵਿੱਚ ਵਧੇਰੇ ਸਮਰਥ ਹਨ ।
- ਕੰਪਿਊਟਰ ਦੀ ਮਦਦ ਨਾਲ ਸਿਖਲਾਈ ਨੇ ਸਰਕਾਰੀ ਸਕੂਲ ਦੇ ਵਿਦਿਆਰਥੀਆਂ ਨੂੰ ਸਿਖਲਾਈ ਦੀ ਵਧੇਰੇ ਵਧੀਆ ਸਹੂਲਤ ਪ੍ਰਦਾਨ ਕੀਤੀ ਲੇਕਿਨ ਬੁਨਿਆਦੀ ਢਾਂਚਾ ਅਤੇ ਮਦਦ ਵਾਲੀਆਂ ਹੋਰ ਸਹੂਲਤਾਂ ਦੀ ਘਾਟ ਹੋਣ ਕਰਕੇ ਕੰਪਿਊਟਰ ਦੀ ਮਦਦ ਨਾਲ ਪ੍ਰਭਾਵਸ਼ਾਲੀ ਸਿਖਲਾਈ ਹਾਸਲ ਕਰਨ ਵਿੱਚ ਰੁਕਾਵਟਾਂ ਆਈਆਂ ।

## ਤਕਨਾਲੋਜੀ ਦਾ ਵਪਾਰੀਕਰਨ

**ਵਪਾਰੀਕਰਨ ਕੀਤੀਆਂ ਤਕਨਾਲੋਜੀਆਂ**

- **ਐਰੋਮਾ (ਖੁਸ਼ਬੂਦਾਰ) ਥਰੈਪਟਿਕ ਟੈਕਸਟਾਈਲ ਉਤਪਾਦ :** ਐਰੋਮਾ-ਥਰੈਪਟਿਕ ਟੈਕਸਟਾਈਲ ਉਤਪਾਦਾਂ ਦੀ ਤਕਨਾਲੋਜੀ ਐਨ ਪੀ ਫਰੈਸ਼ ਫੂਡਜ਼ ਪ੍ਰਾਈਵੇਟ ਲਿਮ. ਲੁਧਿਆਣਾ ਨੂੰ ਲਾਇਸਿੰਸ ਕੀਤੀ ਗਈ ।

- **ਮੱਕੀ-ਹਾਈਬ੍ਰਿਡ ਪੀ ਐਮ ਐਚ-5 ਅਤੇ ਪੀ ਐਮ ਐਚ-6:** ਮੱਕੀ ਹਾਈਬ੍ਰਿਡ ਪੀ ਐਮ ਐਚ-5 ਅਤੇ ਪੀ ਐਮ ਐਚ-6 ਦੀਆਂ ਜਣਨਹਾਰੀ ਲਾਈਨਾਂ ਨੂੰ ਐਸ਼ਵਰਿਆ ਸੀਡਜ਼ ਇੰਡੀਆ ਪ੍ਰਾਈਵੇਟ ਲਿਮ. ਤੇਲੰਗਨਾ ਨੂੰ ਉਤਪਾਦ ਅਤੇ ਬੀਜ ਵੇਚਣ ਲਈ ਲਾਇਸੰਸ ਕੀਤਾ ਗਿਆ ।
- **ਤਲਣ ਲਈ ਤਿਆਰ ਆਲੂਆਂ ਦੇ ਸਨੈਕਜ਼ ਲਈ ਪ੍ਰੀਮਿਕਸ :** ਪੀ ਏ ਯੂ ਨੇ ਤਲਣ ਲਈ ਤਿਆਰ ਆਲੂਆਂ ਦੇ ਸਨੈਕਜ਼ ਲਈ ਪ੍ਰੀਮਿਕਸ ਤਿਆਰ ਕਰਨ ਦੀ ਤਕਨਾਲੋਜੀ ਵਾਈਟ ਗੋਲਡ ਫੂਡ ਪ੍ਰੋਸੈਸਿੰਗ ਪ੍ਰਾਈਵੇਟ ਲਿਮ. ਜਲੰਧਰ ਨੂੰ ਦਿੱਤੀ ।
- **ਮਿਰਚਾਂ ਦੀ ਹਾਈਬ੍ਰਿਡ ਸੀ ਐਚ-27 :** ਮਿਰਚਾਂ ਦੀ ਹਾਈਬ੍ਰਿਡ ਸੀ ਐਚ-27 ਦੀਆਂ ਜਣਨਹਾਰੀ ਲਾਈਨਾਂ ਕਲਸ਼ ਸੀਡਜ਼ ਪ੍ਰਾਈਵੇਟ ਲਿਮ. ਜਲਨਾ ਨੂੰ ਉਤਪਾਦ ਅਤੇ ਬੀਜ ਵੇਚਣ ਲਈ ਲਾਇਸੰਸ ਕੀਤੀਆਂ ।
- **ਪੀ ਜੀ ਪੀ ਆਰ ਕਲਚਰ (ਬਾਇਓ-ਫਰਟਿਲਾਈਜ਼ਰ) :** ਪੀ ਏ ਯੂ ਨੇ ਪੀ ਜੀ ਪੀ ਆਰ ਕਲਚਰ ਉਤੇ ਅਧਾਰਿਤ ਬਾਇਓ-ਫਰਟਿਲਾਈਜ਼ਰ (ਜੈਵਿਕ ਖਾਦਾਂ) ਤਿਆਰ ਕਰਨ ਅਤੇ ਮੰਡੀਕਰਨ ਦੇ ਸਾਰੇ ਅਧਿਕਾਰ ਸ਼ੀਰੋਨ ਕਰਾਪ ਸਾਇੰਸਜ਼ ਇਨਕਾਰਪੋਰੇਸ਼ਨ ਅਬੋਹਰ ਨੂੰ ਦਿੱਤੇ ।
- **ਕੰਸੋਰਟੀਅਮ ਬਾਇਓ-ਫਰਟਿਲਾਈਜ਼ਰ :** ਯੂਨੀਵਰਸਿਟੀ ਨੇ ਆਪਣੇ ਵੱਲੋਂ ਵਿਕਸਤ ਕੀਤੀ ਕੰਸੋਰਟੀਅਮ ਬਾਇਓ-ਫਰਟਿਲਾਈਜ਼ਰ ਦਾ ਉਤਪਾਦਨ ਕਰਨ ਅਤੇ ਮੰਡੀਕਰਨ ਦੇ ਅਧਿਕਾਰ ਓ ਐਮ ਐਸ ਐਸ 3 ਪਟਿਆਲਾ ਨੂੰ ਦਿੱਤੇ ।

## ਫਾਈਲ ਕੀਤੇ ਪੇਟੇਂਟ

| ਕ੍ਰਮ ਨੰਬਰ | ਸਾਲ | ਖੋਜ | ਵਿਭਾਗ | ਪ੍ਰਾਰਥਨਾ ਨੰਬਰ |
|---|---|---|---|---|
| 1. | 2014 | ਰੋਟੀਆਂ, ਡਬਲਰੋਟੀ, ਨੂਡਲਜ਼ ਅਤੇ ਨਿਕਸਿਤ ਕੀਤੇ ਉਤਪਾਦ ਤਿਆਰ ਕਰਨ ਲਈ ਪਾਚਣ ਸੰਬੰਧੀ ਰੋਗਾਂ ਲਈ ਵਿਸ਼ੇਸ਼ ਤੱਤਾਂ ਦਾ ਮਿਸ਼ਰਣ | ਭੋਜਨ ਅਤੇ ਪੋਸ਼ਣ ਵਿਭਾਗ | ਆਈ ਪੀ ਆਰ/ਐਫ ਏ/140009/2014 |
| 2. | 2014 | ਲੇਸ ਰਹਿਤ ਆਟੇ ਦੀ ਕੰਪੋਜ਼ੀਸ਼ਨ ਅਤੇ ਭੋਜਨ ਉਤਪਾਦ | ਫੂਡ ਸਾਇੰਸ ਅਤੇ ਤਕਨਾਲੋਜੀ ਵਿਭਾਗ | 914/ਡੀ ਈ ਐਲ/2015 |
| 3. | 2014 | ਲੇਸ ਰਹਿਤ ਫੂਡ ਗਰੇਨ ਦੇ ਆਟੇ ਦੀ ਕੰਪੋਜ਼ੀਸ਼ਨ | ਫੂਡ ਸਾਇੰਸ ਅਤੇ ਤਕਨਾਲੋਜੀ ਵਿਭਾਗ | 768/ਡੀ ਈ ਐਲ/2015 |
| 4. | 2014 | ਲੰਬੇ ਸਮੇਂ ਦੀ ਵਰਤੋਂ ਯੋਗਤਾ ਮਿਆਦ ਵਾਲੀ ਖਾਣ ਲਈ ਤਿਆਰ ਹਰੀ (ਪੁਦੀਨਾ, ਧਨੀਆ) ਚਟਨੀ ਤਿਆਰ ਕਰਨਾ | ਫੂਡ ਸਾਇੰਸ ਅਤੇ ਤਕਨਾਲੋਜੀ ਵਿਭਾਗ | ਇੰਤਜ਼ਾਰ ਅਧੀਨ |
| 5. | 2014 | ਓਸਟੀਓਪੋਰਸਿਸ ਵਿਸ਼ੇਸ਼ਤਾ ਵਾਲਾ ਖਾਣ ਲਈ ਤਿਆਰ ਪੋਸ਼ਟਿਕ ਬਾਰ | ਭੋਜਨ ਅਤੇ ਪੋਸ਼ਣ ਵਿਭਾਗ | ਇੰਤਜ਼ਾਰ ਅਧੀਨ |
| 6. | 2014 | ਝੋਨੇ ਦੀ ਪਰਾਲੀ ਦਾ ਬੇਲ ਕੰਬਸਟਰ ਜਾਂ ਝੋਨੇ ਦਾ ਬੇਲ ਗੀਜ਼ਰ | ਖੇਤੀ ਇੰਜ: ਅਤੇ ਤਕਨਾਲੋਜੀ ਕਾਲਜ | 2038/ਡੀ ਈ ਐਲ/2015 |
| 7. | 2015 | ਗਮਲਾ ਅਧਾਰਿਤ ਹਾਈਬ੍ਰਿਡ ਸਬਸਟ੍ਰੇਟ ਹਾਈਡ੍ਰੋਪੋਨਿਕਸ ਤਕਨਾਲੋਜੀ, ਪਾਣੀ ਅਤੇ ਪੋਸ਼ਣ ਰੀਸਰਕੂਲੇਸ਼ਣ ਸਿਸਟਮ ਸਹਿਤ | ਮਕੈਨੀਕਲ ਇੰਜ ਵਿਭਾਗ | 1567/ਡੀ ਈ ਐਲ/2015 |
| 8. | 2015 | ਨਿੰਬੂ ਜਾਤੀ ਦੇ ਜੂਸ ਵਿੱਚ ਕੁੜਤਣ ਵਾਲੇ ਨਾਰਿਨਜਿਨ ਨੂੰ ਕੁੜਤਣ ਰਹਿਤ ਰਹਾਮਨੋਜ਼ ਵਿੱਚ ਤਬਦੀਲ ਕਰਨ ਲਈ $\alpha$-ਐਲ-ਰਹਾਮਨੋਸੀਡੇਸ ਦੇ ਉਤਪਾਦਨ ਲਈ ਬਾਇਓਪ੍ਰੋਸੈੱਸ ਵਿਕਸਿਤ ਕਰਨਾ | ਮਾਈਕ੍ਰੋਬਾਇਓਲੋਜੀ ਵਿਭਾਗ | 1359/ਡੀ ਈ ਐਲ/2015 |
| 9. | 2015 | ਵੱਟ ਬਨਾਉਣ ਵਾਲੀ-ਕਮ-ਨਰਮੇ ਦੀ ਬਿਜਾਈ ਕਰਨ ਵਾਲੀ ਮਸ਼ੀਨ | ਐਫ ਏ ਐਸ ਐਸ ਬਠਿੰਡਾ | ਇੰਤਜ਼ਾਰ ਅਧੀਨ |

# ਸਿੱਖਿਆ

ਯੂਨੀਵਰਸਿਟੀ ਦੇ ਅਕਾਦਮਿਕ ਪ੍ਰੋਗਰਾਮ ਇਸਦੇ ਲੁਧਿਆਣਾ ਕੈਂਪਸ ਵਿਖੇ ਸਥਿਤ ਚਾਰ ਕਾਲਜਾਂ; ਖੇਤੀਬਾੜੀ ਕਾਲਜ, ਖੇਤੀ ਇੰਜੀਨੀਅਰਿੰਗ ਅਤੇ ਤਕਨਾਲੋਜੀ ਕਾਲਜ, ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ, ਹੋਮ ਸਾਇੰਸ ਕਾਲਜ ਅਤੇ ਗੁਰਦਾਸਪੁਰ ਅਤੇ ਬਠਿੰਡਾ ਵਿਖੇ ਸਥਿਤ ਖੇਤੀਬਾੜੀ ਇੰਸਟੀਚਿਊਟ ਰਾਹੀਂ ਚਲਾਏ ਜਾਂਦੇ ਹਨ ।

## ਦਾਖਲੇ

ਸਾਲ 2014-15 ਦੌਰਾਨ ਯੂਨੀਵਰਸਿਟੀ ਵੱਲੋਂ 12 ਅੰਡਰਗ੍ਰੈਜੂਏਟ ਪ੍ਰੋਗਰਾਮਾਂ, 43 ਮਾਸਟਰਜ਼ ਪ੍ਰੋਗਰਾਮਾਂ, 29 ਡਾਕਟਰੇਟ ਪ੍ਰੋਗਰਾਮਾਂ ਅਤੇ ਇਕ ਡਿਪਲੋਮਾ ਪ੍ਰੋਗਰਾਮ ਵਿੱਚ ਦਾਖਲੇ ਕੀਤੇ ਗਏ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

| ਪ੍ਰੋਗਰਾਮ | ਸੀਟਾਂ ਦੀ ਗਿਣਤੀ | | ਦਾਖਲ ਹੋਏ ਵਿਦਿਆਰਥੀਆਂ ਦੀ ਗਿਣਤੀ | ਪਾਸ ਹੋਏ ਵਿਦਿਆਰਥੀਆਂ ਦੀ ਗਿਣਤੀ |
|---|---|---|---|---|
| ਕਲਾਸ/ਪ੍ਰੋਗਰਾਮ | ਜਨਰਲ ਅਤੇ ਰਾਖਵੀਆਂ | ਆਈ ਸੀ ਏ ਆਰ | | |
| ਅੰਡਰਗਰੈਜੂਏਟ | | | | |
| ਬੀ ਐਸ ਸੀ ਐਗਰੀਕਲਚਰ (ਆਨਰਜ਼)-4 ਸਾਲ | 83 | 15 | 98 | 66 |
| ਬੀ ਐਸ ਸੀ ਐਗਰੀਕਲਚਰ (ਆਨਰਜ਼)-6 ਸਾਲ (ਗੁਰਦਾਸਪੁਰ)* | 63 | - | 60 | - |
| ਬੀ ਐਸ ਸੀ ਐਗਰੀਕਲਚਰ (ਆਨਰਜ਼)-6 ਸਾਲ (ਬਠਿੰਡਾ)* | 63 | - | 60 | - |
| ਬੀ ਟੈੱਕ (ਐਗਰੀ. ਇੰਜ.)-4 ਸਾਲ | 73 | 11 | 84 | 35 |
| ਬੀ ਐਸ ਸੀ (ਆਨਰਜ਼) ਐਚ ਐਸ ਸੀ-4 ਸਾਲ | 42 | 08 | 17 | 32 |
| ਬੀ ਐਸ ਸੀ (ਆਨਰਜ਼) ਐਚ ਐਸ ਸੀ-6 ਸਾਲ** | - | - | - | 24 |
| ਬੀ ਐਸ ਸੀ ਨਿਊਟ੍ਰੀਸ਼ਨ ਐਂਡ ਡਾਇਟਿਟਿਕਸ-4 ਸਾਲ | 50 | - | 50 | 11 |
| ਬੀ ਐਸ ਸੀ ਨਿਊਟ੍ਰੀਸ਼ਨ ਐਂਡ ਡਾਇਟਿਟਿਕਸ-3 ਸਾਲ*** | - | - | - | 06 |
| ਬੀ ਐਸ ਸੀ ਬਾਇਓਟੈੱਕ (ਆਨਰਜ਼)-4 ਸਾਲ | 53 | 09 | 62 | 37 |
| ਬੀ ਟੈੱਕ ਫੂਡ ਟੈੱਕ-4 ਸਾਲ | 55 | 09 | 64 | 36 |
| ਬੀ ਐੱਸ ਸੀ (ਆਨਰਜ਼) ਫੈਸ਼ਨ ਡਿਜ਼ਾਇਨਿੰਗ-4 ਸਾਲ | 50 | - | 28 | - |
| ਬੀ ਐਸ ਸੀ ਇੰਟਰੀਅਰ ਡਿਜ਼ਾਈਨ-4 ਸਾਲ | 30 | - | 28 | - |

| | | | | |
|---|---|---|---|---|
| **ਪੋਸਟ ਗਰੈਜੂਏਟ** | | | | |
| ਐਮ ਐਸ ਸੀ ਐਗਰੀਕਲਚਰ | 135 | 32 | 167 | 125 |
| ਐਮ ਐਸ ਸੀ ਹੋਮ ਸਾਇੰਸ | 44 | 10 | 33 | 26 |
| ਐਮ ਐਸ ਸੀ ਬੇਸਿਕ ਸਾਇੰਸਜ਼ | 99 | 23 | 90 | 72 |
| 5-ਸਾਲ ਇੰਟੈਗ੍ਰੇਟਿਡ ਐਮ ਐਸ ਸੀ (ਆਨਰਜ਼) | 80 | - | 79 | 9 |
| ਐਮ. ਟੈੱਕ | 71 | 6 | 49 | 30 |
| ਐਮ ਬੀ ਏ | 50 | 1 | 43 | 35 |
| ਐਮ ਬੀ ਏ ਐਗ੍ਰੀ ਬਿਜ਼ਨੈੱਸ | 30 | 7 | 14 | 4 |
| ਐਮ ਜੇ ਐਮ ਸੀ | 7 | - | 6 | 5 |
| ਪੀ ਐਚ ਡੀ | 127 | 36 | 143 | 76 |
| ਹਾਈਬ੍ਰਿਡ ਬੀਜ ਉਤਪਾਦਨ ਤਕਨਾਲੋਜੀ ਵਿੱਚ ਡਿਪਲੋਮਾ ਕੋਰਸ | 20 | - | 19 | 12 |

* ਵਿਦਿਆਰਥੀ ਪਹਿਲੇ ਦੋ ਸਾਲ ਪੜ੍ਹਣ ਉਪਰੰਤ ਅਗਲੇਰੀ ਪੜ੍ਹਾਈ ਪੀ ਏ ਯੂ ਕੈਂਪਸ ਲੁਧਿਆਣਾ ਵਿਖੇ ਹਾਸਲ ਕਰਣਗੇ ।

** ਸਾਲ 2010-11 ਤੋਂ ਪ੍ਰੋਗਰਾਮ ਬੰਦ/ਮੁਲਤਵੀ ਕਰ ਦਿੱਤਾ ਗਿਆ ।

*** ਸਾਲ 2011-12 ਤੋਂ ਪ੍ਰੋਗਰਾਮ ਬੰਦ/ਮੁਲਤਵੀ ਕਰ ਦਿੱਤਾ ਗਿਆ ।

## ਪ੍ਰੀਖਿਆ ਸੈੱਲ

ਯੂਨੀਵਰਸਿਟੀ ਦੇ ਵਿਭਿੰਨ ਅਕਾਦਮਿਕ ਪ੍ਰੋਗਰਾਮਾਂ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਦੀਆਂ ਪੀ ਏ ਯੂ ਪਰੀਖਿਆ ਸੈੱਲ ਵੱਲੋਂ ਦਾਖਲਾ/ਪ੍ਰਵੇਸ਼ ਪਰੀਖਿਆਵਾਂ ਲਈਆਂ ਗਈਆਂ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

- ਜੂਨ 2015 ਦੌਰਾਨ ਬੀ ਐਸ ਸੀ (ਆਨਰਜ਼), ਫੈਸ਼ਨ ਡਿਜ਼ਾਇਨਿੰਗ 4 ਸਾਲ, ਬੀ ਐਸ ਸੀ (ਆਨਰਜ਼) ਇੰਟਰੀਅਰ ਡਿਜ਼ਾਈਨ-4 ਸਾਲ, ਬੀ ਐਸ ਸੀ ਐਗਰੀ. (ਆਨਰਜ਼) 4 ਸਾਲ ਪ੍ਰੋਗਰਾਮ, ਬੀ ਐਸ ਸੀ ਬਾਇਓਟੈੱਕ (ਆਨਰਜ਼) 4 ਸਾਲ, ਬੀ ਟੈੱਕ ਫੂਡ ਟੈੱਕ 4 ਸਾਲ, ਬੀ ਐਸ ਸੀ (ਆਨਰਜ਼) ਹੋਮ ਸਾਇੰਸ 4 ਸਾਲ, ਬੀ ਐਸ ਸੀ (ਆਨਰਜ਼) ਨਿਊਟ੍ਰੀਸ਼ਨ ਐਂਡ ਡਾਇਟਿਟਿਕਸ-4 ਸਾਲ ਅਤੇ ਇੰਟੈਗ੍ਰੇਟਿਡ ਐਮ ਐਸ ਸੀ (ਆਨਰਜ਼) 5 ਸਾਲ ਦੇ ਪ੍ਰੋਗਰਾਮਾਂ ਵਿੱਚ ਦਾਖਲਾ ਲੈਣ ਵਾਲੇ 6824 ਉਮੀਦਵਾਰਾਂ ਦੀਆਂ ਦਾਖਲਾ ਪਰੀਖਿਆਵਾਂ ਲਈਆਂ ।
- ਮਈ-ਜੂਨ, 2015 ਦੌਰਾਨ ਐਮ ਐਸ ਸੀ/ਐਮ ਬੀ ਏ (ਏ ਬੀ) ਐਮ ਜੇ ਐਮ ਸੀ/ਐਮ ਟੈੱਕ ਪ੍ਰੋਗਰਾਮਾਂ ਵਿੱਚ ਦਾਖਲਾ ਲੈਣ ਵਾਲੇ 1042 ਉਮੀਦਵਾਰਾਂ ਦੀਆਂ 13 ਮਾਸਟਰਜ਼ ਦਾਖਲਾ ਪਰੀਖਿਆਵਾਂ ਲਈਆਂ ।
- ਨਵੰਬਰ 2014 ਦੌਰਾਨ 29 ਪੀ ਐਚ ਡੀ ਪ੍ਰੋਗਰਾਮਾਂ ਵਿੱਚ ਦਾਖਲਿਆਂ ਲਈ ਦਾਖਲਾ/ਪ੍ਰਵੇਸ਼ ਪਰੀਖਿਆਵਾਂ ਲਈਆਂ ।
- ਫਰਵਰੀ 13, 2015 ਨੂੰ 216 ਉਮੀਦਵਾਰਾਂ ਦੀ ਨੈੱਟਵਰਕ-ਕਮ-ਪ੍ਰੋਗਰਾਮ ਸਹਾਇਕਾਂ ਦੀਆਂ ਅਸਾਮੀਆਂ ਦੀ ਭਰਤੀ ਲਈ ਲਿਖਤੀ ਪਰੀਖਿਆ ਲਈ ਗਈ । ਜਨਰਲ ਅਸਿਸਟੈਂਟਾਂ ਦੀਆਂ ਅਸਾਮੀਆਂ ਦੀ ਭਰਤੀ ਲਈ 25 ਅਪ੍ਰੈਲ 2015 ਨੂੰ 25 ਉਮੀਦਵਾਰਾਂ ਦੀ ਪੰਜਾਬੀ ਭਾਸ਼ਾ ਵਿੱਚ ਟਾਈਪ ਰਾਈਟਿੰਗ ਦੀ ਪਰੀਖਿਆ ਲਈ ਗਈ । ਇਸ ਤੋਂ ਇਲਾਵਾ ਕੇ ਵੀ ਕੇ'ਜ਼ ਵਿਖੇ ਸਹਾਇਕਾਂ ਦੀਆਂ ਅਸਾਮੀਆਂ ਦੀ ਭਰਤੀ ਲਈ 26 ਅਪ੍ਰੈਲ 2015 ਨੂੰ 1137 ਉਮੀਦਵਾਰਾਂ ਦੀ ਲਿਖਤੀ ਪਰੀਖਿਆ ਲਈ ਗਈ । ਇਸ ਦੇ ਨਾਲ ਹੀ ਤਰਸ ਦੇ ਅਧਾਰ ਤੇ ਕਲਰਕਾਂ ਦੀਆਂ ਅਸਾਮੀਆਂ ਦੀ ਭਰਤੀ ਲਈ 26 ਅਪ੍ਰੈਲ 2015 ਨੂੰ ਚਾਰ ਉਮੀਦਵਾਰਾਂ ਦੀ ਲਿਖਤੀ ਪਰੀਖਿਆ ਲਈ ਗਈ । ਪੀ ਏ ਯੂ ਕਰਮਚਾਰੀਆਂ ਵਾਸਤੇ ਹਾਇਰ ਸਟੈਂਡਰਡ ਵਿਭਾਗੀ ਪਰੀਖਿਆ ਦੇ ਛੇ ਪੇਪਰ ਸਤੰਬਰ 2014 ਅਤੇ ਫਰਵਰੀ-ਮਾਰਚ 2015 ਦੌਰਾਨ ਲਏ ਗਏ ।

## ਨਵੇਂ ਕੋਰਸ

**ਖੇਤੀਬਾੜੀ ਕਾਲਜ**

ਫ਼ਸਲ ਵਿਗਿਆਨ ਵਿਭਾਗ ਵਿੱਚ ਇੱਕ ਨਵਾਂ ਕੋਰਸ 'ਕੰਜ਼ਰਵੇਸ਼ਨ ਐਗਰੀਕਲਚਰਲ' ਐਗਰੋਨ. 512 (2+1) ਸ਼ੁਰੂ ਕੀਤਾ ਗਿਆ ।

### ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ

| ਕੋਰਸ ਦਾ ਸਿਰਲੇਖ | ਕੋਰਸ ਨੰਬਰ | ਕ੍ਰੈਡਿਟ ਆਵਰਜ਼ |
|---|---|---|
| ਕਨਵਰਸੇਸ਼ਨਲ ਸਟ੍ਰਕਚਰ ਐਂਡ ਕਮਿਊਨੀਕੇਟਿਵ ਫੰਕਸ਼ਨ | ਇੰਗਲਸ਼ 93 (ਰਿਵਾਈਜ਼ਡ) | 1+2 |
| ਡਿਸਕੋਰਸ ਪੈਟਰਨਜ਼ ਇਨ ਸਪੋਕਨ ਇੰਗਲਿਸ਼ | ਇੰਗਲਸ਼ 94 (ਰਿਵਾਈਜ਼ਡ) | 1+2 |
| ਇੰਟ੍ਰੋਡਕਸ਼ਨ ਟੂ ਮਾਰਫਾਲੋਜੀ ਐਂਡ ਰੀਪ੍ਰੋਡਕਟਿਵ ਬਾਟਨੀ | ਬਾਟਨੀ 91 | 3+1 |
| ਬੇਸਿਕਸ ਆਫ਼ ਸਿਸਟੇਮੈਟਿਕ ਬਾਟਨੀ ਐਂਡ ਇਕਾਲੋਜੀ | ਬਾਟਨੀ 92 | 3+1 |
| ਇੰਟ੍ਰੋਡਕਸ਼ਨ ਟੂ ਪਲਾਂਟ ਹਿਸਟਾਲੋਜੀ ਐਂਡ ਜੈਨੇਟਿਕਸ | ਬਾਟਨੀ 93 | 3+1 |
| ਬੇਸਿਕਸ ਆਫ਼ ਪਲਾਂਟ ਫਿਜ਼ਿਆਲੋਜੀ | ਬਾਟਨੀ 94 | 3+1 |
| ਫੰਡਾਮੈਂਟਲ ਇਨਆਰਗੈਨਿਕ ਕਮਿਸਟਰੀ | ਕਮਿਸਟਰੀ 91 | 3+1 |
| ਇੰਟ੍ਰੋਡਕਟਰੀ ਆਰਗੈਨਿਕ ਕਮਿਸਟਰੀ | ਕਮਿਸਟਰੀ 92 | 3+1 |
| ਫੰਡਾਮੈਂਟਲਜ਼ ਆਫ਼ ਫਿਜ਼ੀਕਲ ਕਮਿਸਟਰੀ | ਕਮਿਸਟਰੀ 93 | 3+1 |
| ਫੰਡਾਮੈਂਟਲ ਆਰਗੈਨਿਕ ਕਮਿਸਟਰੀ | ਕਮਿਸਟਰੀ 94 | 3+1 |
| ਮਕੈਨਿਕਸ | ਫਿਜ਼ਿਕਸ 91 | 3+1 |
| ਮੈਟਰ ਪ੍ਰਾਪਰਟੀਜ਼ ਐਂਡ ਥਰਮੋਡਾਇਨਿਮਿਕਜ਼ | ਫਿਜ਼ਿਕਸ 92 | 3+1 |
| ਇਲੈਕਟ੍ਰਿਸਿਟੀ ਐਂਡ ਮੈਗਨੈਟਿਜ਼ਮ | ਫਿਜ਼ਿਕਸ 93 | 3+1 |
| ਮਾਡਰਨ ਫਿਜ਼ਿਕਸ | ਫਿਜ਼ਿਕਸ 94 | 3+1 |
| ਐਲੀਮੈਂਟਰੀ ਸੈੱਲ ਬਾਇਓਲੋਜੀ | ਜੂਅ. 91 | 3+1 |
| ਐਲੀਮੈਂਟਰੀ ਐਨੀਮਲ ਡਾਇਵਰਸਿਟੀ | ਜੂਅ. 92 | 3+1 |
| ਐਲੀਮੈਂਟਰੀ ਐਨੀਮਲ ਫਿਜ਼ਿਆਲੋਜੀ | ਜੂਅ. 93 | 3+1 |
| ਹਿਊਮੈਨ ਵੈਲਫੇਅਰ ਐਂਡ ਇਨਵਾਇਰਨਮੈਂਟ | ਜੂਅ. 94 | 3+1 |

## ਵਿਦਿਆਰਥੀਆਂ ਦੀਆਂ ਅਕਾਦਮਿਕ ਪ੍ਰਾਪਤੀਆਂ

### ਖੇਤੀਬਾੜੀ ਕਾਲਜ

- ਮਨਦੀਪ ਸਿੰਘ, ਸ਼ਰਧਸ੍ਰੀ ਉਪਾਧਿਆਇ ਅਤੇ ਕੁਮਾਰ ਅਨੁਰਾਗ ਭਾਸਕਰ ਨਾਂ ਦੇ ਤਿੰਨ ਵਿਦਿਆਰਥੀਆਂ ਨੇ ਪਲਾਂਟ ਬਰੀਡਿੰਗ ਅਤੇ ਭੂਮੀ ਵਿਗਿਆਨ ਵਿਸ਼ਿਆਂ ਵਿੱਚ ਹੋਈ ਆਈ ਸੀ ਏ ਆਰ-ਜੇ ਆਰ ਐਫ਼ ਪਰੀਖਿਆ ਵਿੱਚ ਕ੍ਰਮਵਾਰ ਦੂਜਾ, 18ਵਾਂ ਅਤੇ 25ਵਾਂ ਰੈਂਕ ਹਾਸਲ ਕੀਤਾ ।
- 69 ਵਿਦਿਆਰਥੀਆਂ ਨੇ ਯੂ ਜੀ ਸੀ-ਨੈੱਟ ਪਰੀਖਿਆ ਪਾਸ ਕੀਤੀ ।
- ਸਿਮਰਨਜੀਤ ਸਿੰਘ (ਐਲ-2012-ਏ-106-ਐਮ) ਨੂੰ ਸਾਲ 2014-15 ਦੌਰਾਨ ਯੂਨੀਵਰਸਿਟੀ ਵਿੱਚ ਐਮ ਐਸ ਸੀ (ਐਗ੍ਰੀ ਸਾਇੰਸਜ਼) ਵਿੱਚੋਂ ਸਰਵੋਤਮ ਆਲ ਰਾਊਂਡ ਵਿਦਿਆਰਥੀ ਰਿਹਾ ਹੋਣ ਕਰਕੇ 'ਸ ਕਰਤਾਰ ਸਿੰਘ ਕਾਹਲੋਂ ਗੋਲਡ ਮੈਡਲ' ਪ੍ਰਦਾਨ ਕੀਤਾ ਗਿਆ ।
- ਨਵਨੀਤ ਕੌਰ (ਐਲ 2012-ਏ-II-ਐਮ) ਨੂੰ ਐਮ ਐਸ ਸੀ ਐਗਰੋਨੋਮੀ ਵਿੱਚ ਸਭ ਤੋਂ ਵੱਧ ਓ ਸੀ ਪੀ ਏ ਹਾਸਲ ਕਰਨ ਕਰਕੇ 'ਡਾ. ਗੁਰਬਖਸ਼ ਸਿੰਘ ਗਿੱਲ ਮੈਡਲ' ਪ੍ਰਦਾਨ ਕੀਤਾ ਗਿਆ ।
- ਰੀਤਿਕਾ ਜੋਸ਼ੀ (ਐਲ 2011-ਏ-107-ਐਮ) ਨੂੰ ਐਮ ਐਸ ਸੀ ਪ੍ਰੋਗਰਾਮ (2014) ਵਿੱਚ ਖੋਜ ਕਾਰਜ ਦੀ ਸਰਵੋਤਮ ਪੇਸ਼ਕਾਰੀ ਕਰਕੇ ਭੂਮੀ ਵਿਗਿਆਨ ਦੀ ਭਾਰਤੀ ਸੰਸਥਾ, ਨਵੀਂ ਦਿੱਲੀ ਵੱਲੋਂ ਜ਼ੋਨਲ ਐਵਾਰਡ (ਨਾਰਥ ਜ਼ੋਨ)' ਹਾਸਲ ਹੋਇਆ।

### ਖੇਤੀ ਇੰਜੀਨੀਅਰਿੰਗ ਅਤੇ ਤਕਨਾਲੋਜੀ ਕਾਲਜ

- ਧੀਮੇਤ ਅਸ਼ੀਸ਼ ਸਤੀਸ਼ (ਐਲ-2 ਕੇ I-ਏ ਈ-139 ਐਮ) ਨੂੰ ਤਰਵੇਂਦਰਮ, ਕੇਰਲਾ ਵਿਖੇ ਤਕਨੀਕੀ ਸਿੱਖਿਆ ਦੀ ਭਾਰਤੀ ਸੰਸਥਾ ਦੀ 44ਵੀਂ ਸਲਾਨਾ ਕੰਨਵੈਨਸ਼ਨ ਮੌਕੇ 'ਬੈਸਟ ਥੀਸਿਸ ਐਵਾਰਡ' ਹਾਸਲ ਹੋਇਆ ।

### ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ

- ਸੱਤ ਵਿਦਿਆਰਥੀਆਂ ਨੇ ਆਈ ਸੀ ਏ ਆਰ-ਨੈੱਟ, ਦੋ ਵਿਦਿਆਰਥੀਆਂ ਨੇ ਆਈ ਸੀ ਏ ਆਰ-ਐਸ ਆਰ ਐਫ਼, ਅੱਠ ਵਿਦਿਆਰਥੀਆਂ ਨੇ ਏ ਆਰ ਐਸ-ਨੈੱਟ 2014, ਤਿੰਨ ਵਿਦਿਆਰਥੀਆਂ ਨੇ ਯੂ ਜੀ ਸੀ-ਸੀ ਐਸ ਆਈ ਆਰ ਨੈੱਟ, ਦੋ ਵਿਦਿਆਰਥੀਆਂ ਨੇ ਗੇਟ ਅਤੇ ਇੱਕ ਵਿਦਿਆਰਥੀ ਜੇ ਈ ਐਸ ਟੀ 2015 ਅਤੇ ਇੱਕ ਵਿਦਿਆਰਥੀ ਨੇ ਆਈ ਸੀ ਐਸ ਆਰ-ਜੇ ਆਰ ਐਫ਼ ਪਰੀਖਿਆ ਪਾਸ ਕੀਤੀ ।
- ਨੈਨਸੀ ਅਤੇ ਰਮਨਦੀਪ ਕੌਰ ਨੂੰ ਚੀਨ ਵਿਖੇ (25-29 ਅਗਸਤ, 2014) ਰੋਡੈਂਟ ਬਾਇਓਲੋਜੀ ਮੈਨਜਮੈਂਟ ਉੱਤੇ ਹੋਈ ਪੰਜਵੀਂ ਅੰਤਰਰਾਸ਼ਟਰੀ ਕਾਨਫਰੰਸ ਮੌਕੇ ਇੰਟਰਨੈਸ਼ਨਲ ਯੂਨੀਅਨ ਆਫ਼ ਬਾਇਓਲੋਜੀਕਲ ਸਾਇੰਸਜ਼ ਦਾ 'ਯੰਗ ਸਾਇੰਟਿਸਟ'ਜ਼ ਪ੍ਰੈਜ਼ੇਟੇਸ਼ਨ' ਐਵਾਰਡ ਹਾਸਲ ਹੋਇਆ ।

### ਹੋਮ ਸਾਇੰਸ ਕਾਲਜ

- ਦੋ ਵਿਦਿਆਰਥਣਾਂ ਨੇ ਨੈੱਟ ਪ੍ਰੀਖਿਆ ਪਾਸ ਕੀਤੀ ਅਤੇ ਇਕ ਵਿਦਿਆਰਥਣ ਨੂੰ ਓਹਾਈਓ ਸਟੇਟ ਯੂਨੀਵਰਸਿਟੀ ਵੱਲੋਂ ਯੂ ਐਸ ਆਈ ਏ ਡੀ ਪ੍ਰੋਜੈਕਟ ਹਾਸਲ ਹੋਇਆ ।
- 16 ਵਿਦਿਆਰਥਣਾਂ ਨੇ ਆਈ ਸੀ ਏ ਆਰ-ਜੂਨੀਅਰ ਰਿਸਰਚ ਫੈਲੋਸ਼ਿਪ (ਜੇ ਆਰ ਐਫ਼) ਪਰੀਖਿਆ ਪਾਸ ਕੀਤੀ।

## ਵਜ਼ੀਫ਼ੇ ਅਤੇ ਵਿੱਤੀ ਸਹਾਇਤਾ

### ਖੇਤੀਬਾੜੀ ਕਾਲਜ

- ਪ੍ਰਸ਼ਾਂਤ ਕੌਸ਼ਿਕ (ਸਬਜ਼ੀ ਵਿਗਿਆਨ) ਨੇ ਯੂਨੀਵਰਸਿਟੀ ਆਫ਼ ਵਲੈਂਸੀਆ, ਸਪੇਨ ਵਿਖੇ ਪੀ ਐਚ ਡੀ ਕਰਨ ਲਈ ਆਈ ਸੀ ਏ ਆਰ ਇੰਟਰਨੈਸ਼ਨਲ ਫੈਲੋਸ਼ਿਪ ਹਾਸਲ ਕੀਤੀ ।
- 29 ਯੂ ਜੀ ਵਿਦਿਆਰਥੀਆਂ ਨੂੰ ਆਈ ਸੀ ਏ ਆਰ ਨੈਸ਼ਨਲ ਟੇਲੈਂਟ ਸਕਾਲਰਸ਼ਿਪ, 175 ਵਿਦਿਆਰਥੀਆਂ ਨੂੰ ਪੰਜਾਬ ਰਾਜ ਖੇਤੀ ਮੰਡੀਕਰਨ ਬੋਰਡ ਸਕਾਲਰਸ਼ਿਪ, ਛੇ ਯੂ ਜੀ ਵਿਦਿਆਰਥੀਆਂ ਨੂੰ ਸ. ਗੁਰਦਿੱਤ ਸਿੰਘ ਕੰਗ ਫਾਊਂਡੇਸ਼ਨ ਸਕਾਲਰਸ਼ਿਪ, 19 ਵਿਦਿਆਰਥੀਆਂ ਨੂੰ ਜੀ ਐਸ ਖੁਸ਼ ਸਕਾਲਰਸ਼ਿਪ, 11 ਵਿਦਿਆਰਥੀਆਂ ਨੂੰ ਸੀ ਓ ਏ ਅਲੂਮਨੀ ਐਸੋਸੀਏਸ਼ਨ ਐਵਾਰਡਜ਼, 56 ਵਿਦਿਆਰਥੀਆਂ ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿਪ ਅਤੇ 96 ਵਿਦਿਆਰਥੀਆਂ ਨੂੰ ਪੀ ਏ ਯੂ ਮੈਰਿਟ ਸਕਾਲਰਸ਼ਿਪ ਪ੍ਰਦਾਨ ਕੀਤੇ ਗਏ ।
- 30 ਪੀ ਜੀ ਵਿਦਿਆਰਥੀਆਂ ਨੇ ਆਈ ਸੀ ਏ ਆਰ-ਜੂਨੀਅਰ ਰਿਸਰਚ ਫੈਲੋਸ਼ਿਪ, ਤਿੰਨ ਵਿਦਿਆਰਥੀਆਂ ਨੇ ਆਈ ਸੀ ਏ ਆਰ-ਸੀਨੀਅਰ ਰਿਸਰਚ ਫੈਲੋਸ਼ਿਪ, ਛੇ ਵਿਦਿਆਰਥੀਆਂ ਨੇ ਆਈ ਸੀ ਏ ਆਰ-ਫਾਰਨ ਸਟੂਡੈਂਟ ਫੈਲੋਸ਼ਿਪ, ਚਾਰ ਵਿਦਿਆਰਥੀਆਂ ਨੇ ਮਾਨਸੈਂਟੋ ਬੀਚਲ ਬਾਰਲਾਗ ਇੰਟਰਨੈਸ਼ਨਲ ਸਕਾਲਰਸ਼ਿਪ, ਦੋ ਵਿਦਿਆਰਥੀਆਂ ਨੇ ਮਾਨਸੈਂਟੋ ਮੈਰਿਟ ਫੈਲੋਸ਼ਿਪ, 27 ਵਿਦਿਆਰਥੀਆਂ ਨੇ ਸਾਇੰਸ ਅਤੇ ਤਕਨਾਲੋਜੀ ਵਿਭਾਗ (ਡੀ ਐਸ ਟੀ) ਤੋਂ ਇੰਸਪਾਇਰ ਫੈਲੋਸ਼ਿਪ, 9 ਵਿਦਿਆਰਥੀਆਂ ਨੇ ਰਾਜੀਵ ਗਾਂਧੀ ਨੈਸ਼ਨਲ ਫੈਲੋਸ਼ਿਪ ਅਤੇ 132 ਪੀ ਜੀ ਵਿਦਿਆਰਥੀਆਂ ਨੇ ਪੀ ਏ ਯੂ ਮੈਰਿਟ ਸਕਾਲਰਸ਼ਿਪ ਹਾਸਲ ਕੀਤਾ ।
- ਛੇ ਵਿਦਿਆਰਥੀਆਂ ਨੇ ਭਾਰਤੀ ਫੀਲਡ ਫਰੈਸ਼ ਫੈਲੋਸ਼ਿਪ ਅਤੇ ਇੱਕ-ਇੱਕ ਵਿਦਿਆਰਥੀ ਨੇ ਏ ਐਸ ਪੀ ਈ ਈ ਫੈਲੋਸ਼ਿਪ, ਯੂ ਜੀ ਸੀ, ਐਸ ਆਰ ਐਫ, ਡਿਪਾਰਟਮੈਂਟ ਆਫ਼ ਬਾਇਓਤਨਾਲੋਜੀ-ਜੇ ਆਰ ਐਫ ਅਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਹਾਸਲ ਕੀਤਾ।

### ਖੇਤੀ ਇੰਜੀਨੀਅਰਿੰਗ ਅਤੇ ਤਕਨਾਲੋਜੀ ਕਾਲਜ

- 9 ਯੂ ਜੀ ਵਿਦਿਆਰਥੀਆਂ ਨੂੰ ਐਨ ਟੀ ਐਸ (ਆਈ ਸੀ ਏ ਆਰ), ਚਾਰ ਵਿਦਿਆਰਥੀਆਂ ਨੂੰ ਜੀ ਐਸ ਖੁਸ਼ ਸਕਾਲਰਸ਼ਿਪ, ਇੱਕ ਵਿਦਿਆਰਥੀ ਨੂੰ ਆਰ ਐਨ ਕੌਲ ਸਕਾਲਰਸ਼ਿਪ, 29 ਵਿਦਿਆਰਥੀਆਂ ਨੂੰ ਪੀ ਏ ਯੂ ਮੈਰਿਟ ਸਕਾਲਰਸ਼ਿਪ ਅਤੇ 17 ਵਿਦਿਆਰਥੀਆਂ ਨੂੰ ਪੋਸਟ-ਮੈਟ੍ਰਿਕ ਸਕਾਲਰਸ਼ਿਪ (ਪੰਜਾਬ ਸਰਕਾਰ) ਪ੍ਰਦਾਨ ਕੀਤੇ ਗਏ ।
- ਇਕ ਪੀ ਜੀ ਵਿਦਿਆਰਥੀ ਨੇ ਆਈ ਸੀ ਏ ਆਰ-ਜੇ ਆਰ ਐਫ, ਇਕ ਵਿਦਿਆਰਥੀ ਨੇ ਜੈਨ ਇਰੀਗੇਸ਼ਨ ਰਿਸਰਚ ਫੈਲੋਸ਼ਿਪ, 28 ਵਿਦਿਆਰਥੀਆਂ ਨੇ ਪੀ ਏ ਯੂ ਮੈਰਿਟ ਫੈਲੋਸ਼ਿਪ ਅਤੇ ਦੋ ਵਿਦਿਆਰਥੀਆਂ ਨੇ ਪੋਸਟ-ਮੈਟ੍ਰਿਕ ਸਕਾਲਰਸ਼ਿਪ ਹਾਸਲ ਕੀਤਾ ।

### ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ

- ਇੱਕ ਵਿਦਿਆਰਥੀ ਨੂੰ ਆਈ ਸੀ ਏ ਆਰ ਵੱਲੋਂ ਸੀਨੀਅਰ ਰਿਸਰਚ ਫੈਲੋਸ਼ਿਪ ਹਾਸਲ ਹੋਈ ।
- 9 ਵਿਦਿਆਰਥੀਆਂ ਨੇ ਯੂ ਜੀ ਸੀ-ਜੇ ਆਰ ਐਫ ਪ੍ਰੀਖਿਆ, ਇੱਕ ਵਿਦਿਆਰਥੀ ਨੇ ਆਈ ਸੀ ਐਸ ਐਸ ਆਰ, ਇੱਕ ਨੇ ਸੀ ਐਸ ਆਈ ਆਰ-ਯੂ ਜੀ ਸੀ ਜੇ ਆਰ ਐਫ, ਇੱਕ ਨੇ ਵੂਮੈਨ ਸਾਇੰਟਿਸਟ ਸਕਾਲਰਸ਼ਿਪ ਯੂ ਜੀ ਸੀ, ਇੱਕ ਨੇ ਪੋਸਟ ਗ੍ਰੈਜੂਏਟ ਇੰਦਰਾ ਗਾਂਧੀ ਸਕਾਲਰਸ਼ਿਪ, ਇੱਕ ਨੇ ਬਿਹਾਰ ਸਮਾਜਯ ਕਲਿਆਣ ਵਿਭਾਗਿਯ ਫੈਲੋਸ਼ਿਪ, ਸੱਤ ਨੇ ਡੀ ਐਸ ਟੀ ਤੋਂ ਇੰਸਪਾਇਰ ਫੈਲੋਸ਼ਿਪ, ਸੱਤ ਨੇ ਮੌਲਾਨਾ ਅਜ਼ਾਦ ਘੱਟ ਗਿਣਤੀ ਫੈਲੋਸ਼ਿਪ ਅਤੇ ਛੇ ਨੇ ਯੂ ਜੀ ਸੀ ਤੋਂ ਰਾਜੀਵ ਗਾਂਧੀ ਨੈਸ਼ਨਲ ਫੈਲੋਸ਼ਿਪ, ਦੋ ਨੇ ਘੱਟ ਗਿਣਤੀ ਮੰਤਰਾਲਾ (ਭਾਰਤ ਸਰਕਾਰ) ਤੋਂ ਘੱਟ ਗਿਣਤੀ-ਕਮ-ਸਾਧਨ ਸਕਾਲਰਸ਼ਿਪ, ਚਾਰ ਨੇ ਡਾ. ਜੀ ਐਸ ਖੁਸ਼ ਐਵਾਰਡ, 44 ਪੀ ਜੀ ਵਿਦਿਆਰਥੀਆਂ ਨੇ ਯੂਨੀਵਰਸਿਟੀ ਮੈਰਿਟ ਫੈਲੋਸ਼ਿਪ ਅਤੇ 18 ਨੇ ਵਿਦਿਆਰਥੀ ਸਹਾਇਤਾ ਫੰਡ ਹਾਸਲ ਕੀਤਾ ।

### ਹੋਮ ਸਾਇੰਸ ਕਾਲਜ

- ਚਾਰ ਯੂ ਜੀ ਵਿਦਿਆਰਥਣਾਂ ਨੇ ਡਾ. ਜੀ ਐਸ ਖੁਸ਼ ਪੁਰਸਕਾਰ ਅਤੇ 35 ਨੇ ਪੀ ਏ ਯੂ ਮੈਰਿਟ ਸਕਾਲਰਸ਼ਿਪ ਹਾਸਲ ਕੀਤਾ।
- ਦੋ ਪੀ ਜੀ ਵਿਦਿਆਰਥਣਾਂ ਵਿੱਚੋਂ ਹਰੇਕ ਨੇ ਆਈ ਸੀ ਐਮ ਆਰ-ਐਸ ਆਰ ਐਫ ਅਤੇ ਆਈ ਸੀ ਏ ਆਰ-ਐਸ ਆਰ ਐਫ, ਛੇ ਨੇ ਆਈ ਸੀ ਏ ਆਰ-ਜੇ ਆਰ ਐਫ, 11 ਨੇ ਯੂ ਜੀ ਸੀ-ਜੇ ਆਰ ਐਫ, ਇੱਕ ਨੇ ਫੈਲੋਸ਼ਿਪ, 14 ਨੇ ਇੰਸਪਾਇਰ ਫੈਲੋਸ਼ਿਪ ਅਤੇ 34 ਨੇ ਪੀ ਏ ਯੂ ਮੈਰਿਟ ਫੈਲੋਸ਼ਿਪ ਹਾਸਲ ਕੀਤੀ ।

## ਕਨਵੋਕੇਸ਼ਨਜ਼

- ਖੇਤੀਬਾੜੀ ਕਾਲਜ ਪੀ ਏ ਯੂ ਦੀ 14ਵੀਂ ਸਾਲਾਨਾ ਕਨਵੋਕੇਸ਼ਨ 28 ਜਨਵਰੀ 2015 ਨੂੰ ਹੋਈ । ਇਸ ਮੌਕੇ ਡਾ. ਆਰ. ਆਰ. ਹੰਚੀਨਾਲ, ਚੇਅਰਪਰਸਨ, ਪ੍ਰੋਟੈਕਸ਼ਨ ਆਫ਼ ਪਲਾਂਟ ਵੈਰਾਇਟੀਜ਼ ਐਂਡ ਫਾਰਮਰਜ਼ ਰਾਈਟਰਜ਼ ਅਥਾਰਟੀ, ਭਾਰਤ ਸਰਕਾਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ । ਸਾਲ 2012 ਅਤੇ ਸਾਲ 2013 ਦੌਰਾਨ ਬੀ ਐਸ ਸੀ ਐਗਰੀਕਲਚਰ (ਆਨਰਜ਼) ਦੇ 192, ਬੀ ਐਸ ਸੀ ਬਾਇਓਤਕਨਾਲੋਜੀ (ਆਨਰਜ਼) ਦੇ 78 ਅਤੇ ਬੀ ਟੈੱਕ, ਫੂਡ ਟੈੱਕ (ਆਨਰਜ਼)

ਦੇ 22 ਪਾਸ ਆਊਟਜ਼ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ। ਇਨ੍ਹਾਂ ਤੋਂ ਇਲਾਵਾ 6 ਵਿਦਿਆਰਥੀਆਂ ਨੂੰ ਯੂਨੀਵਰਸਿਟੀ ਗੋਲਡ ਮੈਡਲ ਅਤੇ 13 ਹੋਰ ਮੈਡਲ ਪ੍ਰਦਾਨ ਕੀਤੇ ਗਏ । ਇਸ ਦੇ ਨਾਲ ਹੀ ਇੱਕ ਵਿਦਿਆਰਥੀ ਨੂੰ ਡਾ. ਜੇ. ਐਸ. ਪਰੂਥੀ ਇਨਾਮ, 6 ਨੂੰ ਅਕਾਦਮਿਕ ਰੋਲ ਆਫ਼ ਆਨਰ, 44 ਨੂੰ ਮੈਰਿਟ ਸਰਟੀਫਿਕੇਟ ਅਤੇ 37 ਨੂੰ ਅਕਾਦਮਿਕ ਖੇਤਰ ਵਿੱਚ ਸਰਵੋਤਮਤਾ ਹਾਸਲ ਕਰਨ ਕਰਕੇ ਇਨਾਮ ਪ੍ਰਦਾਨ ਕੀਤੇ ਗਏ ।

- ਹੋਮ ਸਾਇੰਸ ਕਾਲਜ ਪੀ ਏ ਯੂ ਦਾ ਕਨਵੋਕੇਸ਼ਨ-ਕਮ-ਇਨਾਮ ਵੰਡ ਸਮਾਰੋਹ 24 ਫ਼ਰਵਰੀ 2015 ਨੂੰ ਹੋਇਆ। ਇਸ ਮੌਕੇ ਡਾ. ਬੀ. ਮੀਨਾਕੁਮਾਰੀ, ਡਿਪਟੀ ਡਾਇਰੈਕਟਰ ਜਨਰਲ (ਫਿਸ਼ਰੀਜ਼), ਆਈ ਸੀ ਏ ਆਰ, ਨਵੀਂ ਦਿੱਲੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ । ਇਸ ਮੌਕੇ ਸਾਲ 2011-12 ਤੋਂ ਸਾਲ 2013-14 ਦੌਰਾਨ ਬੀ.ਐਸ.ਸੀ. ਹੋਮ ਸਾਇੰਸ (ਆਨਰਜ਼) 4 ਸਾਲ ਅਤੇ 6 ਸਾਲ ਪ੍ਰੋਗਰਾਮ, ਬੀ ਐਸ ਸੀ ਫੈਸ਼ਨ ਡਿਜ਼ਾਈਨਿੰਗ (ਆਨਰਜ਼) ਅਤੇ ਬੀ ਐਸ ਸੀ ਨਿਊਟ੍ਰੀਸ਼ਨ ਐਂਡ ਡਾਈਟਿਟਿਕਸ (ਆਨਰਜ਼) ਦੇ 190 ਪਾਸ ਆਊਟਜ਼ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ। ਇਸ ਤੋਂ ਇਲਾਵਾ ਅਕਾਦਮਿਕ, ਸਪੋਰਟਸ ਅਤੇ ਕੋ-ਕੁਰੀਕੁਲਰ ਗਤੀਵਿਧੀਆਂ ਵਿੱਚ ਸਰਵੋਤਮਤਾ ਵਿਖਾਉਣ ਵਾਲੀਆਂ 5 ਵਿਦਿਆਰਥਣਾਂ ਨੂੰ ਗੋਲਡ ਮੈਡਲ, 19 ਨੂੰ ਮੈਰਿਟ ਸਰਟੀਫਿਕੇਟ ਅਤੇ ਕਈ ਹੋਰਾਂ ਨੂੰ ਕਾਲਜ ਕਲਰ ਅਤੇ ਇਨਾਮ ਪ੍ਰਦਾਨ ਕੀਤੇ ।
- ਖੇਤੀ ਇੰਜਨੀਅਰਿੰਗ ਅਤੇ ਤਕਨਾਲੋਜੀ ਕਾਲਜ ਦੀ ਸਾਲਾਨਾ ਕਨਵੋਕੇਸ਼ਨ ਅਤੇ ਇਨਾਮ ਵੰਡ ਸਮਾਰੋਹ 24 ਜੂਨ 2015 ਨੂੰ ਹੋਇਆ । ਇਸ ਮੌਕੇ ਸ. ਪਰਮਿੰਦਰ ਸਿੰਘ ਢੀਂਡਸਾ, ਵਿੱਤ ਅਤੇ ਯੋਜਨਾ ਮੰਤਰੀ, ਪੰਜਾਬ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ । ਇਸ ਮੌਕੇ ਬੀ ਟੈੱਕ ਖੇਤੀ ਇੰਜਨੀਅਰਿੰਗ ਦੇ ਉਨ੍ਹਾਂ ਸਾਰੇ ਵਿਦਿਆਰਥੀਆਂ, ਜਿਨ੍ਹਾਂ ਨੇ 2 ਮਾਰਚ 2015 ਤੱਕ ਆਪਣੇ ਡਿਗਰੀ ਪ੍ਰੋਗਰਾਮ ਸੰਪੂਰਨ ਕੀਤੇ, ਉਨ੍ਹਾਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ । ਇਸ ਤੋਂ ਇਲਾਵਾ ਅਕਾਦਮਿਕ ਅਤੇ ਕੋ-ਕੁਰੀਕੁਲਰ ਗਤੀਵਿਧੀਆਂ ਵਿੱਚ ਸਰਵੋਤਮਤਾ ਦਿਖਾਉਣ ਵਾਲੇ ਵਿਦਿਆਰਥੀਆਂ ਨੂੰ ਮੈਰਿਟ ਸਰਟੀਫਿਕੇਟ, ਰਨਿੰਗ ਟਰਾਫ਼ੀਆਂ ਅਤੇ ਨਗਦ ਇਨਾਮ ਪ੍ਰਦਾਨ ਕੀਤੇ ਗਏ ।

## ਵਿਦਿਆਰਥੀ ਭਲਾਈ ਗਤੀਵਿਧੀਆਂ

### ਮਹੱਤਵਪੂਰਨ ਸਪੋਰਟਸ ਪ੍ਰਾਪਤੀਆਂ

### ਅੰਤਰ-ਵਰਸਿਟੀ ਟੂਰਨਾਮੈਂਟ

- ਪੀ ਏ ਯੂ ਦੀਆਂ ਟੀਮਾਂ ਨੇ ਲਾਅਨ ਟੈਨਿਸ (ਲੜਕੇ), ਕ੍ਰਿਕਟ (ਲੜਕੇ), ਫੁਟਬਾਲ (ਲੜਕੇ), ਟੇਬਲ ਟੈਨਿਸ (ਲੜਕੇ ਅਤੇ ਲੜਕੀਆਂ), ਬਾਸਕਟਬਾਲ (ਲੜਕੇ ਅਤੇ ਲੜਕੀਆਂ), ਤੈਰਾਕੀ (ਲੜਕੇ ਅਤੇ ਲੜਕੀਆਂ), ਕਬੱਡੀ (ਲੜਕੇ), ਸਾਈਕਲਿੰਗ (ਲੜਕੇ ਅਤੇ ਲੜਕੀਆਂ), ਹੈਂਡਬਾਲ (ਲੜਕੇ ਅਤੇ ਲੜਕੀਆਂ), ਬੈਡਮਿੰਟਨ (ਲੜਕੇ ਅਤੇ ਲੜਕੀਆਂ), ਵਾਲੀਬਾਲ (ਲੜਕੇ), ਸ਼ੂਟਿੰਗ (ਲੜਕੇ) ਅਤੇ ਵੇਟ ਲਿਫਟਿੰਗ (ਲੜਕੇ) ਦੇ ਨਾਰਥ ਜ਼ੋਨ/ਆਲ ਇੰਡੀਆ ਅੰਤਰ-ਵਰਸਿਟੀ ਟੂਰਨਾਮੈਂਟਾਂ ਵਿੱਚ ਹਿੱਸਾ ਲਿਆ ।

### ਨਾਰਥ (ਉੱਤਰੀ) ਜ਼ੋਨ ਅੰਤਰ-ਵਰਸਿਟੀ ਹਾਕੀ

- ਪੀ ਏ ਯੂ ਨੇ 13-19 ਫ਼ਰਵਰੀ 2015 ਦੌਰਾਨ ਨਾਰਥ ਜ਼ੋਨ ਅੰਤਰ-ਵਰਸਿਟੀ ਹਾਕੀ (ਲੜਕਿਆਂ) ਦਾ ਟੂਰਨਾਮੈਂਟ ਕਰਵਾਇਆ । ਇਸ ਟੂਰਨਾਮੈਂਟ ਵਿੱਚ ਯੂਨੀਵਰਸਿਟੀ ਨੇ ਦੂਜਾ ਸਥਾਨ ਗ੍ਰਹਿਣ ਕੀਤਾ ।

### ਯੂਨੀਵਰਸਿਟੀ ਪੱਧਰ ਦੇ ਟੂਰਨਾਮੈਂਟ

- ਪੀ ਏ ਯੂ ਦੇ ਸੰਬੰਧਿਤ ਕਾਲਜਾਂ ਦੀਆਂ ਟੀਮਾਂ ਨੇ ਵਾਲੀਬਾਲ (ਲੜਕੇ), ਬਾਸਕਟਬਾਲ (ਲੜਕੇ ਅਤੇ ਲੜਕੀਆਂ), ਫੁਟਬਾਲ (ਲੜਕੇ), ਤੈਰਾਕੀ (ਲੜਕੇ ਅਤੇ ਲੜਕੀਆਂ), ਲਾਅਨ ਟੈਨਿਸ (ਲੜਕੇ), ਹੈਂਡਬਾਲ (ਲੜਕੇ ਅਤੇ ਲੜਕੀਆਂ), ਹਾਕੀ (ਲੜਕੇ), ਬੈਡਮਿੰਟਨ (ਲੜਕੇ ਅਤੇ ਲੜਕੀਆਂ), ਵੇਟ ਲਿਫਟਿੰਗ (ਲੜਕੇ ਅਤੇ ਲੜਕੀਆਂ), ਕ੍ਰਿਕਟ (ਲੜਕੇ), ਟੇਬਲ ਟੈਨਿਸ (ਲੜਕੇ ਅਤੇ ਲੜਕੀਆਂ) ਅਤੇ ਸਾਈਕਲਿੰਗ (ਲੜਕੇ ਅਤੇ ਲੜਕੀਆਂ) ਦੇ ਅੰਤਰ-ਕਾਲਜ ਟੂਰਨਾਮੈਂਟਾਂ ਵਿੱਚ ਸ਼ਿਰਕਤ ਕੀਤੀ । ਸੈਸ਼ਨ 2014-15 ਲਈ ਸੰਦੀਪ ਸਿੰਘ (ਖੇਤੀਬਾੜੀ ਕਾਲਜ) ਨੂੰ ਸਰਵੋਤਮ ਸਾਈਕਲਿਸਟ, ਅਰਜਨ ਸਿੰਘ (ਖੇਤੀਬਾੜੀ ਕਾਲਜ) ਨੂੰ ਸਰਵੋਤਮ ਹਾਕੀ ਖਿਡਾਰੀ ਅਤੇ ਸੁਨੀਲ ਕੁਮਾਰ (ਖੇਤੀਬਾੜੀ ਇੰਜ. ਅਤੇ ਤਕਨਾਲੋਜੀ ਕਾਲਜ) ਨੂੰ ਸਰਵੋਤਮ ਤੈਰਾਕ ਐਲਾਨਿਆ ਗਿਆ ।

### ਸਾਲਾਨਾ ਐਥਲੈਟਿਕ ਮੀਟ

- ਪੀ ਏ ਯੂ ਦੀ 49ਵੀਂ ਸਾਲਾਨਾ ਅਥਲੈਟਿਕ ਮੀਟ ਯੂਨੀਵਰਸਿਟੀ ਦੇ ਅਥਲੈਟਿਕ ਟਰੈਕ ਉੱਤੇ 9 ਮਾਰਚ 2015 ਨੂੰ ਹੋਈ । ਯੂਨੀਵਰਸਿਟੀ ਦੇ ਸੰਬੰਧਤ ਕਾਲਜਾਂ ਵਿਚੋਂ ਵੱਡੀ ਗਿਣਤੀ ਵਿਦਿਆਰਥੀਆਂ ਨੇ ਵੱਖੋ-ਵੱਖ ਐਥਲੈਟਿਕ ਖੇਡਾਂ ਵਿੱਚ ਹਿੱਸਾ ਲਿਆ । ਗੁਰਿੰਦਰ ਸਿੰਘ (ਖੇਤੀ ਇੰਜ. ਅਤੇ ਤਕਨਾਲੋਜੀ ਕਾਲਜ) ਅਤੇ ਮਹਿਕਪ੍ਰੀਤ ਰੰਧਾਵਾ (ਖੇਤੀਬਾੜੀ ਕਾਲਜ) ਨੂੰ ਕ੍ਰਮਵਾਰ ਲੜਕੇ ਅਤੇ ਲੜਕੀਆਂ ਦੀ ਸ਼੍ਰੇਣੀ ਵਿੱਚ ਸਰਵੋਤਮ ਐਥਲੀਟ ਐਲਾਨਿਆ ਗਿਆ ।

### ਯੂਨੀਵਰਸਿਟੀ ਕਲਰ/ਮੈਰਿਟ ਸਰਟੀਫਿਕੇਟ

- ਪੀ ਏ ਯੂ ਸਪੋਰਟਸ ਅਤੇ ਯੁਵਕ ਗਤੀਵਿਧੀਆਂ ਕੌਂਸਲ ਦੀ 51ਵੀਂ ਮੀਟਿੰਗ 25 ਨਵੰਬਰ 2014 ਨੂੰ ਹੋਈ ਜਿਸ ਵਿੱਚ ਸੈਸ਼ਨ 2013-14 ਦੌਰਾਨ ਸਪੋਰਟਸ, ਗੇਮਜ਼, ਸਭਿਆਚਾਰਕ ਅਤੇ ਸਾਹਿਤਕ ਗਤੀਵਿਧੀਆਂ ਵਿੱਚ ਸਰਵੋਤਮ ਰਹੇ ਖਿਡਾਰੀਆਂ/ਕਲਾਕਾਰਾਂ ਨੂੰ 33 ਮੈਰਿਟ ਸਰਟੀਫਿਕੇਟ, 12 ਯੂਨੀਵਰਸਿਟੀ ਕਲਰ ਅਤੇ 3 ਰੋਲ ਆਫ਼ ਆਨਰ ਪ੍ਰਦਾਨ ਕਰਨ ਦਾ ਫੈਸਲਾ ਲਿਆ । ਵਿਦਿਆਰਥੀਆਂ ਨੂੰ ਇਹ ਮਾਨ-ਸਨਮਾਨ ਯੂਨੀਵਰਸਿਟੀ ਦੀ 49ਵੀਂ ਸਾਲਾਨਾ ਐਥਲੈਟਿਕ ਮੀਟ ਮੌਕੇ ਪ੍ਰਦਾਨ ਕੀਤੇ ਗਏ।

### ਸਪੋਰਟਸ ਕੈਂਪਜ਼

- ਪੀ ਏ ਯੂ ਵਿਖੇ ਸਾਲ 2014-15 ਦਾ ਸਾਲਾਨਾ ਨੈਸ਼ਨਲ ਸਪੋਰਟਸ ਆਰਗੇਨਾਈਜ਼ੇਸ਼ਨ (ਐਨ ਐਸ ਓ) ਕੋਚਿੰਗ ਕੈਂਪ ਲਗਵਾਇਆ ਗਿਆ । ਐਨ ਐਸ ਓ ਪ੍ਰੋਗਰਾਮ ਦੇ ਤਹਿਤ 175 ਸਿਖਿਆਰਥੀਆਂ ਨੇ ਇਸ ਕੈਂਪ ਵਿੱਚ ਆਪਣਾ ਨਾਂ ਦਰਜ ਕਰਵਾਇਆ । ਸਿਖਿਆਰਥੀਆਂ ਨੂੰ ਵੱਖੋ ਵੱਖ ਖੇਡਾਂ ਦੀ ਤਕਨੀਕੀ ਨਿਪੁੰਨਤਾ ਅਤੇ ਸਖਤ ਸਿਖਲਾਈ ਪ੍ਰਦਾਨ ਕੀਤੀ ਗਈ ।

### ਸਪੋਰਟਸ ਸਕਾਲਰਸ਼ਿਪਜ਼ (ਵਜ਼ੀਫੇ)

- ਸਪੋਰਟਸ ਸਕਾਲਰਸ਼ਿਪ ਕਮੇਟੀ ਦੀ 29 ਮਈ 2015 ਨੂੰ ਇਕ ਮੀਟਿੰਗ ਹੋਈ ਜਿਸ ਵਿੱਚ ਅਕਾਦਮਿਕ ਸੈਸ਼ਨ 2014-15 ਦੌਰਾਨ ਸਰਵੋਤਮ ਰਹੇ ਖਿਡਾਰੀਆਂ ਲਈ 350/- ਰੁਪਏ ਪ੍ਰਤੀ ਮਹੀਨਾ ਦੇ 10 ਸਪੋਰਟਸ ਸਕਾਲਰਸ਼ਿਪ ਜਿਨ੍ਹਾਂ ਵਿਚੋਂ ਪ੍ਰਮੁੱਖ ਖੇਡ ਲਈ ਇੱਕ ਅਤੇ ਗੌਣ ਖੇਡਾਂ ਲਈ 9 ਸਕਾਲਰਸ਼ਿਪ ਦੇਣ ਦੀ ਪ੍ਰਵਾਨਗੀ ਦਿੱਤੀ ਗਈ ।

### ਸਰਵੋਤਮ ਖਿਡਾਰੀ

- ਪੀ ਏ ਯੂ ਦੀ ਹਾਕੀ ਟੀਮ (ਲੜਕੇ) ਨੇ ਫ਼ਰਵਰੀ 2015 ਵਿੱਚ ਹੋਏ ਨਾਰਥ-ਜ਼ੋਨ ਅੰਤਰ-ਵਰਸਿਟੀ ਹਾਕੀ (ਲੜਕੇ) ਟੂਰਨਾਮੈਂਟ ਵਿੱਚ ਦੂਜਾ ਸਥਾਨ ਗ੍ਰਹਿਣ ਕੀਤਾ । ਇਸ ਟੀਮ ਨੇ ਫ਼ਰਵਰੀ-ਮਾਰਚ 2015 ਦੌਰਾਨ ਬਰਕਤੁਲਾ ਯੂਨੀਵਰਸਿਟੀ, ਭੋਪਾਲ ਵਿਖੇ ਹੋਏ ਆਲ ਇੰਡੀਆ ਅੰਤਰ-ਵਰਸਿਟੀ ਹਾਕੀ (ਲੜਕੇ) ਟੂਰਨਾਮੈਂਟ ਵਿੱਚ ਵੀ ਸ਼ਿਰਕਤ ਕੀਤੀ । ਇਸ ਤੋਂ ਇਲਾਵਾ ਇਸ ਟੀਮ ਨੇ ਫਰਵਰੀ-ਮਾਰਚ 2015 ਦੌਰਾਨ ਨਵੀਂ ਦਿੱਲੀ ਵਿਖੇ ਐਸੋਸੀਏਸ਼ਨ ਆਫ਼ ਇੰਡੀਅਨ ਯੂਨੀਵਰਸਿਟੀਜ਼ ਅਤੇ ਜਵਾਹਰ ਲਾਲ ਨਹਿਰੂ ਹਾਕੀ ਟੂਰਨਾਮੈਂਟ ਸੋਸਾਇਟੀ ਵੱਲੋਂ ਆਯੋਜਿਤ ਚੈਂਪੀਅਨ ਯੂਨੀਵਰਸਿਟੀਜ਼ ਹਾਕੀ (ਲੜਕੇ) ਟੂਰਨਾਮੈਂਟ ਵਿੱਚ ਵੀ ਭਾਗ ਲਿਆ ।
- ਨਿਮਰਤ ਕੌਰ ਸੇਖੋਂ (ਐਲ-2013-ਏ-54-ਬੀ VI) ਨੇ ਅਗਸਤ 2014 ਵਿੱਚ ਜਲੰਧਰ ਵਿਖੇ ਹੋਈ 49ਵੀਂ ਪੰਜਾਬ ਸਟੇਟ ਸ਼ੂਟਿੰਗ ਚੈਂਪੀਅਨਸ਼ਿਪ ਦੌਰਾਨ ਰਾਈਫ਼ਲ/ਪਿਸਟਲ ਦੀਆਂ ਤਿੰਨ ਸ਼੍ਰੇਣੀਆਂ ਵਿੱਚ ਸੋਨ ਤਗਮਾ ਕੀਤਾ । ਇਸ ਖਿਡਾਰਨ ਨੇ ਦਸੰਬਰ 2014 ਵਿੱਚ ਬੇਲਵਾੜੀ ਸ਼ੂਟਿੰਗ ਰੇਂਜਿਜ਼, ਪੂਨੇ ਵਿਖੇ ਹੋਈ 58ਵੀਂ ਨੈਸ਼ਨਲ ਸ਼ੂਟਿੰਗ ਚੈਂਪੀਅਨਸ਼ਿਪ ਵਿੱਚ ਤੀਜਾ ਸਥਾਨ ਗ੍ਰਹਿਣ ਕੀਤਾ ।
- ਸਿਰਤਾਜ ਸਿੰਘ (ਐਲ-2013-ਏ-56-ਐਮ) ਨੇ ਜਨਵਰੀ 2015 ਵਿੱਚ ਸ੍ਰੀ ਸਾਈ ਗਰੁੱਪ ਆਫ਼ ਇੰਸਟੀਚਿਊਟ, ਪਠਾਨਕੋਟ ਵਿਖੇ ਹੋਏ ਆਲ ਇੰਡੀਆ ਅੰਤਰ-ਵਰਸਿਟੀ ਵੇਟ ਲਿਫਟਿੰਗ (ਲੜਕੇ), ਪਾਵਰ ਲਿਫਟਿੰਗ (ਲੜਕੇ) ਅਤੇ ਬੈਸਟ ਫਿਜ਼ੀਕ (ਲੜਕੇ) ਟੂਰਨਾਮੈਂਟ ਵਿੱਚ ਤੀਜਾ ਸਥਾਨ ਗ੍ਰਹਿਣ ਕੀਤਾ ।
- ਅਰਸ਼ਦੀਪ ਸਿੰਘ (ਐਲ-2013-ਏ-34-ਬੀ VI) ਨੇ ਜਨਵਰੀ 2015 ਵਿੱਚ ਝਾਰਖੜ ਵਿਖੇ ਹੋਈ ਪੰਜਾਬ ਸਟੇਟ ਜੂਨੀਅਰ ਬੁਆਇਜ਼ ਐਂਡ ਗਰਲਜ਼ ਹੈਂਡਬਾਲ ਚੈਂਪੀਅਨਸ਼ਿਪ ਵਿੱਚ ਦੂਜਾ ਸਥਾਨ ਗ੍ਰਹਿਣ ਕੀਤਾ ਜਦਕਿ ਲਵਲੀਨ ਕੌਰ (ਐਲ-2010-ਏ-82-ਬੀ VI) ਅਤੇ ਲਵਪ੍ਰੀਤ ਕੌਰ (ਐਲ-2010-ਏ-81-ਬੀ VI) ਨੇ ਤੀਜਾ ਸਥਾਨ ਹਾਸਲ ਕੀਤਾ ।
- ਦਵਿੰਦਰ ਸਿੰਘ ਢਿੱਲੋਂ (ਐਲ-2014-ਏ-70-ਐਮ) ਨੇ ਮਾਰਚ 2015 ਵਿੱਚ ਸ਼ਿਮਲਾ ਵਿਖੇ ਹੋਈ ਨਾਰਦਰਨ ਇੰਡੀਆ ਪਾਵਰ ਲਿਫਟਿੰਗ ਅਤੇ ਬੈਂਚ ਪ੍ਰੈੱਸ ਚੈਂਪੀਅਨਸ਼ਿਪ ਵਿੱਚ ਪਾਵਰ ਲਿਫਟਿੰਗ ਵਿੱਚ 73 ਕਿਲੋ ਭਾਰ ਸ਼੍ਰੇਣੀ ਵਿੱਚ ਦੂਜਾ ਸਥਾਨ ਗ੍ਰਹਿਣ ਕੀਤਾ । ਇਸ ਖਿਡਾਰੀ ਨੇ ਪਟਿਆਲਾ ਵਿਖੇ ਹੋਈ ਜੂਨੀਅਰ ਪੰਜਾਬ ਲਿਫਟਿੰਗ ਚੈਂਪੀਅਨਸ਼ਿਪ ਵਿੱਚ ਸੋਨ ਤਗਮਾ ਹਾਸਲ ਕੀਤਾ ।
- ਪੁਖਰਾਜ ਸਿੰਘ ਬਰਾੜ (ਐਲ-2013-ਏ-55-ਬੀ VI) ਨੇ ਜੂਨ 2015 ਵਿੱਚ ਭੈਣੀ ਸਾਹਿਬ ਵਿਖੇ ਹੋਈ ਪੰਜਾਬ ਸਟੇਟ ਜੂਨੀਅਰ ਬੁਆਇਜ਼ ਐਂਡ ਗਰਲਜ਼ ਬਾਸਕਟਬਾਲ ਚੈਂਪੀਅਨਸ਼ਿਪ ਵਿੱਚ ਦੂਜਾ ਸਥਾਨ ਗ੍ਰਹਿਣ ਕੀਤਾ ।

## ਨੈਸ਼ਨਲ ਸਰਵਿਸ ਸਕੀਮ ਗਤੀਵਿਧੀਆਂ

- ਪੀ ਏ ਯੂ ਵਿਖੇ 12-18 ਜਨਵਰੀ 2015 ਦੌਰਾਨ 'ਸਵੱਛ ਭਾਰਤ ਅਭਿਆਨ' ਵਿਸ਼ੇ ਤੇ ਵਿਸ਼ੇਸ਼ ਐਨ ਐਸ ਐਸ ਕੈਂਪ ਆਯੋਜਿਤ ਕੀਤਾ ਗਿਆ।
- ਵਲੰਟੀਅਰਾਂ ਲਈ ਪ੍ਰਸਿੱਧ ਪ੍ਰਵਕਤਿਆਂ ਵੱਲੋਂ ਸਿਹਤ ਪ੍ਰਤੀ ਜਾਗਰੂਕਤਾ, ਟ੍ਰੈਫਿਕ ਨਿਯਮ ਅਤੇ ਵਨਿਯਮ, ਵਿਅਕਤਿਤਵ ਦਾ ਵਿਕਾਸ, ਅਧਿਆਤਮਕਤਾ, ਸਵੈ-ਵਿਸ਼ਵਾਸ ਅਤੇ ਤਨਾਅ ਤੋਂ ਛੁਟਕਾਰਾ ਆਦਿ ਵਿਸ਼ਿਆਂ ਉੱਤੇ ਵਿਸ਼ੇਸ਼ ਭਾਸ਼ਨਾਂ ਦਾ ਆਯੋਜਨ ਕੀਤਾ ਗਿਆ । 'ਸੜਕ ਸੁਰੱਖਿਆ' ਉੱਤੇ ਇੱਕ ਨਾਟਕ ਵੀ ਖੇਡਿਆ ਗਿਆ ।
- 16 ਜਨਵਰੀ 2015 ਨੂੰ ਜ਼ਿਲ੍ਹਾ ਪ੍ਰਸ਼ਾਸਨ, ਲੁਧਿਆਣਾ ਅਤੇ ਫੋਰਟਿਸ ਹਸਪਤਾਲ ਦੇ ਸਹਿਯੋਗ ਨਾਲ 'ਟ੍ਰੈਫਿਕ ਅਤੇ ਸਿਹਤ ਪ੍ਰਤੀ ਜਾਗਰੂਕਤਾ' ਉੱਤੇ ਇਕ ਰੋਜ਼ਾ ਵਰਕਸ਼ਾਪ ਕਰਵਾਈ ਗਈ । ਐਚ ਆਈ ਵੀ/ਏਡਜ਼, ਨਸ਼ਾਖੋਰੀ, ਸੜ੍ਹਕ ਸੁਰੱਖਿਆ, ਵਾਤਾਵਰਨ ਪ੍ਰਦੂਸ਼ਨ ਅਤੇ ਖੇਤੀਬਾੜੀ ਵਿੱਚ ਪੀ ਏ ਯੂ ਦੀ ਭੂਮਿਕਾ ਸੰਬੰਧੀ ਆਮ ਲੋਕਾਂ ਨੂੰ ਜਾਗਰੂਕ ਕਰਨ ਲਈ ਬੈਨਰਜ਼, ਪੋਸਟਰਜ਼, ਇਸ਼ਤਿਹਾਰ ਵੰਡੇ ਗਏ ਅਤੇ ਕਿਸਾਨ ਮੇਲਿਆਂ ਅਤੇ ਸ਼ਹਿਰ ਵਿੱਚ ਰੈਲੀਆਂ ਕੱਢ ਕੇ ਪੇਂਡੂ ਅਤੇ ਸ਼ਹਿਰੀ ਲੋਕਾਂ ਨੂੰ ਜਾਗਰੂਕ ਕੀਤਾ ਗਿਆ ।

## ਸਭਿਆਚਾਰਕ ਗਤੀਵਿਧੀਆਂ

- ਪੀ ਏ ਯੂ ਵਿਖੇ ਸਵਤੰਤਰਤਾ ਦਿਵਸ (15 ਅਗਸਤ 2014), ਸਵੱਛ ਭਾਰਤ ਅਭਿਆਨ (2 ਅਕਤੂਬਰ 2014) ਅਤੇ ਗਣਤੰਤਰਤਾ ਦਿਵਸ (26 ਜਨਵਰੀ 2015) ਨੂੰ ਮਨਾਏ ਗਏ ਜਿਨ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਵਿਦਿਆਰਥੀ, ਸਟਾਫ਼ ਅਤੇ ਫੈਕਲਟੀ ਮੈਂਬਰਾਂ ਨੇ ਸ਼ਮੂਲੀਅਤ ਕੀਤੀ ।

- ਸਿਲਿਕਾ ਗੁਪਤਾ ਨੇ 10 ਅਕਤੂਬਰ 2014 ਨੂੰ ਪੀ ਏ ਯੂ ਵਿਖੇ ਹੋਏ ਨਾਰਥ ਜ਼ੋਨ ਭਾਸ਼ਨ ਕਲਾ ਮੁਕਾਬਲੇ ਵਿੱਚ ਸੋਨ ਤਗਮਾ ਹਾਸਲ ਕੀਤਾ ।
- ਅਕਾਦਮਿਕ ਸੈਸ਼ਨ 2014-15 ਦਾ ਪੀ ਏ ਯੂ ਅੰਤਰ-ਕਾਲਜ ਯੁਵਕ ਮੇਲਾ 30 ਅਕਤੂਬਰ-5 ਨਵੰਬਰ 2014 ਦੌਰਾਨ ਹੋਇਆ, ਜਿਸ ਵਿੱਚ ਵਿਦਿਆਰਥੀਆਂ ਨੇ ਸਾਹਿਤਕ, ਸੂਖਮ ਕਲਾਵਾਂ, ਸੰਗੀਤ, ਥੀਏਟਰ ਅਤੇ ਡਾਂਸ ਪ੍ਰੋਗਰਾਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ । ਇਸ ਯੁਵਕ ਮੇਲੇ ਦੀ ਓਵਰਆਲ ਰਨਿੰਗ ਟਰਾਫ਼ੀ ਖੇਤੀਬਾੜੀ ਕਾਲਜ ਨੇ ਹਾਸਲ ਕੀਤੀ ।
- ਪੀ ਏ ਯੂ ਦੇ ਵਿਦਿਆਰਥੀਆਂ ਦੀ 40 ਮੈਂਬਰੀ ਟੀਮ ਨੇ ਜਨਵਰੀ 2015 ਵਿੱਚ ਯੂਨੀਵਰਸਿਟੀ ਆਫ਼ ਜੰਮੂ, ਜੰਮੂ ਵਿਖੇ ਐਸੋਸੀਏਸ਼ਨ ਆਫ਼ ਇੰਡੀਅਨ ਯੂਨੀਵਰਸਿਟੀਜ਼ ਵੱਲੋਂ ਆਯੋਜਿਤ 30ਵੇਂ ਨਾਰਥ-ਜ਼ੋਨ ਅੰਤਰ-ਯੂਨੀਵਰਸਿਟੀ ਯੁਵਕ ਮੇਲੇ ਵਿੱਚ ਸ਼ਿਰਕਤ ਕੀਤੀ । ਇਸ ਮੇਲੇ ਵਿੱਚ ਪੀ ਏ ਯੂ ਵਿਦਿਆਰਥੀਆਂ ਨੇ ਗਰੁੱਪ ਮਾਈਮ, ਕਲੇਅ ਮਾਡਲਿੰਗ ਅਤੇ ਕਾਰਟੂਨ ਬਨਾਉਣ ਮੁਕਾਬਲਿਆਂ ਵਿੱਚ ਕਾਂਸੇ ਦਾ ਤਗਮਾ ਜਿੱਤਿਆ ।
- ਪੀ ਏ ਯੂ ਵਿਦਿਆਰਥੀਆਂ ਦੀ ਟੀਮ ਨੇ ਜਨਵਰੀ 2015 ਵਿੱਚ ਸਿੱਖ ਨੈਸ਼ਨਲ ਕਾਲਜ ਬੰਗਾ (ਸ਼ਹੀਦ ਭਗਤ ਸਿੰਘ ਨਗਰ) ਵਿਖੇ ਪੰਜਾਬ ਆਰਟ ਕੌਂਸਲ, ਚੰਡੀਗੜ੍ਹ ਵੱਲੋਂ ਆਯੋਜਿਤ ਪੰਜਾਬ ਸਟੇਟ ਅੰਤਰ-ਯੂਨੀਵਰਸਿਟੀ ਯੁਵਕ ਮੇਲੇ ਵਿੱਚ ਸ਼ਿਰਕਤ ਕੀਤੀ। ਪੀ ਏ ਯੂ ਦੇ ਵਿਦਿਆਰਥੀਆਂ ਨੇ ਸਲੋਗਨ (ਨਾਅਰੇ) ਲਿਖਣ ਮੁਕਾਬਲਿਆਂ ਵਿੱਚ ਚਾਂਦੀ ਦਾ ਤਗਮਾ 'ਹੇਕਾਂ ਵਾਲੇ ਗੀਤ', 'ਬਹਿਸ', ਭੰਡ, ਪੇਂਟਿੰਗ, ਕਾਰਟੂਨਿੰਗ ਅਤੇ ਕਵਿਤਾ ਉਚਾਰਣ ਮੁਕਾਬਲਿਆਂ ਵਿੱਚ ਕਾਂਸੇ ਦਾ ਤਗਮਾ ਹਾਸਲ ਕੀਤਾ ।
- ਪੀ ਏ ਯੂ ਵਿਦਿਆਰਥੀਆਂ ਦੀ 27 ਮੈਂਬਰੀ ਟੀਮ ਨੇ ਮਾਰਚ 2015 ਵਿੱਚ ਨੈਸ਼ਨਲ ਡੇਅਰੀ ਰਿਸਰਚ ਇੰਸਟੀਚਿਊਟ ਕਰਨਾਲ ਵਿਖੇ ਆਈ ਸੀ ਏ ਆਰ ਵੱਲੋਂ ਆਯੋਜਿਤ 15ਵੇਂ ਆਲ ਇੰਡੀਆ ਅੰਤਰ ਐਗਰੀਕਲਚਰਲ ਯੂਨੀਵਰਸਿਟੀਆਂ ਦੇ ਯੁਵਕ ਮੇਲੇ ਵਿੱਚ ਸ਼ਿਰਕਤ ਕੀਤੀ । ਇਸ ਵਿੱਚ ਪੀ ਏ ਯੂ ਵਿਦਿਆਰਥੀਆਂ ਨੇ ਲਾਈਟ ਵੋਕਲ ਸੋਲੋ, ਸਮੂਹ ਭਾਰਤੀ ਗਾਇਨ, ਕਾਰਟੂਨਿੰਗ ਮੁਕਾਬਲਿਆਂ ਵਿੱਚ ਸੋਨ ਤਗਮੇ, ਕਲੇਅ ਮਾਡਲਿੰਗ ਵਿੱਚ ਚਾਂਦੀ ਦਾ ਤਗਮਾ ਜਿੱਤਿਆ ਅਤੇ ਪੋਸਟਰ ਬਨਾਉਣ ਮੁਕਾਬਲਿਆਂ ਵਿੱਚ ਚੌਥਾ ਸਥਾਨ ਗ੍ਰਹਿਣ ਕੀਤਾ ।

ਯੂਨੀਵਰਸਿਟੀ ਵੱਲੋਂ ਵਿਕਸਤ ਕੀਤੀਆਂ ਖੇਤੀ ਤਕਨਾਲੋਜੀਆਂ ਨੂੰ ਕਿਸਾਨਾਂ ਦੀਆਂ ਬਰੂਹਾਂ ਤੱਕ ਪਹੁੰਚਾਉਣ ਦਾ ਕਾਰਜ ਪੰਜਾਬ ਦੇ ਵਿਭਿੰਨ ਜ਼ਿਲ੍ਹਾ ਹੈੱਡਕੁਆਟਰਾਂ ਵਿਖੇ ਸਥਿਤ ਇਸ ਦੇ 15 ਫਾਰਮ ਐਡਵਾਇਜ਼ਰੀ ਸਰਵਿਸ ਕੇਂਦਰਾਂ ਅਤੇ 17 ਕ੍ਰਿਸ਼ੀ ਵਿਗਿਆਨ ਕੇਂਦਰਾਂ ਤੋਂ ਇਲਾਵਾ ਵੱਖੋ-ਵੱਖ ਵਿਭਾਗਾਂ, ਖੇਤੀ ਤਕਨਾਲੋਜੀ ਸੂਚਨਾ ਕੇਂਦਰ ਅਤੇ ਮੇਨ ਕੈਂਪਸ ਵਿਖੇ ਸਥਿਤ ਕੈਰੋਂ ਕਿਸਾਨ ਘਰ ਵਿੱਚ ਚੱਲ ਰਹੇ ਅਡਵਾਂਸ ਸੈਂਟਰ ਆਫ਼ ਟ੍ਰੇਨਿੰਗ ਰਾਹੀਂ ਕੀਤੇ ਜਾਂਦੇ ਹਨ। ਇਨ੍ਹਾਂ ਕੇਂਦਰਾਂ ਵੱਲੋਂ ਤਕਨਾਲੋਜੀ ਦਾ ਪਸਾਰ ਵੱਖੋ ਵੱਖ ਪਸਾਰ ਸਾਧਨਾਂ ਜਿਵੇਂ ਕਿ ਕਿਸਾਨ ਮੇਲੇ/ਕਿਸਾਨ ਦਿਵਸ, ਖੇਤ ਦਿਵਸ, ਵਰਕਸ਼ਾਪਾਂ, ਅਨੁਕੂਲਣਸ਼ੀਲ ਖੇਤ ਤਜ਼ਰਬਿਆਂ, ਆਨ ਫਾਰਮ ਤਜ਼ਰਬਿਆਂ, ਪ੍ਰਦਰਸ਼ਨੀਆਂ, ਸਿਖਲਾਈਆਂ (ਥੋੜ੍ਹੇ ਸਮੇਂ ਦੀਆਂ, ਵੋਕੇਸ਼ਨਲ ਅਤੇ ਇਨ-ਸਰਵਿਸ), ਨੁਮਾਇਸ਼ਾਂ, ਕੈਂਪਾਂ, ਤਕਨੀਕੀ ਅਗਵਾਈ, ਟੀ ਵੀ/ਰੇਡੀਓ ਟਾਕਜ਼, ਕਿਸਾਨ ਕਲੱਬ/ਕਮੇਟੀਆਂ ਦੀਆਂ ਮੀਟਿੰਗਾਂ, ਖੇਤੀ-ਪ੍ਰਕਾਸ਼ਨਾਵਾਂ ਅਤੇ ਖੇਤੀ ਸਾਹਿਤ ਦੀ ਵਿਕਰੀ ਰਾਹੀਂ ਕੀਤਾ ਜਾਂਦਾ ਹੈ ।

## ਕਿਸਾਨ ਮੇਲੇ ਅਤੇ ਖੇਤ ਦਿਵਸ

ਖੇਤੀ ਸੰਬੰਧੀ ਨਵੀਂ ਜਾਣਕਾਰੀ ਨੂੰ ਕਿਸਾਨਾਂ ਤੱਕ ਪਹੁੰਚਾਉਣ ਵਿੱਚ ਕਿਸਾਨ ਮੇਲੇ/ਕਿਸਾਨ ਦਿਵਸ ਅਹਿਮ ਭੂਮਿਕਾ ਨਿਭਾਉਂਦੇ ਹਨ। ਨਵੀਆਂ ਤਕਨਾਲੋਜੀਆਂ ਬਾਰੇ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਪ੍ਰਦਰਸ਼ਨੀਆਂ, ਨੁਮਾਇਸ਼ਾਂ ਅਤੇ ਤਕਨੀਕੀ ਸੈਸ਼ਨ ਕਰਵਾਏ ਜਾਂਦੇ ਹਨ । ਇਨ੍ਹਾਂ ਮੇਲਿਆਂ/ਦਿਵਸਾਂ ਦੌਰਾਨ ਕਰਵਾਏ ਜਾਂਦੇ ਪ੍ਰਸ਼ਨੋਤਰੀ ਸੈਸ਼ਨਾਂ ਰਾਹੀਂ ਯੂਨੀਵਰਸਿਟੀ ਮਾਹਿਰ ਕਿਸਾਨਾਂ ਦੀਆਂ ਖੇਤੀ ਸੰਬੰਧਤ ਸਮੱਸਿਆਵਾਂ ਦੇ ਸੁਯੋਗ ਹੱਲ ਸੁਝਾਉਂਦੇ ਹਨ । ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਯੂਨੀਵਰਸਿਟੀ ਵੱਲੋਂ 14 ਕਿਸਾਨ ਮੇਲੇ/ਕਿਸਾਨ ਦਿਵਸ ਲਗਾਏ ਗਏ, ਜਿਨ੍ਹਾਂ ਵਿਚੋਂ ਸੱਤ ਕਿਸਾਨ ਮੇਲੇ/ਕਿਸਾਨ ਦਿਵਸ ਸਤੰਬਰ 2014 ਦੌਰਾਨ ਅਤੇ 7 ਕਿਸਾਨ ਮੇਲੇ/ਕਿਸਾਨ ਦਿਵਸ ਮਾਰਚ 2015 ਦੌਰਾਨ ਲੁਧਿਆਣਾ ਦੇ ਮੇਨ ਕੈਂਪਸ, ਖੇਤਰੀ ਖੋਜ ਸਟੇਸ਼ਨ ਬਠਿੰਡਾ, ਆਰ ਆਰ ਐਸ ਗੁਰਦਾਸਪੁਰ, ਆਰ ਆਰ ਐਸ ਫਰੀਦਕੋਟ ਅਤੇ ਆਰ ਆਰ ਐਸ ਬੱਲ੍ਹੋਵਾਲ ਸੌਂਖੜੀ, ਕੇ ਵੀ ਕੇ ਰੌਣੀ (ਪਟਿਆਲਾ) ਅਤੇ ਕੇ ਵੀ ਕੇ ਨਾਗ ਕਲਾਂ (ਅੰਮ੍ਰਿਤਸਰ) ਵਿਖੇ ਲਗਾਏ ਗਏ। ਸਤੰਬਰ 2014 ਦੇ ਕਿਸਾਨ ਮੇਲਿਆਂ/ਦਿਵਸਾਂ ਦਾ ਵਿਸ਼ਾ "ਸੁਧਰੇ ਬੀਜ ਵਰਤੋ, ਲਾਗਤਾਂ ਘਟਾਓ ਅਤੇ ਮੁਨਾਫ਼ਾ ਵਧਾਓ' ਸੀ, ਜਦੋਂ ਕਿ ਮਾਰਚ 2015 ਦੇ ਕਿਸਾਨ ਮੇਲੇ/ਦਿਵਸ "ਖੇਤੀ ਵੰਨ-ਸੁਵੰਨਤਾ ਅਪਨਾਓ, ਕੁਦਰਤੀ ਸੋਮੇ ਬਚਾਓ' ਦੇ ਵਿਸ਼ੇ ਤੇ ਅਧਾਰਤ ਸਨ। ਇਨ੍ਹਾਂ ਮੇਲਿਆਂ/ਦਿਵਸਾਂ ਵਿੱਚ ਪੰਜਾਬ ਅਤੇ ਨਾਲ ਲੱਗਦੇ ਸੂਬਿਆਂ ਵਿਚੋਂ ਵੱਡੀ ਗਿਣਤੀ ਕਿਸਾਨਾਂ ਨੇ ਸ਼ਮੂਲੀਅਤ ਕੀਤੀ। ਇਨ੍ਹਾਂ ਮੇਲਿਆਂ/ਦਿਵਸਾਂ ਵਿੱਚ ਕਿਸਾਨਾਂ ਲਈ ਸੁਧਰੀਆਂ ਕਿਸਮਾਂ, ਉਤਪਾਦਨ ਅਤੇ ਸੁਰੱਖਿਅਤ ਤਕਨਾਲੋਜੀਆਂ, ਮਧੂ-ਮੱਖੀ ਪਾਲਣ, ਖੁੰਭਾਂ ਦੀ ਕਾਸ਼ਤ, ਪੌਸ਼ਟਿਕ ਬਗੀਚੀ, ਸੁਰੱਖਿਅਤ ਕਾਸ਼ਤਕਾਰੀ ਆਦਿ ਉੱਤੇ ਖੇਤ ਪ੍ਰਦਰਸ਼ਨੀਆਂ ਅਤੇ ਨੁਮਾਇਸ਼ਾਂ ਲਗਾਈਆਂ ਗਈਆਂ । ਕਿਸਾਨਾਂ ਨੂੰ ਫ਼ਸਲਾਂ, ਸਬਜ਼ੀਆਂ, ਚਾਰੇ ਦੇ ਸੁਧਰੇ ਬੀਜ, ਫ਼ਲਾਂ ਦੇ ਬੂਟੇ ਅਤੇ ਖੇਤੀ ਸਾਹਿਤ ਵੇਚਿਆ ਗਿਆ । ਇਸ ਤੋਂ ਇਲਾਵਾ ਖਾਦਾਂ, ਕੀਟਨਾਸ਼ਕਾਂ, ਖੇਤੀ ਸੰਦਾਂ ਅਤੇ ਮਸ਼ੀਨਰੀ ਆਦਿ ਉੱਤੇ ਵੀ ਪ੍ਰਦਰਸ਼ਨੀਆਂ ਲਗਾਈਆਂ ਗਈਆਂ ।

ਕਿਸਾਨ ਮੇਲਿਆਂ ਤੋਂ ਇਲਾਵਾ ਯੂਨੀਵਰਸਿਟੀ ਵੱਲੋਂ ਵਿਕਸਤ ਕੀਤੀਆਂ ਤਕਨਾਲੋਜੀਆਂ ਨੂੰ ਕਿਸਾਨਾਂ ਦੀਆਂ ਬਰੂਹਾਂ ਤੱਕ ਪਹੁੰਚਾਉਣ ਲਈ ਖੇਤ ਦਿਵਸ ਵੀ ਲਗਾਏ ਗਏ । ਦਾਲਾਂ ਦੀ ਕਾਸ਼ਤ, ਪਰਮਲ/ਬਾਸਮਤੀ ਚੌਲਾਂ ਵਿੱਚ ਆਈ ਪੀ ਐਮ, ਗਲੀਚੇ ਵਰਗੀ ਨਰਸਰੀ ਉਗਾਉਣ, ਝੋਨੇ ਦੀ ਮਕੈਨੀਕਲ ਬਿਜਾਈ, ਪੌਸ਼ਟਿਕ ਬਗੀਚੀ, ਖੁੰਭਾਂ ਦੀ ਕਾਸ਼ਤ, ਹੈਪੀ ਸੀਡਰ ਦੀ ਵਰਤੋਂ ਆਦਿ ਨੂੰ ਉਤਸ਼ਾਹਿਤ ਕਰਨ ਲਈ ਵੱਖੋ ਵੱਖ ਪਿੰਡਾਂ ਵਿੱਚ 175 ਖੇਤ ਦਿਵਸ ਲਗਾਏ ਗਏ ।

## ਅਗਾਂਹਵਧੂ ਕਿਸਾਨਾਂ ਨੂੰ ਪੁਰਸਕਾਰ

ਪੀ ਏ ਯੂ ਕਿਸਾਨ ਮੇਲਿਆਂ ਵਿੱਚ ਖੇਤੀਬਾੜੀ, ਬਾਗਬਾਨੀ ਅਤੇ ਸਹਾਇਕ ਧੰਦਿਆਂ ਵਿੱਚ ਵਡਮੁੱਲਾ ਯੋਗਦਾਨ ਪਾਉਣ ਵਾਲੇ ਅਗਾਂਹਵਧੂ ਕਿਸਾਨਾਂ ਨੂੰ ਸਨਮਾਨਤ ਵੀ ਕੀਤਾ ਗਿਆ । ਸਤੰਬਰ 12 ਅਤੇ 13, 2014 ਦੇ ਕਿਸਾਨ ਮੇਲੇ (ਲੁਧਿਆਣਾ) ਦੌਰਾਨ ਪੰਜਾਬ ਦੇ ਚਾਰ ਅਗਾਂਹਵਧੂ ਕਿਸਾਨਾਂ, ਹਰਦੀਪ ਸਿੰਘ ਵਾਸੀ ਪਿੰਡ ਕਰਮੂਵਾਲਾ, ਜ਼ਿਲ੍ਹਾ ਫਿਰੋਜ਼ਪੁਰ, ਸ. ਨਿਰਭੈ ਸਿੰਘ ਸਿੱਧੂ ਵਾਸੀ ਪਿੰਡ ਸੇਮਾ, ਜ਼ਿਲ੍ਹਾ ਬਠਿੰਡਾ, ਸ. ਜਸਵੰਤ ਸਿੰਘ ਵਾਸੀ ਪਿੰਡ ਰੋਡੇ ਜਲ੍ਹੇਵਾਲਾ, ਜ਼ਿਲ੍ਹਾ ਫਿਰੋਜ਼ਪੁਰ ਅਤੇ ਬੀਬੀ ਗੁਰਦੀਪ ਕੌਰ ਵਾਸੀ ਨਾਭਾ ਜ਼ਿਲ੍ਹਾ ਪਟਿਆਲਾ ਨੂੰ ਕ੍ਰਮਵਾਰ ਸ. ਦਲੀਪ ਸਿੰਘ ਧਾਲੀਵਾਲ ਯਾਦਗਾਰੀ ਐਵਾਰਡ, ਪ੍ਰਵਾਸੀ ਭਾਰਤੀ ਐਵਾਰਡ, ਸ. ਸੁਰਜੀਤ ਸਿੰਘ ਢਿੱਲੋਂ ਐਵਾਰਡ ਅਤੇ ਸਟੇਟ ਐਵਾਰਡੀ ਸਰਦਾਰਨੀ ਜਗਬੀਰ ਕੌਰ ਗਰੇਵਾਲ ਯਾਦਗਾਰੀ ਉੱਦਮੀ ਕਿਸਾਨ ਔਰਤ ਐਵਾਰਡ ਪ੍ਰਦਾਨ ਕੀਤੇ ਗਏ ।

21-22 ਮਾਰਚ 2015 ਦੇ ਕਿਸਾਨ ਮੇਲੇ (ਲੁਧਿਆਣਾ) ਦੌਰਾਨ ਪੰਜਾਬ ਦੇ 5 ਅਗਾਂਹਵਧੂ ਕਿਸਾਨਾਂ ਨੂੰ ਸਨਮਾਨਿਤ ਕੀਤਾ ਗਿਆ । ਇਨ੍ਹਾਂ ਵਿਚੋਂ ਸ. ਹਰਵਿੰਦਰ ਸਿੰਘ ਵਾਸੀ ਪਿੰਡ ਭੱਦਲਵਾੜ, ਜ਼ਿਲ੍ਹਾ ਸੰਗਰੂਰ ਅਤੇ ਸ. ਰਵਿੰਦਰ ਸਿੰਘ ਬਰਾੜ ਵਾਸੀ ਪਿੰਡ ਕੌਣੀ, ਜ਼ਿਲ੍ਹਾ ਮੁਕਤਸਰ ਨੂੰ ਖੇਤੀਬਾੜੀ ਵਿੱਚ ਸਰਵੋਤਮਤਾ ਦਿਖਾਉਣ ਕਰਕੇ "ਮੁੱਖ ਮੰਤਰੀ ਐਵਾਰਡ" ਪ੍ਰਦਾਨ ਕੀਤਾ ਗਿਆ । ਇਨ੍ਹਾਂ ਤੋਂ ਇਲਾਵਾ ਸ. ਗੁਰਜੀਤ ਸਿੰਘ ਮਾਹਲ ਵਾਸੀ ਪਿੰਡ ਬੁਰਜ, ਜ਼ਿਲ੍ਹਾ ਬਠਿੰਡਾ ਨੂੰ ਬਾਗਬਾਨੀ ਵਿੱਚ ਸਰਵੋਤਮਤਾ ਦਿਖਾਉਣ ਕਰਕੇ "ਮੁੱਖ ਮੰਤਰੀ ਪੁਰਸਕਾਰ" ਪ੍ਰਦਾਨ ਕੀਤਾ ਗਿਆ । ਇਸੇ ਤਰ੍ਹਾਂ ਸ. ਰਮਨਦੀਪ ਸਿੰਘ ਵਾਸੀ ਪਿੰਡ ਰੋੜੀ ਕਪੂਰਾ, ਜ਼ਿਲ੍ਹਾ ਫਰੀਦਕੋਟ ਅਤੇ ਸ. ਰਾਜਿੰਦਰਪਾਲ ਸਿੰਘ ਵਾਸੀ ਪਿੰਡ ਕਲਾਲ ਵਾਲਾ, ਜ਼ਿਲ੍ਹਾ ਬਠਿੰਡਾ ਨੂੰ ਕ੍ਰਮਵਾਰ ਖੇਤ ਮਸ਼ੀਨਰੀ ਦੀ ਵਰਤੋਂ ਕਰਨ ਅਤੇ ਜੈਵਿਕ ਖੇਤੀ ਵਿੱਚ ਸਰਵੋਤਮਤਾ ਹਾਸਲ ਕਰਨ ਵਜੋਂ "ਸੀ ਆਰ ਆਈ ਪੰਪਜ਼ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ ।

## ਅਨੁਕੂਲਣਸ਼ੀਲ ਖੋਜ ਤਜ਼ਰਬੇ

ਅਨੁਕੂਲਣਸ਼ੀਲ ਖੋਜ ਤਜ਼ਰਬੇ ਵੱਖੋ-ਵੱਖ ਖੇਤੀ-ਵਾਤਾਵਰਣਕ ਹਾਲਤਾਂ ਅਧੀਨ ਕਿਸਾਨਾਂ ਦੇ ਖੇਤਾਂ ਵਿੱਚ ਕੀਤੇ ਜਾਂਦੇ ਹਨ ਤਾਂ ਜੋ ਖੋਜ ਪ੍ਰਣਾਲੀ ਵੱਲੋਂ ਵਿਕਸਤ ਕੀਤੀਆਂ ਨਵੀਆਂ ਤਕਨਾਲੋਜੀਆਂ ਦੀ ਪਰਖ ਕੀਤੀ ਜਾ ਸਕੇ। ਨਵੀਆਂ ਕਿਸਮਾਂ ਅਤੇ ਫ਼ਸਲ ਉਤਪਾਦਨ ਅਤੇ ਸੁਰੱਖਿਆ ਤਕਨਾਲੋਜੀਆਂ ਦਾ ਮੁਲਾਂਕਣ ਕਰਨ ਲਈ ਵਿਭਿੰਨ ਸਥਾਨਾਂ ਤੇ 933 ਅਨੁਕੂਲਣਸ਼ੀਲ ਤਜ਼ਰਬੇ ਕੀਤੇ ਗਏ। ਇਨ੍ਹਾਂ ਤਜ਼ਰਬਿਆਂ ਦੇ ਆਧਾਰ ਤੇ 51 ਸਿਫ਼ਾਰਸ਼ਾਂ ਕੀਤੀਆਂ ਗਈਆਂ, ਜਿਨ੍ਹਾਂ ਵਿਚੋਂ 24 ਸਿਫਾਰਸ਼ਾਂ ਨਵੀਆਂ ਕਿਸਮਾਂ (14 ਖੇਤ ਫ਼ਸਲਾਂ, 7 ਸਬਜ਼ੀਆਂ ਅਤੇ 3 ਜੰਗਲਾਤ) ਦੀਆਂ 13-13 ਸਿਫ਼ਾਰਸ਼ਾਂ ਉਤਪਾਦਨ ਅਤੇ ਪੌਦ ਸੁਰੱਖਿਆ ਤਕਨਾਲੋਜੀਆਂ ਦੀਆਂ ਅਤੇ ਇੱਕ ਸਿਫ਼ਾਰਸ਼ ਖੇਤ ਮਸ਼ੀਨਰੀ ਬਾਰੇ ਸੀ।

## ਆਨ ਫਾਰਮ ਟ੍ਰਾਇਲਜ਼ (ੳ ਐਫ ਟੀ ਐਸ)

ਆਨ ਫਾਰਮ ਟ੍ਰਾਇਲਜ਼ ਵਿਕਸਤ ਕੀਤੀ ਕਿਸੇ ਨਵੀਂ ਤਕਨਾਲੋਜੀ ਨੂੰ ਕਿਸਾਨਾਂ ਦੇ ਖੇਤਾਂ ਦੀਆਂ ਹਾਲਤਾਂ ਵਿੱਚ ਪੀ ਏ ਯੂ ਵੱਲੋਂ ਸਿਫ਼ਾਰਸ਼ ਪ੍ਰੈਕਟਸਿਸ ਅਤੇ ਕਿਸਾਨਾਂ ਦੀਆਂ ਆਪਣੀਆਂ ਪ੍ਰੈਕਟਸਿਸ ਨਾਲ ਨਿਯੰਤ੍ਰਿਤ ਹਾਲਤਾਂ ਅਧੀਨ ਪਰਖਣ ਲਈ ਕੀਤੇ ਜਾਂਦੇ ਹਨ। ਕੇ ਵੀ ਕੇ ਵਿਗਿਆਨੀਆਂ ਵੱਲੋਂ 151 ੳ ਐਫ ਟੀ'ਜ਼ ਕੀਤੇ ਗਏ। ਇਨ੍ਹਾਂ ੳ ਐਫ ਟੀ'ਜ਼ ਦੇ ਕੁਝ ਵਿਸ਼ੇਸ਼ ਨਤੀਜੇ ਇਸ ਪ੍ਰਕਾਰ ਰਹੇ:

- ਫਾਸਫੋਰਸ ਘੁਲਣਸ਼ੀਲ ਬੈਕਟੀਰੀਆ ਨੂੰ ਰਲਾਉਣ ਨਾਲ ਅਤੇ ਡੀ ਏ ਪੀ ਦਾ ਛਿੜਕਾਅ ਕਰਨ ਨਾਲ ਕਣਕ ਦੇ ਝਾੜ ਵਿੱਚ, ਸਿਫ਼ਾਰਸ਼ ਕੀਤੀ ਸਿਰਫ਼ ਡੀ ਏ ਪੀ ਦੀ ਖੁਰਾਕ 55 ਕਿਲੋਗ੍ਰਾਮ/ਏਕੜ ਦੇ ਮੁਕਾਬਲਤਨ ਵਾਧਾ ਹੋਇਆ।
- ਬਾਸਮਤੀ ਚੌਲਾਂ ਵਿੱਚ ਬੀਜ ਨੂੰ ਸੋਧਣ ਦੀ ਸਿਫ਼ਾਰਸ਼ ਕੀਤੀ ਪ੍ਰੈਕਟਿਸ+ਪਨੀਰੀ ਦੀਆਂ ਜੜ੍ਹਾਂ ਨੂੰ ਬਾਵਿਸਟਨ ਵਿੱਚ ਭਿਉਂ ਕੇ ਰੱਖਣ ਨਾਲ ਮੁੱਢ ਦੇ ਗਾਲੇ ਦੇ ਰੋਗ ਤੋਂ ਅਸਰਦਾਇਕ ਰੋਕਥਾਮ ਹੋਈ ਜੋ ਕਿ ਪਨੀਰੀ ਦੀਆਂ ਜੜ੍ਹਾਂ ਨੂੰ ਸਿਰਫ਼ ਬਾਵਿਸਟਨ ਦੇ ਘੋਲ ਵਿੱਚ ਭਿਉਣ ਜਾਂ ਬਿਜਾਈ ਉਪਰੰਤ ਇੱਕ ਹਫ਼ਤੇ ਲਈ ਖੇਤਾਂ ਵਿੱਚ ਬਾਵਿਸਟਨ ਦੇ ਛਿੜਕਾਅ ਦੇ ਮੁਕਾਬਲਤਨ ਕਿਤੇ ਵੱਧ ਸੀ।
- ਕਣਕ ਤੋਂ ਬਾਅਦ ਬੀਜੇ ਬੀ ਟੀ ਨਰਮੇ ਵਿੱਚ 27 ਕਿਲੋ ਡੀ ਏ ਪੀ/ਏਕੜ (ਕਿਸਾਨਾਂ ਦੀ ਪ੍ਰੈਕਟਿਸ) ਦੇ ਛਿੜਕਾਅ ਨਾਲ ਫਾਸਫੋਰਸ ਦਾ ਛਿੜਕਾਅ ਨਾ ਕਰਨ ਦੀ ਮੌਜੂਦਾ ਸਿਫ਼ਾਰਸ਼ ਦੇ ਮੁਕਾਬਲਤਨ, ਝਾੜ ਵਿੱਚ ਵਾਧਾ ਹੋਇਆ।
- ਮੈਗਨੀਸ਼ੀਅਮ ਸਲਫੇਟ 0.5 ਪ੍ਰਤੀਸ਼ਤ ਦੇ ਛਿੜਕਾਅ ਨਾਲ ਕਪਾਹ ਦੇ ਬੀਜ ਦੇ ਝਾੜ ਵਿੱਚ ਬੀ ਟੀ ਨਰਮੇ ਵਿਚਲੇ 1 ਪ੍ਰਤੀਸ਼ਤ ਮੈਗਨੀਸ਼ੀਅਮ ਸਲਫੇਟ ਦੇ ਛਿੜਕਾਅ ਦੇ ਮੁਕਾਬਲਤਨ ਵਾਧਾ ਹੋਇਆ।
- ਬਰਸੀਮ ਦੀ ਪਹਿਲੀ ਕਟਾਈ ਤੇ ਨਦੀਨਨਾਸ਼ਕ ਇਮੇਜ਼ਥੇਪਿਰ 10 ਪ੍ਰਤੀਸ਼ਤ ਐਸ ਐਲ ਦਾ ਛਿੜਕਾਅ ਕਰਨ ਨਾਲ ਫਲੂਕਲੋਰੇਲਿਨ 45 ਈ ਸੀ ਉਪਰੰਤ ਪੈਂਡੀਮੈਥਾਲਿਨ 30 ਈ ਸੀ @ 2.5 ਲਿਟਰ/ਹੈਕਟੇਅਰ ਦੇ ਛਿੜਕਾਅ ਦੇ ਮੁਕਾਬਲਤਨ ਨਦੀਨਾਂ ਦੀ ਰੋਕਥਾਮ ਵਧੇਰੇ ਅਸਰਦਾਇਕ ਰਹੀ।
- ਸਾਉਣੀ ਦੇ ਪਿਆਜ਼ ਦੀ ਕਾਸ਼ਤ 60 ਸੈਂਟੀਮੀਟਰ ਦੇ ਕਿਆਰਿਆਂ ਉੱਤੇ 15x7.5 ਸੈ.ਮੀ. ਦੀ ਵਿੱਥ ਤੇ ਤਿੰਨ ਕਤਾਰਾਂ ਵਿੱਚ ਕਰਨ ਨਾਲ ਉਸੇ ਵਿੱਥ ਤੇ ਜ਼ਮੀਨ ਤੇ ਪੱਧਰੀ ਬਿਜਾਈ ਕਰਨ ਨਾਲੋਂ ਜ਼ਿਆਦਾ ਲਾਭਦਾਇਕ ਰਿਹਾ।
- ਬੈਂਗਣ ਵਿੱਚ ਸਿਫ਼ਾਰਸ਼ ਕੀਤੇ ਕੀਟਨਾਸ਼ਕ (ਫਿਨਵੇਲੀਰੇਟ) ਦੇ ਮੁਕਾਬਲਤਨ ਇੰਡੋਕਸਕਾਰਬ ਅਤੇ ਕਲੋਰੇਂਟ੍ਰੇਨੀਲੀਪਰੋਲ ਦੇ ਛਿੜਕਾਅ ਨਾਲ ਸ਼ੂਟ ਅਤੇ ਫ਼ਲ ਦੇ ਗੜੂੰਏ ਦੀ ਰੋਕਥਾਮ ਵੇਖਣ ਨੂੰ ਮਿਲੀ ਅਤੇ ਝਾੜ ਵੀ ਵੱਧ ਹਾਸਲ ਹੋਇਆ।
- ਆਲੂ ਵਿੱਚ ਛਿੜਕਾਅ ਕਰਨ ਦੇ ਮੁਕਾਬਲਤਨ ਬੀਜ ਨੂੰ ਐਮੀਸਨ ਵਿੱਚ ਭਿਉਂ ਕੇ ਰੱਖਣ ਨਾਲ ਕਾਲੇ ਖਰੀਂਡ ਦੇ ਰੋਗ ਉੱਤੇ ਵਧੇਰੇ ਨਿਯੰਤ੍ਰਣ ਰਿਹਾ।

## ਪ੍ਰਦਰਸ਼ਨੀਆਂ

ਪੀ ਏ ਯੂ ਵੱਲੋਂ ਵਿਕਸਤ ਕੀਤੀਆਂ ਫ਼ਸਲ ਉਤਪਾਦਨ, ਸੁਰੱਖਿਆ ਅਤੇ ਹੋਰ ਖੇਤੀ ਤਕਨਾਲੋਜੀਆਂ ਨੂੰ ਕਿਸਾਨਾਂ ਦੀਆਂ ਬਰੂਹਾਂ ਤੱਕ ਪਹੁੰਚਾਉਣ ਲਈ ਕਿਸਾਨਾਂ ਦੇ ਖੇਤਾਂ ਅਤੇ ਕੇ ਵੀ ਕੇ ਫਾਰਮਾਂ ਤੇ ਪ੍ਰਦਰਸ਼ਨੀਆਂ ਲਗਾਈਆਂ ਜਾਂਦੀਆਂ ਹਨ। ਤੇਲ ਬੀਜ ਫ਼ਸਲਾਂ (ਮੂੰਗਫ਼ਲੀ, ਤਿੱਲ, ਗੋਭੀ ਸਰ੍ਹੋਂ, ਤੋਰੀਆ, ਰਾਇਆ ਅਤੇ ਸੂਰਜਮੁਖੀ), ਦਾਲਾਂ (ਗਰਮ ਰੁੱਤ ਦੀ ਮੂੰਗ, ਸਾਉਣੀ ਦੀ ਮੂੰਗ, ਮਾਂਹ, ਸੋਇਆਬੀਨ, ਛੋਲੇ ਅਤੇ ਮਸਰ) ਪਰਮਲ ਚੌਲ, ਬਾਸਮਤੀ ਚੌਲ, ਨਰਮਾ (ਅਮਰੀਕਨ ਅਤੇ ਦੇਸੀ) ਮੱਕੀ ਅਤੇ ਮੱਕਚਰ੍ਹੀ ਦੀਆਂ ਸੁਧਰੀਆਂ ਕਿਸਮਾਂ ਉੱਤੇ 2096 ਫਰੰਟ ਲਾਈਨ ਪ੍ਰਦਰਸ਼ਨੀਆਂ ਲਗਾਈਆਂ ਗਈਆਂ। ਇਹ ਫਰੰਟ ਲਾਈਨ ਪ੍ਰਦਰਸ਼ਨੀਆਂ ਹੋਰ ਵੀ ਕਈ ਤਕਨਾਲੋਜੀਆਂ ਜਿਵੇਂ ਪੱਤਾ ਰੰਗ ਚਾਰਟ ਨਾਲ ਝੋਨੇ ਵਿੱਚ ਨਾਈਟ੍ਰੋਜਨ ਦੀ ਉਚਿਤ ਵਰਤੋਂ, ਬਾਸਮਤੀ ਵਿੱਚ ਮੁੱਢ ਦੇ ਗਾਲੇ ਦੀ ਰੋਕਥਾਮ; ਸਿੱਧੇ ਬੀਜੇ ਝੋਨੇ ਵਿੱਚ ਨਦੀਨਾਂ ਦੀ ਰੋਕਥਾਮ; ਮੱਕੀ ਵਿਚਲੇ ਨਦੀਨਾਂ ਦੀ ਰੋਕਥਾਮ; ਪਰਮਲ ਚੌਲਾਂ ਅਤੇ ਬਾਸਮਤੀ ਚੌਲਾਂ ਵਿੱਚ ਤਣੇ ਦੇ ਗੜੂੰਏਂ/ਪੱਤਾ ਲਪੇਟ ਦੀ ਰੋਕਥਾਮ; ਝੋਨੇ ਦੀ ਕਾਸ਼ਤ ਤੋਂ ਪਹਿਲਾਂ ਹਰੀ ਖਾਦ ਪਾਉਣਾ; ਝੋਨੇ ਦੀ ਪਰਾਲੀ ਦੀ ਸਾਂਭ-ਸੰਭਾਲ; ਝੋਨੇ ਦੀ ਪਨੀਰੀ ਲਾਉਣ ਵਾਲੇ ਟ੍ਰਾਂਸਪਲਾਂਟਰ ਦੀ ਵਰਤੋਂ; ਹੈਪੀ ਸੀਡਰ ਨਾਲ ਕਣਕ ਦੀ ਬਿਜਾਈ; ਟ੍ਰਾਈਕੋਡਰਮਾ ਹੈਰਜ਼ੀਏਨਮ ਦੇ ਛਿੜਕਾਅ ਨਾਲ ਮੱਕੀ ਦੇ ਗੜੂੰਏਂ ਦੀ ਰੋਕਥਾਮ; ਭੂਮੀ ਪਰਖ ਆਧਾਰ ਤੇ ਖਾਦਾਂ ਦੀ ਵਰਤੋਂ ਆਦਿ ਉੱਤੇ ਵੀ ਲਗਾਈਆਂ ਗਈਆਂ।

ਇਨ੍ਹਾਂ ਤੋਂ ਇਲਾਵਾ ਨਰਮੇ ਵਿੱਚ ਪੈਰਾਵਿਲਟ ਦੀ ਰੋਕਥਾਮ ਲਈ ਕੋਬਾਲਟ ਕਲੋਰਾਈਡ ਦੀ ਵਰਤੋਂ; ਨਰਮੇ ਵਿੱਚ ਜੈਸਿਡ ਦੀ ਰੋਕਥਾਮ; ਸਰ੍ਹੋਂ ਅਤੇ ਤੋਰੀਏ ਦੀ ਰਲਵੀਂ ਖੇਤੀ ਅਤੇ ਕਮਾਦ ਵਿੱਚ ਗੋਭੀ ਸਰ੍ਹੋਂ ਦੇ ਅੰਤਰ ਫ਼ਸਲੀਕਰਨ ਉੱਤੇ ਵੀ ਪ੍ਰਦਰਸ਼ਨੀਆਂ ਲਗਾਈਆਂ ਗਈਆਂ। ਇਸੇ ਤਰ੍ਹਾਂ ਗਰਮੀ ਅਤੇ ਸਰਦੀ ਰੁੱਤ ਦੀਆਂ ਸਬਜ਼ੀਆਂ ਲਈ ਪੌਸ਼ਟਿਕ ਬਗੀਚੀ; ਝੋਨੇ ਦੀ ਪਰਾਲੀ ਲਈ ਚੌਪਰ ਦੀ ਵਰਤੋਂ; ਬੇਲਰ-ਕਮ-ਨਾਟਰ ਦੀ ਵਰਤੋਂ; ਕਣਕ ਦੇ ਬੀਜ ਦੀ ਸੁਧਾਈ; ਹਲਦੀ ਦੀ ਕਾਸ਼ਤ, ਸਬਜ਼ੀਆਂ ਲਈ ਲੋਅ-ਟਨਲ

ਤਕਨਾਲੋਜੀ; ਗਰਮੀਆਂ ਵਿੱਚ ਬਾਗਾਂ ਦੀ ਸੁਰੱਖਿਆ; ਕਣਕ/ਆਲੂ/ਮਟਰਾਂ ਵਿੱਚ ਹਾਈਡ੍ਰੋਜੈੱਲ ਦੀ ਵਰਤੋਂ; ਸਾਉਣੀ ਦੇ ਪਿਆਜ਼ ਉਤਪਾਦਨ ਲਈ ਬਲਬ ਤਿਆਰ ਕਰਨ ਦੀ ਤਕਨੀਕ; ਬਰਸਾਤੀ ਰੁੱਤ ਦੇ ਟਮਾਟਰ ਅਤੇ ਬਰੋਕਲੀ ਦੀ ਕਾਸ਼ਤ, ਨਿੰਬੂ ਜਾਤੀ ਵਿੱਚ ਮੁੱਢ ਦੇ ਗਾਲੇ ਦੀ ਉੱਲੀਨਾਸ਼ਕ ਰੋਕਥਾਮ ਉੱਤੇ ਵੀ ਪ੍ਰਦਰਸ਼ਨੀਆਂ ਲਗਾਈਆਂ ਗਈਆਂ ।

ਭੂਮੀ ਅਤੇ ਪਾਣੀ ਦੇ ਨਮੂਨਿਆਂ ਨੂੰ ਇਕੱਠਾ ਕਰਨ; ਬੀਜ ਸੋਧਣ; ਬਰਸੀਮ/ਛੋਲੇ/ਮਟਰ/ਮਸਰਾਂ ਵਿੱਚ ਰਾਈਜ਼ੋਬੀਅਮ ਇਨੋਕੁਲੇਸ਼ਨ; ਖੇਤੀ ਰਸਾਇਣਾਂ ਦੇ ਛਿੜਕਾਅ ਦੀਆਂ ਤਕਨੀਕਾਂ; ਨਦੀਨਾਂ ਦੀ ਪਛਾਣ; ਸਬਜ਼ੀਆਂ ਦੀ ਨਰਸਰੀ ਤਿਆਰ ਕਰਨ; ਭੋਜਨ ਪਕਾਉਣ ਅਤੇ ਗ੍ਰਹਿ ਪ੍ਰਬੰਧ ਦੇ ਵਿਭਿੰਨ ਪੱਖਾਂ ਅਤੇ ਪਸ਼ੂ ਵਿਗਿਆਨ ਉੱਤੇ 955 ਵਿਧੀਵਤ ਪ੍ਰਦਰਸ਼ਨੀਆਂ ਲਗਾਈਆਂ ਗਈਆਂ । ਸਹਾਇਕ ਧੰਦੇ ਜਿਵੇਂ ਕਿ ਮਧੂ ਮੱਖੀ ਪਾਲਣ, ਖੁੰਬਾਂ ਦੀ ਕਾਸ਼ਤ ਆਦਿ ਉਤੇ ਵੀ ਪ੍ਰਦਰਸ਼ਨੀਆਂ ਲਗਾਈਆਂ ਗਈਆਂ ਤਾਂ ਜੋ ਖਾਸ ਤੌਰ ਤੇ ਨਿਮਨ ਵਰਗ ਕਿਸਾਨ ਇਨ੍ਹਾਂ ਸਹਾਇਕ ਧੰਦਿਆਂ ਨੂੰ ਅਪਣਾ ਸਕਣ ।

## ਸਿਖਲਾਈਆਂ ਅਤੇ ਨੁਮਾਇਸ਼ਾਂ

ਪੀ ਏ ਯੂ ਦੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਅਤੇ ਪੀ ਏ ਯੂ ਕੈਂਪਸ ਵਿਖੇ ਸਥਿਤ ਸਿਖਲਾਈ ਕੇਂਦਰ ਵੱਲੋਂ ਕਿਸਾਨਾਂ, ਕਿਸਾਨ ਬੀਬੀਆਂ ਅਤੇ ਪਸਾਰ ਮਾਹਿਰਾਂ ਲਈ 1937 ਸਿਖਲਾਈਆਂ (1342 ਥੋੜ੍ਹੇ ਸਮੇਂ ਵਾਲੀਆਂ, 294 ਵੋਕੇਸ਼ਨਲ, 160 ਇਨ-ਸਰਵਿਸ ਅਤੇ 143 ਵਿੱਤੀ ਸਹਾਇਤਾ ਪ੍ਰਾਪਤ) ਲਗਾਈਆਂ ਗਈਆਂ ਤਾਂ ਜੋ ਖੇਤੀ ਉਤਪਾਦਨ ਅਤੇ ਆਮਦਨ ਵਧਾਉਣ ਲਈ ਉਨ੍ਹਾਂ ਦੀ ਖੇਤੀ ਸੰਬੰਧੀ ਜਾਣਕਾਰੀ ਨੂੰ ਵਧਾਇਆ ਜਾ ਸਕੇ । ਸੂਖਮ ਖੇਤੀ, ਹਾਈਬ੍ਰਿਡ ਬੀਜ ਉਤਪਾਦਨ, ਸਬਜ਼ੀਆਂ ਦੀ ਸੁਰੱਖਿਅਤ ਕਾਸ਼ਤਕਾਰੀ, ਖੁੰਬਾਂ ਦੀ ਕਾਸ਼ਤ, ਮਧੂ ਮੱਖੀ ਪਾਲਣ, ਖੇਤੀ ਉਤਪਾਦਨਾਂ ਦੀ ਗੁਣਵਤਾ ਵਧਾਉਣ, ਅਚਾਰ/ਮੁਰੱਬਾ, ਕੈਚਅਪ ਅਤੇ ਹੋਰ ਪਦਾਰਥ ਤਿਆਰ ਕਰਨ, ਫ਼ਲਾਂ ਦੇ ਪੌਦਿਆਂ ਦੀ ਕਾਂਟ-ਛਾਂਟ ਕਰਨਾ, ਪੋਲਟਰੀ, ਡੇਅਰੀ, ਟਾਈ ਐਂਡ ਡਾਈ, ਸਿਲਾਈ ਅਤੇ ਕਢਾਈ ਆਦਿ ਉੱਤੇ ਵੀ ਵੋਕੇਸ਼ਨਲ ਸਿਖਲਾਈਆਂ ਲਗਾਈਆਂ ਗਈਆਂ । ਇਨ੍ਹਾਂ ਸਿਖਲਾਈ ਪ੍ਰੋਗਰਾਮਾਂ ਵਿੱਚ ਕੁੱਲ 20,294 ਕਿਸਾਨਾਂ, 9113 ਕਿਸਾਨ ਬੀਬੀਆਂ ਅਤੇ 2225 ਪਸਾਰ ਮਾਹਿਰਾਂ ਨੇ ਸ਼ਿਰਕਤ ਕੀਤੀ ।

ਇੱਕ ਸਾਲ ਦੇ ਸਮੇਂ ਦਾ ਹਾਰਟੀਕਲਚਰ (ਬਾਗਬਾਨੀ) ਸੁਪਰਵਾਈਜ਼ਰ 'ਸਿਖਲਾਈ ਕੋਰਸ' ਫ਼ਲ ਵਿਗਿਆਨ ਵਿਭਾਗ, ਪੀ ਏ ਯੂ ਲੁਧਿਆਣਾ, ਕੇ ਵੀ ਕੇ ਬਠਿੰਡਾ ਅਤੇ ਕੇ ਵੀ ਕੇ ਗੁਰਦਾਸਪੁਰ ਵਿਖੇ ਲਗਾਇਆ ਗਿਆ ਜਿਸ ਵਿੱਚ 51 ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ । ਇਸੇ ਤਰ੍ਹਾਂ 6 ਮਹੀਨੇ ਦੇ ਸਮੇਂ ਵਾਲੇ ਦੋ 'ਗਾਰਡਨਰ ਟ੍ਰੇਨਿੰਗ ਕੋਰਸ' ਕੇ ਵੀ ਕੇ ਬਠਿੰਡਾ ਅਤੇ ਕੇ ਵੀ ਕੇ ਗੁਰਦਾਸਪੁਰ ਵਿਖੇ ਲਗਾਏ ਗਏ ਜਿਸ ਵਿੱਚ 54 ਸਿਖਿਆਰਥੀਆਂ ਨੇ ਸ਼ਿਰਕਤ ਕੀਤੀ । ਤਿੰਨ ਮਹੀਨੇ ਦੇ ਸਮੇਂ ਵਾਲੇ ਦੋ 'ਯੰਗ ਫਾਰਮਰਜ਼ ਟ੍ਰੇਨਿੰਗ ਕੋਰਸ' ਪੀ ਏ ਯੂ ਲੁਧਿਆਣਾ ਵਿਖੇ ਲਗਾਏ ਗਏ ਜਿਸ ਵਿੱਚ 66 ਨੌਜਵਾਨ ਕਿਸਾਨਾਂ ਨੇ ਫ਼ਸਲਾਂ ਦੀ ਕਾਸ਼ਤ ਦੀਆਂ ਵਿਗਿਆਨਕ ਤਕਨੀਕਾਂ ਅਤੇ ਹੋਰ ਨਵੀਆਂ ਖੇਤੀ ਤਕਨਾਲੋਜੀਆਂ ਅਤੇ ਪ੍ਰੈਕਟਿਸਿਸ ਬਾਰੇ ਸਿਖਲਾਈ ਹਾਸਲ ਕੀਤੀ ।

ਇਨ੍ਹਾਂ ਤੋਂ ਇਲਾਵਾ ਸਮਰਥਾ ਵਧਾਉਣ ਵਾਲੇ ਪ੍ਰੋਗਰਾਮ ਦੇ ਤਹਿਤ "ਜਿਨਸ ਦੀ ਭਵਿੱਖਤ ਮੰਡੀ" ਉੱਤੇ ਦੋ ਸਿਖਲਾਈਆਂ ਲਗਾਈਆਂ ਗਈਆਂ ਜਿਨ੍ਹਾਂ ਵਿੱਚ 38 ਸਿਖਿਆਰਥੀਆਂ ਨੂੰ ਖੇਤੀ ਉਤਪਾਦਨ ਦੀਆਂ ਵਧੀਆ ਕੀਮਤਾਂ ਹਾਸਲ ਕਰਨ ਲਈ ਫ਼ਸਲਾਂ ਦੀਆਂ ਭਵਿੱਖਤ ਮੰਡੀਆਂ ਦੀ ਵਰਤੋਂ ਬਾਰੇ ਸਿਖਲਾਈ ਮੁਹੱਈਆ ਕੀਤੀ ਗਈ । ਫੂਡ ਕਾਰਪੋਰੇਸ਼ਨ ਆਫ਼ ਇੰਡੀਆ ਦੇ ਅਫ਼ਸਰਾਂ ਲਈ 15 ਸਿਖਲਾਈ ਕੋਰਸ ਲਗਾਏ ਗਏ ਜਿਨ੍ਹਾਂ ਵਿੱਚ 327 ਅਫ਼ਸਰਾਂ ਨੇ ਸ਼ਿਰਕਤ ਕੀਤੀ । ਇਨ੍ਹਾਂ ਸਿਖਲਾਈ ਕੋਰਸਾਂ ਵਿੱਚ ਸਿਖਿਆਰਥੀਆਂ ਨੂੰ ਫ਼ਸਲਾਂ ਦੀ ਸਾਂਭ-ਸੰਭਾਲ ਦੌਰਾਨ ਦਾਣਿਆਂ ਦੀ ਗੁਣਵਤਾ ਨੂੰ ਕਾਇਮ ਰੱਖਣ ਬਾਰੇ ਉਨ੍ਹਾਂ ਦੀ ਜਾਣਕਾਰੀ ਨੂੰ ਵਧਾਇਆ ਗਿਆ । ਕਿਸਾਨ ਕਾਲ ਕੇਂਦਰ ਦੇ ਕਰਮਚਾਰੀਆਂ ਲਈ 6 ਸਿਖਲਾਈਆਂ ਲਗਾਈਆਂ ਗਈਆਂ ਜਿਨ੍ਹਾਂ ਵਿੱਚ 94 ਅਫ਼ਸਰਾਂ ਨੂੰ ਫ਼ਸਲ ਉਤਪਾਦਨ, ਫ਼ਸਲ ਸੁਰੱਖਿਆ ਅਤੇ ਹੋਰ ਤਕਨਾਲੋਜੀਆਂ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ । 'ਫ਼ਲਾਂ ਦੀ ਕਾਸ਼ਤ' ਉੱਤੇ ਦੋ ਸਿਖਲਾਈ ਕੋਰਸ ਹਿਮਾਚਲ ਪ੍ਰਦੇਸ਼ ਦੇ 53 ਕਿਸਾਨਾਂ ਅਤੇ ਕਿਸਾਨ ਬੀਬੀਆਂ ਲਈ ਲਗਾਏ ਗਏ ਅਤੇ 'ਵਪਾਰਕ ਮਧੂ-ਮੱਖੀ ਪਾਲਣ' ਉੱਤੇ ਇੱਕ ਸਿਖਲਾਈ ਕੋਰਸ ਰਾਜਸਥਾਨ ਦੇ 20 ਕਿਸਾਨਾਂ ਲਈ ਲਗਾਇਆ ਗਿਆ ।

ਪੀ ਏ ਯੂ ਦੇ ਪਸਾਰ ਮਾਹਿਰਾਂ ਨੇ ਵੱਖੋ-ਵੱਖ ਵਿਭਾਗਾਂ (ਖੇਤੀਬਾੜੀ, ਬਾਗਬਾਨੀ, ਭੂਮੀ ਦਾ ਰੱਖ-ਰਖਾਵ, ਇਫ਼ਕੋ, ਕ੍ਰਿਭਕੋ, ਐਨ ਐਫ ਐਲ ਆਦਿ) ਵੱਲੋਂ ਲਗਾਏ 755 ਕਿਸਾਨ ਸਿਖਲਾਈ ਕੈਂਪਾਂ ਵਿੱਚ ਵਿਸ਼ਾ ਮਾਹਿਰਾਂ ਵਜੋਂ ਸ਼ਿਰਕਤ ਕੀਤੀ ।

### ਨੁਮਾਇਸ਼ਾਂ

ਪੀ ਏ ਯੂ ਵੱਲੋਂ ਸੋਧੀਆਂ/ਵਿਕਸਤ ਕੀਤੀਆਂ ਨਵੀਆਂ ਤਕਨਾਲੋਜੀਆਂ ਬਾਰੇ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਕਿਸਾਨ ਮੇਲਿਆਂ/ਦਿਵਸਾਂ, ਜ਼ਿਲ੍ਹਾ ਪੱਧਰੀ ਸਿਖਲਾਈ ਕੈਂਪਾਂ, ਖੇਤ ਦਿਵਸਾਂ, ਵਿਗਿਆਨਕ ਸਲਾਹਕਾਰੀ ਕਮੇਟੀ ਮੀਟਿੰਗਾਂ ਅਤੇ ਤਕਨਾਲੋਜੀ ਹਫ਼ਤਾ/ਵਿਸ਼ੇਸ਼ ਦਿਵਸ ਆਦਿ ਮਨਾਉਣ ਮੌਕੇ ਨੁਮਾਇਸ਼ਾਂ ਲਗਾਈਆਂ ਜਾਂਦੀਆਂ ਹਨ । ਇਸ ਸਾਲ ਦੌਰਾਨ 629 ਨੁਮਾਇਸ਼ਾਂ ਲਗਾਈਆਂ ਗਈਆਂ ਜਿਨ੍ਹਾਂ ਵਿੱਚ ਉਤਪਾਦਨ, ਸੁਰੱਖਿਆ ਅਤੇ ਸਰੋਤਾਂ ਦੀ ਸਾਂਭ ਸੰਭਾਲ ਨਾਲ ਸੰਬੰਧਤ ਤਕਨਾਲੋਜੀਆਂ, ਤੁਪਕਾ ਸਿੰਚਾਈ ਦੇ ਨਮੂਨੇ, ਸੰਯੁਕਤ ਖੇਤੀ ਪ੍ਰਣਾਲੀ, ਗੰਡੋਇਆਂ ਦੀ ਖਾਦ, ਘਰੇਲੂ ਰਸੋਈ ਦੀ ਬਗੀਚੀ ਅਤੇ ਖੇਤੀ ਸਾਹਿਤ ਨੂੰ ਪ੍ਰਦਰਸ਼ਿਤ ਕੀਤਾ ਗਿਆ ।

### ਕਾਰਜਸ਼ਾਲਾਵਾਂ

ਪੀ ਏ ਯੂ ਵੱਲੋਂ ਨਿਰੰਤਰ ਕਾਰਜਸ਼ਾਲਾਵਾਂ ਲਗਾਈਆਂ ਜਾਂਦੀਆਂ ਹਨ ਜਿਨ੍ਹਾਂ ਵਿੱਚ ਯੂਨੀਵਰਸਿਟੀ ਦੇ ਵੱਖੋ-ਵੱਖ ਵਿਭਾਗਾਂ ਦੇ ਵਿਗਿਆਨੀ, ਪਸਾਰ ਮਾਹਿਰ ਅਤੇ ਹੋਰ ਅਫ਼ਸਰ ਯੂਨੀਵਰਸਿਟੀ ਵੱਲੋਂ ਵਿਕਸਤ ਕੀਤੀਆਂ ਤਕਨਾਲੋਜੀਆਂ ਬਾਰੇ ਵਿਚਾਰ ਵਟਾਂਦਰਾ ਕਰਦੇ ਹਨ ਅਤੇ ਫ਼ਸਲਾਂ ਦੀਆਂ ਸਿਫ਼ਾਰਸ਼ਾਂ ਨੂੰ ਅੰਤਿਮ ਰੂਪ ਦਿੰਦੇ ਹਨ । ਪਸਾਰ ਅਫ਼ਸਰਾਂ ਵੱਲੋਂ ਵਿਗਿਆਨੀਆਂ ਨੂੰ ਕਿਸਾਨਾਂ ਦੀ ਫੀਡ ਬੈਕ ਅਤੇ ਖੇਤੀ ਨੂੰ ਦਰਪੇਸ਼ ਚੁਣੌਤੀਆਂ ਬਾਰੇ ਵੀ ਚਾਨਣਾ ਪਾਇਆ ਜਾਂਦਾ ਹੈ ਤਾਂ ਜੋ ਉਨ੍ਹਾਂ ਦੇ ਸੁਯੋਗ ਹੱਲ ਲੱਭੇ ਜਾ ਸਕਣ । ਇਸ ਸਮੇਂ ਦੌਰਾਨ ਪੰਜ ਵਰਕਸ਼ਾਪਾਂ ਕਰਵਾਈਆਂ ਗਈਆਂ ਜਿਵੇਂ

ਕਿ ਹਾੜ੍ਹੀ ਦੀਆਂ ਫ਼ਸਲਾਂ ਉੱਤੇ ਖੋਜ ਅਤੇ ਪਸਾਰ ਮਾਹਿਰਾਂ ਦੀ ਵਰਕਸ਼ਾਪ (12-13 ਅਗਸਤ 2014); ਫ਼ਲਾਂ, ਖੁੰਬਾਂ, ਵਣ-ਖੇਤੀ, ਕਟਾਈ ਉਪਰੰਤ ਸਾਂਭ-ਸੰਭਾਲ, ਫੂਡ ਤਕਨਾਲੋਜੀ ਅਤੇ ਖੇਤੀ ਅਰਥਚਾਰੇ ਉੱਤੇ ਖੋਜ ਅਤੇ ਪਸਾਰ ਮਾਹਿਰਾਂ ਦੀ ਵਰਕਸ਼ਾਪ (22-23 ਜਨਵਰੀ 2015); ਰਾਜ ਪੱਧਰੀ ਸਿਖਲਾਈ ਅਤੇ ਯੋਜਨਾਬੰਦੀ ਵਰਕਸ਼ਾਪ (29 ਜਨਵਰੀ 2015); ਸਾਉਣੀ ਦੀਆਂ ਫ਼ਸਲਾਂ ਉੱਤੇ ਖੋਜ ਅਤੇ ਪਸਾਰ ਮਾਹਿਰਾਂ ਦੀ ਵਰਕਸ਼ਾਪ (16-17 ਫ਼ਰਵਰੀ 2015) ਅਤੇ ਸਬਜ਼ੀਆਂ, ਫਲੋਰੀਕਲਚਰ ਅਤੇ ਸੀਰੀਕਲਚਰ ਦੇ ਨਾਲ ਨਾਲ ਕਟਾਈ ਉਪਰੰਤ ਸਾਂਭ-ਸੰਭਾਲ, ਫਾਰਮ ਪਾਵਰ ਮਸ਼ੀਨਰੀ, ਫੂਡ ਤਕਨਾਲੋਜੀ ਅਤੇ ਖੇਤੀ ਅਰਥਚਾਰੇ ਉੱਤੇ ਖੋਜ ਅਤੇ ਪਸਾਰ ਮਾਹਿਰਾਂ ਦੀ ਵਰਕਸ਼ਾਪ (29-30 ਮਈ 2015) । ਇਨ੍ਹਾਂ ਵਰਕਸ਼ਾਪਾਂ ਵਿੱਚ ਖੇਤੀਬਾੜੀ ਅਤੇ ਬਾਗਬਾਨੀ ਦੇ ਰਾਜ ਪੱਧਰੀ ਵਿਭਾਗਾਂ ਤੋਂ 1689 ਵਿਗਿਆਨੀਆਂ ਅਤੇ ਪਸਾਰ ਮਾਹਿਰਾਂ ਨੇ ਸ਼ਿਰਕਤ ਕੀਤੀ ।

## ਕਿਸਾਨਾਂ ਦੀਆਂ ਜੱਥੇਬੰਦੀਆਂ/ਫੀਡ ਬੈਕ ਕਮੇਟੀਆਂ

ਪੀ ਏ ਯੂ ਫਾਰਮਰਜ਼ ਕਮੇਟੀ ਅਤੇ ਪੀ ਏ ਯੂ ਫ਼ਲ ਅਤੇ ਸਬਜ਼ੀ ਉਤਪਾਦਕ ਕਮੇਟੀ ਦੀ ਇੱਕ ਸਾਂਝੀ ਮੀਟਿੰਗ 25 ਜੁਲਾਈ 2015 ਨੂੰ ਹੋਈ ਜਿਸ ਵਿੱਚ 148 ਅਗਾਂਹ ਵਧੂ ਕਿਸਾਨਾਂ ਅਤੇ ਖੇਤੀਬਾੜੀ, ਬਾਗਬਾਨੀ ਵਿਭਾਗ ਦੇ ਅਫ਼ਸਰਾਂ ਅਤੇ ਪੀ ਏ ਯੂ ਵਿਗਿਆਨੀਆਂ ਨੇ ਸ਼ਿਰਕਤ ਕੀਤੀ । ਇਸ ਮੀਟਿੰਗ ਵਿੱਚ ਕਿਸਾਨਾਂ ਨੇ ਮਾਹਿਰਾਂ ਨਾਲ ਆਪਣੀਆਂ ਖੇਤੀ ਦਰਪੇਸ਼ ਸਮੱਸਿਆਵਾਂ ਸਾਂਝੀਆਂ ਕੀਤੀਆਂ ਜਿਨ੍ਹਾਂ ਦੇ ਉਨ੍ਹਾਂ ਨੂੰ ਸੁਯੋਗ ਹੱਲ ਸੁਝਾਏ ਗਏ । ਇਸ ਮੌਕੇ ਕਿਸਾਨਾਂ ਨੇ ਵਿਗਿਆਨੀਆਂ ਨੂੰ ਖੋਜ ਸੰਬੰਧਤ ਕਈ ਮੁੱਦਿਆਂ ਤੇ ਫੀਡ ਬੈਕ ਵੀ ਦਿੱਤੀ, ਜਿਸ ਨਾਲ ਵਿਗਿਆਨੀਆਂ ਨੂੰ ਆਪਣੇ ਖੋਜ ਪ੍ਰੋਗਰਾਮਾਂ ਨੂੰ ਨਵੀਂ ਸੇਧ ਦੇਣ ਵਿੱਚ ਮਦਦ ਮਿਲੀ ।

ਇਸ ਤੋਂ ਇਲਾਵਾ ਪੀ ਏ ਯੂ ਕਿਸਾਨ ਕਲੱਬ ਅਤੇ ਕਿਸਾਨ ਬੀਬੀਆਂ ਦੇ ਵਿੰਗ ਦੇ ਮੈਂਬਰਾਂ ਲਈ 10 ਮਹੀਨਾਵਾਰ ਸਿਖਲਾਈ ਕੈਂਪ ਲਗਾਏ ਗਏ ਜਿਨ੍ਹਾਂ ਵਿੱਚ 5075 ਕਿਸਾਨਾਂ ਅਤੇ 626 ਕਿਸਾਨ ਬੀਬੀਆਂ ਨੇ ਸ਼ਿਰਕਤ ਕੀਤੀ । ਇਸ ਤੋਂ ਇਲਾਵਾ ਅਗਾਂਹ ਵਧੂ ਮਧੂ ਮੱਖੀ ਪਾਲਕਾਂ ਦੀ ਐਸੋਸੀਏਸ਼ਨ ਦੇ ਮੈਂਬਰਾਂ ਲਈ 10 ਮਹੀਨਾਵਾਰ ਸਿਖਲਾਈ ਕੈਂਪ ਲਗਾਏ ਗਏ ਜਿਨ੍ਹਾਂ ਵਿੱਚ 484 ਕਿਸਾਨਾਂ ਨੇ ਸ਼ਿਰਕਤ ਕੀਤੀ । ਇਸੇ ਤਰ੍ਹਾਂ ਬੀਜ ਉਤਪਾਦਕਾਂ ਅਤੇ ਨਰਸਰੀ ਉਗਾਉਣ ਵਾਲੀਆਂ ਦੀ ਐਸੋਸੀਏਸ਼ਨ ਦੇ ਮੈਂਬਰਾਂ ਲਈ ਚਾਰ ਸਿਖਲਾਈ ਕੈਂਪ ਲਗਾਏ ਗਏ ਜਿਨ੍ਹਾਂ ਵਿੱਚ 155 ਕਿਸਾਨਾਂ ਨੇ ਸ਼ਿਰਕਤ ਕੀਤੀ । ਇਨ੍ਹਾਂ ਸਿਖਲਾਈ ਕੈਂਪਾਂ ਨੂੰ ਲਗਾਉਣ ਦਾ ਮਨੋਰਥ ਕਿਸਾਨਾਂ ਅਤੇ ਕਿਸਾਨ ਬੀਬੀਆਂ ਨੂੰ ਉਨ੍ਹਾਂ ਨਾਲ ਸੰਬੰਧਤ ਕਾਰਜ ਖੇਤਰਾਂ ਵਿੱਚ ਚੱਲ ਰਹੀਆਂ ਨਵੀਨ ਖੋਜਾਂ ਤੋਂ ਜਾਗਰੂਕ ਕਰਨਾ ਸੀ।

ਇਸ ਦੇ ਨਾਲ ਨਾਲ ਕਿਸਾਨਾਂ ਅਤੇ ਵਿਗਿਆਨੀਆਂ ਦਾ "ਖੇਤੀ ਵਿੱਚ ਨਿਪੁੰਨਤਾ ਵਧਾਉਣ, ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਖੇਤੀ ਵਿੱਚ ਖੋਜ ਸੰਬੰਧਤ ਨੀਤੀਆਂ" ਉਤੇ ਇੱਕ ਵਿਚਾਰ-ਵਟਾਂਦਰਾ 25 ਮਈ 2015 ਨੂੰ ਕਰਵਾਇਆ ਗਿਆ ਜਿਸ ਵਿੱਚ ਪੰਜਾਬ ਦੇ ਵੱਖੋ ਵੱਖ ਜ਼ਿਲ੍ਹਿਆਂ ਤੋਂ 170 ਅਗਾਂਹ ਵਧੂ ਕਿਸਾਨਾਂ ਨੇ ਸ਼ਿਰਕਤ ਕੀਤੀ ਅਤੇ ਕਈ ਪ੍ਰਮੁੱਖ/ਸਹਾਇਕ ਧੰਦਿਆਂ ਜਿਵੇਂ ਕਿ ਫ਼ਲਾਂ ਅਤੇ ਸਬਜ਼ੀਆਂ ਦੀ ਪ੍ਰੋਸੈਸਿੰਗ, ਗਾਰਡਨਿੰਗ ਅਤੇ ਲੈਂਡਸਕੇਪਿੰਗ, ਸੁਰੱਖਿਅਕ ਕਾਸ਼ਤਕਾਰੀ, ਬੇਕਰੀ, ਫਾਰਮ ਮਸ਼ੀਨਰੀ ਨੂੰ ਚਲਾਉਣ ਅਤੇ ਉਸ ਦੀ ਸਾਂਭ ਸੰਭਾਲ ਆਦਿ ਬਾਰੇ ਜਾਣਕਾਰੀ ਹਾਸਲ ਕੀਤੀ।

## ਪਲਾਂਟ ਕਲੀਨਿਕ ਅਤੇ ਤਕਨੀਕੀ ਅਗਵਾਈ

ਪੀ ਏ ਯੂ ਵਿਗਿਆਨੀਆਂ ਵੱਲੋਂ ਫ਼ਸਲਾਂ ਨਾਲ ਸੰਬੰਧਤ ਕਈ ਬਿਮਾਰੀਆਂ ਜਿਵੇਂ ਕਿ ਪੋਸ਼ਣ ਦੀ ਘਾਟ, ਖੇਤਾਂ ਵਿੱਚ ਨਦੀਨ, ਕੀਟਨਾਸ਼ਕ ਅਤੇ ਬਿਮਾਰੀਆਂ ਦੀ ਲਾਗ, ਸਬਜ਼ੀਆਂ, ਫ਼ਲਾਂ, ਵਣ ਅਤੇ ਸਜਾਵਟੀ ਬੂਟਿਆਂ ਦੀਆਂ ਬਿਮਾਰੀਆਂ ਆਦਿ ਦਾ ਸਫ਼ਲਤਾ ਪੂਰਵਕ ਇਲਾਜ ਕੀਤਾ ਜਾਂਦਾ ਹੈ । ਇਹ ਕਾਰਜ ਪੀ ਏ ਯੂ ਵਿਖੇ ਸਥਿਤ ਪਲਾਂਟ ਕਲੀਨਿਕ ਅਤੇ ਰਾਜ ਦੇ ਵਿਭਿੰਨ ਜ਼ਿਲ੍ਹਿਆਂ ਵਿਚਲੇ ਕੇ ਵੀ ਕੇ'ਜ਼ ਅਤੇ ਐਫ ਏ ਐਸ ਸੀ'ਜ਼ ਦੇ ਵਿਗਿਆਨੀਆਂ ਵੱਲੋਂ ਕੀਤਾ ਜਾਂਦਾ ਹੈ । ਇਸ ਸਮੇਂ ਦੌਰਾਨ ਕਿਸਾਨਾਂ ਵੱਲੋਂ ਬਿਮਾਰ ਪੌਦਿਆਂ ਦੇ ਲਿਆਂਦੇ ਗਏ 8015 ਨਮੂਨਿਆਂ ਦਾ ਨਿਰੀਖਣ ਕੀਤਾ ਗਿਆ ਅਤੇ ਇਨ੍ਹਾਂ ਬਿਮਾਰੀਆਂ ਦੀ ਰੋਕਥਾਮ ਲਈ ਸੁਯੋਗ ਇਲਾਜ ਵੀ ਦੱਸੇ ਗਏ ।

ਪਸਾਰ ਮਾਹਿਰਾਂ ਵੱਲੋਂ ਫ਼ਸਲ ਉਤਪਾਦਨ ਅਤੇ ਹੋਰ ਸਹਾਇਕ ਧੰਦਿਆਂ ਦੇ ਵਿਭਿੰਨ ਪੱਖਾਂ ਉਤੇ ਕਿਸਾਨਾਂ ਨੂੰ ਸਮੇਂ ਸਮੇਂ ਸਿਰ ਤਕਨੀਕੀ ਅਗਵਾਈ ਦਿੱਤੀ ਜਾਂਦੀ ਹੈ । ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਦਫ਼ਤਰਾਂ ਵਿੱਚ ਆਉਣ ਵਾਲੇ, ਖੇਤਾਂ ਵਿੱਚ ਰੁੱਝੇ ਅਤੇ ਟੈਲੀਫੋਨ ਰਾਹੀਂ ਸੰਪਰਕ ਕਰਨ ਵਾਲੇ 64205 ਕਿਸਾਨਾਂ ਨੂੰ ਤਕਨੀਕੀ ਅਗਵਾਈ ਦਿੱਤੀ ਗਈ ।

## ਪੀ ਏ ਯੂ ਦੂਤ

ਯੂਨੀਵਰਸਿਟੀ ਵੱਲੋਂ ਅਜਿਹੇ ਕਿਸਾਨ ਜਿਨ੍ਹਾਂ ਨੂੰ ਇੰਟਰਨੈੱਟ ਵਰਤਣਾ ਆਉਂਦਾ ਹੈ, ਨੂੰ ਪੀ ਏ ਯੂ ਦੂਤ ਵਜੋਂ ਸ਼ਾਮਲ ਕੀਤਾ ਜਾਂਦਾ ਹੈ ਤਾਂ ਜੋ ਉਹ ਯੂਨੀਵਰਸਿਟੀ ਵੱਲੋਂ ਭੇਜੇ ਖੇਤੀ ਸੰਬੰਧਤ ਸੁਨੇਹੇ ਜਾਂ ਵਿਕਸਤ ਕੀਤੀ ਤਕਨਾਲੋਜੀ ਦਾ ਪਸਾਰ ਆਪੋ ਆਪਣੇ ਪਿੰਡਾਂ ਵਿੱਚ ਸਪੀਕਰਾਂ ਆਦਿ ਰਾਹੀਂ ਕਰ ਸਕਣ । ਇਨ੍ਹਾਂ ਦੂਤਾਂ ਨੂੰ ਵਿਭਿੰਨ ਖੇਤੀ ਪ੍ਰੈਕਟਸਿਸ ਬਾਰੇ ਹਰ ਹਫ਼ਤੇ 2-3 ਸੁਨੇਹੇ ਈ ਮੇਲ ਆਦਿ ਰਾਹੀਂ ਭੇਜੇ ਜਾਂਦੇ ਹਨ । ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ 1248 ਦੂਤਾਂ ਨੂੰ ਸ਼ਾਮਲ ਕੀਤਾ ਗਿਆ ਅਤੇ ਇਨ੍ਹਾਂ ਨੂੰ 86 ਸੁਨੇਹੇ ਭੇਜੇ ਗਏ । ਹੁਣ ਤੱਕ 4790 ਕਿਸਾਨਾਂ ਨੂੰ ਪੀ ਏ ਯੂ ਦੂਤ ਵਜੋਂ ਸ਼ਾਮਲ ਕੀਤਾ ਜਾ ਚੁੱਕਾ ਹੈ ।

# ਸੰਚਾਰ ਅਤੇ ਮੀਡੀਆ

## ਜਨ ਸਾਧਨਾਂ ਰਾਹੀਂ ਸੰਚਾਰ

ਸੰਚਾਰ ਅਤੇ ਅੰਤਰਰਾਸ਼ਟਰੀ ਸੰਪਰਕ ਕੇਂਦਰ ਵੱਲੋਂ ਖੇਤੀ ਖੋਜ ਅਤੇ ਉਚੇਰੀ ਸਿੱਖਿਆ ਵਿੱਚ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਨੂੰ ਘਰ-ਘਰ ਪਹੁੰਚਾਉਣ ਲਈ ਪ੍ਰਿੰਟ ਅਤੇ ਇਲੈਕਟ੍ਰੌਨਿਕ ਮੀਡੀਆ ਜਿਨ੍ਹਾਂ ਵਿੱਚ ਦੂਰਦਰਸ਼ਨ ਅਤੇ ਆਲ ਇੰਡੀਆ ਰੇਡੀਓ, ਜਲੰਧਰ ਵੀ ਸ਼ਾਮਲ ਹਨ, ਨਾਲ ਲਗਾਤਾਰ ਰਾਬਤਾ ਕਾਇਮ ਰੱਖਿਆ ਜਾਂਦਾ ਹੈ । ਕੇਂਦਰ ਵੱਲੋਂ ਵੱਖੋ-ਵੱਖ ਅਖ਼ਬਾਰਾਂ ਅਤੇ ਖਬਰਾਂ ਦੇ ਚੈਨਲਾਂ ਨੂੰ ਨਿਰੰਤਰ ਪ੍ਰੈੱਸ ਰਿਲੀਜ਼ਾਂ ਭੇਜੀਆਂ ਜਾਂਦੀਆਂ ਹਨ । ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਕੇਂਦਰ ਨੇ ਕੁੱਲ 811 ਪ੍ਰੈੱਸ ਰਲੀਜ਼ਾਂ (ਅੰਗਰੇਜੀ ਭਾਸ਼ਾ ਵਿੱਚ 421 ਅਤੇ ਪੰਜਾਬੀ ਭਾਸ਼ਾ ਵਿੱਚ 390) ਜ਼ਾਰੀ ਕੀਤੀਆਂ । ਇਸ ਵੱਲੋਂ ਪੀ ਏ ਯੂ ਵਿਗਿਆਨੀਆਂ ਦੇ ਲਿਖੇ 20 ਆਰਟੀਕਲਾਂ (ਅੰਗਰੇਜ਼ੀ ਭਾਸ਼ਾ ਵਿੱਚ 8 ਅਤੇ ਪੰਜਾਬੀ ਭਾਸ਼ਾ ਵਿੱਚ 12) ਨੂੰ ਵੱਖੋ-ਵੱਖ ਅਖ਼ਬਾਰਾਂ ਅਤੇ ਮੈਗਜ਼ੀਨਾਂ ਵਿੱਚ ਪ੍ਰਕਾਸ਼ਨਾ ਹਿਤ ਭੇਜਿਆ ਗਿਆ । ਕੇਂਦਰ ਵੱਲੋਂ ਵੱਖੋ-ਵੱਖ ਪ੍ਰੋਗਰਾਮਾਂ ਦੇ 87 ਟੀ ਵੀ ਕਵਰੇਜ਼ ਅਤੇ 14 ਕਿਸਾਨ ਮੇਲਿਆਂ ਦੀਆਂ ਰਿਪੋਰਟਾਂ ਨੂੰ ਦੂਰਦਰਸ਼ਨ ਤੋਂ ਟੈਲੀਕਾਸਟ ਕਰਨ ਹਿਤ ਭੇਜੀਆਂ ਗਈਆਂ । ਕੇਂਦਰ ਵੱਲੋਂ ਪੀ ਏ ਯੂ ਵਿਗਿਆਨੀਆਂ ਦੀਆਂ 310 ਟੀ ਵੀ ਟਾਕਜ਼ ਰਿਕਾਰਡ ਅਤੇ ਪ੍ਰਸਾਰ ਕਰਨ ਹਿਤ ਦੂਰਦਰਸ਼ਨ ਜਲੰਧਰ ਨਾਲ ਰਾਬਤਾ ਕਾਇਮ ਕੀਤਾ ਗਿਆ ।

## ਖੇਤੀ ਪ੍ਰਕਾਸ਼ਨਾਵਾਂ

ਸੰਚਾਰ ਅਤੇ ਅੰਤਰਰਾਸ਼ਟਰੀ ਸੰਪਰਕ ਕੇਂਦਰ ਵੱਲੋਂ ਦੋ ਮਹੀਨਾਵਾਰ ਖੇਤੀ ਰਸਾਲੇ (ਪੰਜਾਬੀ ਭਾਸ਼ਾ ਵਿੱਚ 'ਚੰਗੀ ਖੇਤੀ' ਅਤੇ ਅੰਗਰੇਜ਼ੀ ਭਾਸ਼ਾ ਵਿੱਚ 'ਪ੍ਰੋਗਰੈਸਿਵ ਫਾਰਮਿੰਗ') ਪ੍ਰਕਾਸ਼ਤ ਕੀਤੇ ਜਾਂਦੇ ਹਨ । ਇਨ੍ਹਾਂ ਦੋਹਾਂ ਰਸਾਲਿਆਂ ਦੀ ਸਾਂਝੀ ਸਰਕੂਲੇਸ਼ਨ ਵਿੱਚ ਸਾਲ 2013-14 (1,23,048 ਕਾਪੀਆਂ) ਤੋਂ ਸਾਲ 2014-15 (1,89,075 ਕਾਪੀਆਂ) ਦੌਰਾਨ 53 ਪ੍ਰਤੀਸ਼ਤ ਦਾ ਵਾਧਾ ਹੋਇਆ । ਕੇਂਦਰ ਵੱਲੋਂ ਸਾਲ ਵਿੱਚ ਦੋ ਵਾਰ ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾ ਵਿੱਚ 'ਪੰਜਾਬ ਦੀਆਂ ਫ਼ਸਲਾਂ ਲਈ ਸਿਫ਼ਾਰਸ਼ਾਂ' ਵੀ ਪ੍ਰਕਾਸ਼ਤ ਕੀਤੀਆਂ ਜਾਂਦੀਆਂ ਹਨ । ਇਨ੍ਹਾਂ ਤੋਂ ਇਲਾਵਾ ਵੱਖੋ-ਵੱਖ ਫ਼ਸਲਾਂ ਅਤੇ ਤਕਨਾਲੋਜੀਆਂ ਉੱਤੇ ਵਿਗਿਆਨੀਆਂ ਵੱਲੋਂ ਲਿਖੇ ਖੇਤ ਬੁਲੇਟਿਨਜ਼ ਵੀ ਪ੍ਰਕਾਸ਼ਿਤ ਕੀਤੇ ਜਾਂਦੇ ਹਨ । ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਕੇਂਦਰ ਵੱਲੋਂ ਮਹੱਤਵਪੂਰਨ ਫ਼ਸਲਾਂ ਦੀਆਂ ਖੇਤ ਸੰਬੰਧਤ ਸਮੱਸਿਆਵਾਂ, ਫ਼ਲਾਂ ਦੀ ਕਾਸ਼ਤ, ਸਬਜ਼ੀਆਂ ਦੀ ਕਾਸ਼ਤ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ, ਫੁੱਲਾਂ ਦੀ ਕਾਸ਼ਤ, ਫ਼ਸਲਾਂ ਵਿੱਚ ਨਦੀਨਾਂ ਦੀ ਰੋਕਥਾਮ, ਪੌਦਿਆਂ ਦੀਆਂ ਬਿਮਾਰੀਆਂ, ਮਧੂ ਮੱਖੀ ਪਾਲਣ, ਟਰੈਕਟਰਾਂ ਨੂੰ ਚਲਾਉਣ ਅਤੇ ਉਨ੍ਹਾਂ ਦੀ ਦੇਖਭਾਲ ਸੰਬੰਧੀ, ਲਾਅਨ ਦੀ ਦੇਖ ਭਾਲ ਆਦਿ ਵਿਸ਼ਿਆਂ ਉੱਤੇ ਅੰਗਰੇਜ਼ੀ ਭਾਸ਼ਾ ਵਿੱਚ 6 ਅਤੇ ਪੰਜਾਬੀ ਭਾਸ਼ਾ ਵਿੱਚ 15 ਨਵੇਂ/ਸੋਧੇ ਹੋਏ ਖੇਤ ਬੁਲੇਟਿਨਜ਼ ਪ੍ਰਕਾਸ਼ਤ ਕੀਤੇ ਗਏ ।

# ਮਾਨਵ ਸਰੋਤ, ਵਿੱਤ ਅਤੇ ਬੁਨਿਆਦੀ ਢਾਂਚੇ ਦਾ ਵਿਕਾਸ

## ਨਵੀਆਂ ਨਿਯੁਕਤੀਆਂ, ਤਰੱਕੀਆਂ ਅਤੇ ਸੇਵਾ ਮੁਕਤੀਆਂ

### ਨਵੀਆਂ ਨਿਯੁਕਤੀਆਂ

ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਯੂਨੀਵਰਸਿਟੀ ਵੱਲੋਂ ਹੇਠ ਲਿਖੀਆਂ ਨਵੀਆਂ ਨਿਯੁਕਤੀਆਂ ਕੀਤੀਆਂ ਗਈਆਂ । ਇਨ੍ਹਾਂ ਤੋਂ ਇਲਾਵਾ 27 ਸਹਾਇਕ ਪ੍ਰੋਫ਼ੈਸਰ ਅਤੇ ਇਸ ਅਹੁਦੇ ਦੇ ਬਰਾਬਰ ਦੀ ਸਿੱਧੀ ਭਰਤੀ ਕੀਤੀ ਗਈ ।

| ਨਾਮ | ਅਹੁਦਾ ਅਤੇ ਵਿਭਾਗ | ਨਿਯੁਕਤੀ ਦੀ ਤਰੀਕ |
|---|---|---|
| ਡਾ. ਜਸਕਰਨ ਸਿੰਘ ਮਾਹਲ | ਡੀਨ, ਖੇਤੀਬਾੜੀ ਇੰਜੀ. ਅਤੇ ਤਕਨਾਲੋਜੀ ਕਾਲਜ | 28.07.2014 |
| ਡਾ. ਬਲਵਿੰਦਰ ਸਿੰਘ | ਨਿਰਦੇਸ਼ਕ ਖੋਜ | 28.10.2014 |
| ਡਾ. ਆਰ. ਐਸ. ਸਿੱਧੂ | ਨਿਰਦੇਸ਼ਕ ਪਸਾਰ ਸਿੱਖਿਆ | 28.10.2014 |
| ਡਾ. (ਸ੍ਰੀਮਤੀ) ਨੀਲਮ ਗਰੇਵਾਲ | ਡੀਨ, ਪੋਸਟਗ੍ਰੈਜੂਏਟ ਸਟੱਡੀਜ਼ | 26.02.2015 |
| ਡਾ. (ਸ੍ਰੀਮਤੀ) ਗੁਰਿੰਦਰ ਕੌਰ ਸਾਂਘਾ | ਡੀਨ, ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ | 30.03.2015 |
| ਡਾ. (ਸ੍ਰੀਮਤੀ) ਜਤਿੰਦਰ ਕਿਸ਼ਤਵਾੜੀਆ | ਡੀਨ, ਹੋਮ ਸਾਇੰਸ ਕਾਲਜ | 07.04.2015 |
| ਡਾ. ਪੁਸ਼ਪਿੰਦਰ ਸਿੰਘ ਔਲਖ | ਅਪਰ ਨਿਰਦੇਸ਼ਕ ਪਸਾਰ ਸਿਖਿਆ | 28.07.2014 |
| ਡਾ. ਅਸ਼ੋਕ ਕੁਮਾਰ | ਅਪਰ ਨਿਰਦੇਸ਼ਕ ਖੋਜ (ਫਾਰਮ ਮੈਕਾਨਾਈਜ਼ੇਸ਼ਨ ਅਤੇ ਬਾਇਓ-ਐਨਰਜੀ) | 09.01.2015 |
| ਡਾ. ਐਨ. ਕੇ. ਖੁੱਲਰ | ਕੰਟਰੋਲਰ ਪ੍ਰੀਖਿਆਵਾਂ | 01.12.2014 |
| ਡਾ. ਕਰਨਜੀਤ ਸਿੰਘ ਥਿੰਦ | ਮੁਖੀ, ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ | 28.07.2014 |
| ਡਾ. ਹਰਮੀਤ ਸਿੰਘ ਥਿੰਦ | ਭੂਮੀ ਵਿਗਿਆਨ ਵਿਭਾਗ | 28.07.2014 |
| ਡਾ. (ਸ੍ਰੀਮਤੀ) ਸੰਦੀਪ ਬੈਂਸ | ਮੁਖੀ, ਐਪੇਰਿਲ ਅਤੇ ਟੈਕਸਟਾਈਲ ਵਿਗਿਆਨ ਵਿਭਾਗ | 28.07.2014 |
| ਡਾ. ਵੀਰ ਪ੍ਰਕਾਸ਼ ਸੇਠੀ | ਮੁਖੀ, ਮਕੈਨੀਕਲ ਇੰਜ. ਵਿਭਾਗ | 29.08.2014 |
| ਡਾ. ਰਿਸ਼ੀ ਇੰਦਰ ਸਿੰਘ ਗਿੱਲ | ਮੁਖੀ, ਵਣ ਅਤੇ ਕੁਦਰਤੀ ਸਰੋਤ ਵਿਭਾਗ | 28.10.2014 |
| ਡਾ. (ਸ੍ਰੀਮਤੀ) ਜਗਦੀਸ਼ ਕੌਰ | ਮੁਖੀ, ਪੱਤਰਕਾਰੀ, ਭਾਸ਼ਾਵਾਂ ਅਤੇ ਸਭਿਆਚਾਰ ਵਿਭਾਗ | 28.10.2014 |
| ਡਾ. (ਸ੍ਰੀਮਤੀ) ਸਤਿੰਦਰ ਕੌਰ ਉੱਪਲ | ਮੁਖੀ, ਕਮਿਸਟਰੀ ਵਿਭਾਗ | 03.12.2014 |
| ਡਾ. ਠਾਕਰ ਸਿੰਘ | ਮੁਖੀ, ਫ਼ਸਲ ਵਿਗਿਆਨ ਵਿਭਾਗ | 30.03.2015 |
| ਡਾ. ਰਾਜਨ ਅਗਰਵਾਲ | ਮੁਖੀ, ਭੂਮੀ ਅਤੇ ਪਾਣੀ ਇੰਜ. ਵਿਭਾਗ | 30.03.2015 |
| ਡਾ. (ਸ੍ਰੀਮਤੀ) ਅਨੀਤਾ ਕੋਚਰ | ਮੁਖੀ, ਭੋਜਨ ਅਤੇ ਪੋਸ਼ਣ ਵਿਭਾਗ | 08.04.2015 |
| ਡਾ. ਪਰਵਿੰਦਰ ਸਿੰਘ ਸੇਖੋਂ | ਮੁਖੀ, ਪੌਦਾ ਰੋਗ ਵਿਗਿਆਨ ਵਿਭਾਗ | 01.05.2015 |
| ਡਾ. ਜੇ. ਐਸ. ਬਰਾੜ | ਨਿਰਦੇਸ਼ਕ (ਬੀਜ) | 28.07.2014 |
| ਡਾ. ਬਿਪਨ ਕੁਮਾਰ | ਨਿਰਦੇਸ਼ਕ, ਆਰ ਆਰ ਐਸ, ਕਪੂਰਥਲਾ | 10.10.2014 |
| ਡਾ. ਪਰਮਜੀਤ ਸਿੰਘ | ਨਿਰਦੇਸ਼ਕ, ਆਰ ਆਰ ਐਸ, ਬਠਿੰਡਾ | 28.10.2014 |
| ਡਾ. ਰਾਮ ਸਕਲ ਸਿੰਘ | ਨਿਰਦੇਸ਼ਕ, ਆਰ ਆਰ ਐਸ, ਗੁਰਦਾਸਪੁਰ | 28.10.2014 |
| ਡਾ. ਵਿਸ਼ਵਜੀਤ ਸਿੰਘ ਹਾਂਸ | ਨਿਰਦੇਸ਼ਕ, ਸਕੂਲ ਆਫ਼ ਐਨਰਜੀ ਸਟੱਡੀਜ਼ ਫਾਰ ਐਗਰੀਕਲਚਰ | 13.01.2015 |
| ਡਾ. ਮਨਮੋਹਨਜੀਤ ਸਿੰਘ | ਨਿਰਦੇਸ਼ਕ, ਆਰ ਆਰ ਐਸ, ਬੱਲੋਵਾਲ ਸੌਂਖੜੀ | 01.04.2015 |

**ਤਰੱਕੀਆਂ ਅਤੇ ਸੇਵਾ ਮੁਕਤੀਆਂ**

ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ 15600-39100 ਰੁਪਏ ਅਤੇ ਗਰੇਡ ਪੇਅ 6000 ਰੁਪਏ ਵਿੱਚ ਸੇਵਾ ਨਿਭਾਅ ਰਹੇ 66 ਸਹਾਇਕ ਪ੍ਰੋਫ਼ੈਸਰ ਦੇ ਅਹੁਦੇ ਦੇ ਅਧਿਆਪਕਾਂ ਨੂੰ 7000/- ਰੁਪਏ ਦੇ ਗਰੇਡ ਪੇਅ ਦੀ ਤਰੱਕੀ ਦਿੱਤੀ ਗਈ; ਇਸੇ ਤਰ੍ਹਾਂ 15600-39,100 ਰੁਪਏ ਅਤੇ ਗਰੇਡ ਪੇਅ 7000 ਰੁਪਏ ਵਿੱਚ ਸੇਵਾ ਨਿਭਾਅ ਰਹੇ 30 ਸਹਾਇਕ ਪ੍ਰੋਫੈਸਰ ਅਹੁਦੇ ਦੇ ਅਧਿਆਪਕਾਂ ਨੂੰ 8000/- ਰੁਪਏ ਦੇ ਗਰੇਡ ਪੇਅ ਦੀ ਤਰੱਕੀ ਦਿੱਤੀ ਗਈ; 15600-39100 ਰੁਪਏ ਅਤੇ ਗਰੇਡ ਪੇਅ 8000 ਰੁਪਏ ਵਿੱਚ ਸੇਵਾ ਨਿਭਾਅ ਰਹੇ 5 ਸਹਾਇਕ ਪ੍ਰੋਫੈਸਰਾਂ ਨੂੰ 37400-67000 ਰੁਪਏ ਅਤੇ ਗਰੇਡ ਪੇਅ 9000/- ਰੁਪਏ ਦੇ ਤਨਖਾਹ ਸਕੇਲ ਵਿੱਚ ਪਦ-ਉੱਨਤ ਕਰਕੇ ਸਹਿਯੋਗੀ ਪ੍ਰੋਫੈਸਰ ਅਤੇ ਇਸ ਦੇ ਬਰਾਬਰ ਨਿਯੁਕਤ ਕੀਤਾ ਗਿਆ। 37400-67000 ਰੁਪਏ ਅਤੇ ਗਰੇਡ ਪੇਅ 9000/- ਰੁਪਏ ਵਿੱਚ ਸੇਵਾ ਨਿਭਾਅ ਰਹੇ 28 ਸਹਿਯੋਗੀ ਪ੍ਰੋਫੈਸਰਾਂ ਨੂੰ 10,000/- ਰੁਪਏ ਦੇ ਗਰੇਡ ਪੇਅ ਵਿੱਚ ਪਦ-ਉਨਤ ਕਰਕੇ ਪ੍ਰੋਫ਼ੈਸਰ ਅਤੇ ਇਸ ਦੇ ਬਰਾਬਰ ਨਿਯੁਕਤ ਕੀਤਾ ਗਿਆ। ਇਸ ਸਮੇਂ ਦੌਰਾਨ 29 ਅਧਿਆਪਕ ਯੂਨੀਵਰਸਿਟੀ ਸੇਵਾਵਾਂ ਤੋਂ ਮੁਕਤ ਹੋ ਗਏ/ਅਸਤੀਫ਼ਾ ਦੇ ਗਏ।

**ਫੈਕਲਟੀ ਦੀ ਗਿਣਤੀ**

| ਸ਼੍ਰੇਣੀ | ਮਨਜੂਰ ਅਸਾਮੀਆਂ | ਇਨ ਪੁਜ਼ੀਸ਼ਨ ਅਸਾਮੀਆਂ |
|---|---|---|
| ਰਾਜ | 1056 | 485 |
| ਆਈ ਸੀ ਏ ਆਰ | 186 | 179 |
| ਕੇ ਵੀ ਕੇ | 119 | 105 |
| ਹੋਰ | 23 | 20 |
| ਕੁੱਲ | 1384 | 789 |

## ਐਵਾਰਡਜ਼, ਮਾਣ ਅਤੇ ਸਨਮਾਨ

- ਡਾ. ਬਲਦੇਵ ਸਿੰਘ ਢਿੱਲੋਂ, ਵਾਈਸ ਚਾਂਸਲਰ, ਪੀ ਏ ਯੂ ਨੂੰ 3-6 ਫਰਵਰੀ 2015 ਦੌਰਾਨ ਨੈਸ਼ਨਲ ਡੇਅਰੀ ਰਿਸਰਚ ਇੰਸਟੀਚਿਊਟ, ਕਰਨਾਲ ਵਿਖੇ ਹੋਈ 12ਵੀਂ ਇੰਡੀਅਨ ਸਾਇੰਸ ਕਾਂਗਰਸ ਮੌਕੇ ਮਾਣਯੋਗ ਗਵਰਨਰ, ਹਰਿਆਣਾ ਅਤੇ ਪੰਜਾਬ ਸਰਵ ਸ੍ਰੀ ਕਪਤਾਨ ਸਿੰਘ ਸੋਲੰਕੀ ਵੱਲੋਂ ਡਾ. ਬੀ ਪੀ ਪਾਲ ਯਾਦਗਾਰੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਨੈਸ਼ਨਲ ਅਕਾਦਮੀ ਆਫ਼ ਐਗਰੀਕਲਚਰਲ ਸਾਇੰਸਜ਼ ਦਾ ਇਹ ਸਭ ਤੋਂ ਉੱਚਾ ਐਵਾਰਡ ਹੈ ਜਿਸ ਵਿੱਚ ਸੋਨ ਤਗਮਾ, ਪ੍ਰਸ਼ੰਸਾ ਪੱਤਰ ਅਤੇ ਨਗਦ ਇਨਾਮ ਦਿੱਤਾ ਜਾਂਦਾ ਹੈ।

**ਡੀਨ ਪੋਸਟ ਗ੍ਰੈਜੂਏਟ ਸਟੱਡੀਜ਼**

- ਡਾ. ਨੀਲਮ ਗਰੇਵਾਲ ਨੂੰ ਆਈ ਸੀ ਏ ਆਰ ਵੱਲੋਂ ਖੇਤੀ ਸੰਦਾਂ ਉੱਤੇ ਖੋਜ ਲਈ ਐਨ ਏ ਐਸ ਆਈ-ਆਈ ਸੀ ਏ ਆਰ ਦੇ ਮਾਹਿਰਾਂ ਦੀ ਟੀਮ ਦਾ ਮੈਂਬਰ, ਆਈ ਸੀ ਐਮ ਆਰ ਵੱਲੋਂ ਲਘੂ ਤੱਤਾਂ ਉੱਤੇ ਟਾਸਕ ਫੋਰਸ ਦਾ ਮੈਂਬਰ ਅਤੇ ਡੀ ਏ ਸੀ ਭਾਰਤ ਸਰਕਾਰ ਵੱਲੋਂ ਖੇਤੀਬਾੜੀ ਵਿੱਚ ਔਰਤਾਂ ਦੇ ਪ੍ਰਬੰਧਨ ਅਤੇ ਦੇਖਭਾਲ ਕਮੇਟੀ ਦਾ ਮੈਂਬਰ ਨਾਮਜ਼ਦ ਕੀਤਾ ਗਿਆ।

**ਖੇਤੀਬਾੜੀ ਕਾਲਜ**

- ਡਾ. ਐਸ ਐਸ ਕੁੱਕਲ ਅਤੇ ਡਾ ਐਚ ਐਸ ਥਿੰਦ (ਭੂਮੀ ਵਿਗਿਆਨ) ਨੂੰ ਨੈਸ਼ਨਲ ਅਕਾਦਮੀ ਆਫ਼ ਐਗਰੀਕਲਚਰਲ ਸਾਇੰਸਜ਼ (ਐਨ ਏ ਏ ਐਸ) ਨਵੀਂ ਦਿੱਲੀ ਵੱਲੋਂ ਫੈਲੋ (2014) ਵਜੋਂ ਚੁਣਿਆ ਗਿਆ।
- ਝੋਨਾ ਟੀਮ (ਪਲਾਂਟ ਬਰੀਡਿੰਗ ਅਤੇ ਜੈਨੇਟਿਕਸ) ਨੂੰ ਆਈ ਸੀ ਏ ਆਰ ਵੱਲੋਂ ਗੋਲਡਨ ਜੁਬਲੀ ਬੈਸਟ ਏ ਆਈ ਸੀ ਆਰ ਆਈ ਪੀ ਸੈਂਟਰ ਐਵਾਰਡ ਪ੍ਰਦਾਨ ਕੀਤਾ ਗਿਆ।
- ਡਾ. ਐਸ ਐਸ ਵਾਲੀਆ, ਡਾ. ਆਰ ਐਸ ਗਿੱਲ ਅਤੇ ਡਾ. ਸੀ ਐਸ ਔਲਖ (ਐਗਰੋਨੋਮੀ) ਨੂੰ ਆਈ ਸੀ ਏ ਆਰ ਇੰਸਟੀਚਿਊਟ ਆਫ਼ ਫਾਰਮਿੰਗ ਸਿਸਟਮਜ਼ ਰਿਸਰਚ. ਮੋਦੀਪੁਰਮ, ਮੇਰਠ ਤੋਂ "ਬੈਸਟ ਏ ਆਈ ਸੀ ਆਰ ਆਈ ਪੀ ਸੈਂਟਰ ਐਵਾਰਡ 2014" ਹਾਸਲ ਹੋਇਆ।
- ਡਾ. ਸਤਨਾਮ ਸਿੰਘ (ਕੀਟ ਵਿਗਿਆਨ) ਨੂੰ ਯੂਨੀਵਰਸਿਟੀ ਗਰਾਂਟਸ ਕਮਿਸ਼ਨ, ਨਵੀਂ ਦਿੱਲੀ ਵੱਲੋਂ ਰਮਨ ਪੋਸਟ-ਡਾਕਟੋਰਲ ਫੈਲੋਸ਼ਿਪ ਹਾਸਲ ਹੋਈ ਜਿਸਦੇ ਤਹਿਤ ਉਹ ਯੂਨੀਵਰਸਿਟੀ ਆਫ਼ ਕੈਂਟਕੀ ਯੂ ਐਸ ਏ ਦੇ ਕੀਟ ਵਿਗਿਆਨ ਵਿਭਾਗ ਵਿੱਚ ਇਕ ਸਾਲ ਲਈ ਕਾਰਜ ਕਰਨਗੇ।
- ਡਾ. ਜੀ ਐਸ ਬੁੱਟਰ (ਫ਼ਸਲ ਵਿਗਿਆਨ) ਨੂੰ ਭੂਮੀ ਅਤੇ ਪਾਣੀ ਦੇ ਪ੍ਰਬੰਧਣ ਵਿੱਚ ਸਰਵੋਤਮ ਖੋਜ ਕਾਰਜ ਕਰਨ ਕਰਕੇ "ਆਈ ਸੀ ਏ ਆਰ - ਸੀ ਐਸ ਐਸ ਆਰ ਆਈ ਐਵਾਰਡ 2015 ਹਾਸਲ ਹੋਇਆ।

  ਡਾ. ਐਸ ਐਸ ਕੂਕਲ (ਭੂਮੀ ਵਿਗਿਆਨ) ਨੂੰ ਪੀ ਏ ਯੂ ਵਿਖੇ 'ਡਾ. ਜੀ ਐਸ ਖੁਸ਼ ਸਰਵੋਤਮ ਪ੍ਰੋਫੈਸਰ ਐਵਾਰਡ 2013-16" ਪ੍ਰਦਾਨ ਕੀਤਾ ਗਿਆ।
- ਡਾ. ਮਨਮੋਹਨਜੀਤ ਸਿੰਘ (ਭੂਮੀ ਵਿਗਿਆਨ) ਨੂੰ ਭੂਮੀ ਅਤੇ ਪਾਣੀ ਦੇ ਰੱਖ ਰਖਾਅ ਦੀ ਤਕਨਾਲੋਜੀ ਦਾ ਪਸਾਰ ਕਰਨ ਕਰਕੇ "ਸਮਰ ਮੈਮੋਰੀਅਲ ਐਵਾਰਡ 2015" ਹਾਸਲ ਹੋਇਆ। ਉਹਨਾਂ ਨੂੰ ਇਹ ਐਵਾਰਡ ਭੂਮੀ ਰੱਖ-ਰਖਾਅ ਦੀ ਭਾਰਤੀ ਸੋਸਾਇਟੀ, ਨਵੀਂ ਦਿੱਲੀ ਵੱਲੋਂ ਪ੍ਰਦਾਨ ਕੀਤਾ ਗਿਆ।
- ਡਾ.(ਸ੍ਰੀਮਤੀ) ਆਰ ਕੇ ਕਾਲੜਾ (ਪਸਾਰ ਸਿੱਖਿਆ) ਨੇ ਪਸਾਰ ਸਿੱਖਿਆ ਦੀ ਭਾਰਤੀ ਸੋਸਾਇਟੀ, ਆਈ ਏ ਆਰ ਆਈ, ਨਵੀਂ ਦਿੱਲੀ ਤੋਂ "ਮਾਣਤਾ ਐਵਾਰਡ 2015" ਹਾਸਲ ਕੀਤਾ।
- ਡਾ. (ਸ੍ਰੀਮਤੀ) ਮਨਮੀਤ ਕੌਰ (ਪਸਾਰ ਸਿੱਖਿਆ) ਨੂੰ ਕਮਿਊਨਟੀ, ਗਤੀਸ਼ੀਲਤਾ ਅਤੇ ਨਿਰੰਤਰ ਵਿਅਕਤੀਗਤ ਵਿਕਾਸ ਦੀ ਸੋਸਾਇਟੀ, ਆਈ ਏ ਆਰ ਆਈ, ਨਵੀਂ ਦਿੱਲੀ ਤੋਂ "ਪ੍ਰੈਜ਼ੀਡੈਂਸ਼ੀਅਲ ਪ੍ਰਸ਼ੰਸਾਤਮਕ ਐਵਾਰਡ 2015" ਹਾਸਲ ਹੋਇਆ।

- ਡਾ. ਏ ਐਸ ਢੱਟ (ਸਬਜ਼ੀ ਵਿਗਿਆਨ) ਨੂੰ ਸਬਜ਼ੀਆਂ ਦੀਆਂ ਫ਼ਸਲਾਂ ਵਿੱਚ ਸਰਵੋਤਮ ਖੋਜ ਕਾਰਜ ਕਰਨ ਕਰਕੇ ਪੀ ਏ ਯੂ ਤੋਂ "ਪ੍ਰਸੰਸਾਤਮਕ ਪੱਤਰ" ਹਾਸਲ ਹੋਇਆ।
- ਡਾ. ਕੁਲਦੀਪ ਸਿੰਘ ਨੂੰ ਕਮਾਦ ਐਗਰੋਨੋਮੀ ਵਿੱਚ ਸਰਵੋਤਮ ਖੋਜ ਕਾਰਜ ਕਰਨ ਕਰਕੇ ਪੀ ਏ ਯੂ ਤੋਂ "ਪ੍ਰਸੰਸਾਤਮਕ ਪੱਤਰ" ਹਾਸਲ ਹੋਇਆ।
- ਡਾ. ਸੰਜੀਵ ਕੇ ਚੌਹਾਨ (ਵਣ ਅਤੇ ਕੁਦਰਤੀ ਸਰੋਤ) ਆਈ ਯੂ ਐਫ਼ ਆਰ ਓ-2014 ਸ਼ਾਰਟ ਰੋਟੇਸ਼ਨ ਫਾਰਿਸਟਰੀ ਸੈਕਸ਼ਨ, ਵਿਆਨਾ, ਆਸਟਰੀਆ ਦੇ ਕੋ-ਆਰਡੀਨੇਟਰ ਰਹੇ।
- ਡਾ. ਪੀ ਕੇ ਛੁਨੇਜਾ (ਕੀਟ ਵਿਗਿਆਨ) ਨੂੰ ਵੀ. ਸ਼ਿਵਾਰਾਮ ਰਿਸਰਚ ਫਾਊਂਡੇਸ਼ਨ, ਬੰਗਲੋਰ ਵੱਲੋਂ "ਖੇਤੀ ਨਿਰੰਤਰਤਾ ਲਈ ਪੋਲੀਨੇਟਰਾਂ ਦੇ ਰੱਖ ਰਖਾਅ ਅਤੇ ਪ੍ਰਬੰਧਨ" ਉੱਤੇ ਕਰਵਾਏ ਅੰਤਰਰਾਸ਼ਟਰੀ ਸਿੰਪੋਜ਼ੀਅਮ ਦੌਰਾਨ "ਬੈਸਟ ਪ੍ਰੈਜ਼ੇਂਟੇਸ਼ਨ ਐਵਾਰਡ" ਹਾਸਲ ਹੋਇਆ।
- ਡਾ. ਵੀਨਾ ਖੰਨਾ, ਡਾ. ਗੌਰਵ ਕੁਮਾਰ ਤੱਗੜ ਅਤੇ ਸ੍ਰੀ ਅਖਿਲ ਮਲਹੋਤਰਾ (ਪਲਾਂਟ ਬਰੀਡਿੰਗ ਅਤੇ ਜੈਨੇਟਿਕਸ) ਨੇ 27-29 ਨਵੰਬਰ 2014 ਦੌਰਾਨ ਉਦੇਪੁਰ (ਰਾਜਸਥਾਨ) ਵਿਖੇ "ਖੇਤੀ-ਬਾਗਬਾਨੀ ਈਕੋ ਸਿਸਟਮ ਵਿੱਚ ਕੀਟ ਸਮੱਸਿਆਵਾਂ ਦੇ ਬਦਲਦੇ ਰੁਝਾਨ ਅਤੇ ਉਨ੍ਹਾਂ ਦੀ ਰੋਕਥਾਮ" ਉੱਤੇ ਹੋਈ ਅੰਤਰਰਾਸ਼ਟਰੀ ਕਾਨਫਰੰਸ ਮੌਕੇ ਪਹਿਲਾ ਇਨਾਮ ਹਾਸਲ ਕੀਤਾ।
- ਡਾ. ਪੀ ਐਸ ਸ਼ੇਰਾ (ਕੀਟ ਵਿਗਿਆਨ) ਨੂੰ ਇੰਡੀਅਨ ਇੰਸਟੀਚਿਊਟ ਆਫ਼ ਨੈਚੂਰਲ ਰੀਸਿਨਜ਼ ਐਂਡ ਗਮਜ਼, ਰਾਂਚੀ ਵਿਖੇ ਹੋਈ "ਨੈਸ਼ਨਲ ਐਂਟੋਮਾਲੋਜਿਸਟਸ ਮੀਟ 2015" ਮੌਕੇ ਸਰਵੋਤਮ ਪੇਸ਼ਕਾਰੀ ਐਵਾਰਡ ਹਾਸਲ ਹੋਇਆ।
- ਡਾ. ਗੌਰਵ ਕੁਮਾਰ ਤੱਗੜ, ਡਾ. ਰਵਿੰਦਰ ਸਿੰਘ ਅਤੇ ਡਾ. ਐਚ ਚੀਮਾ (ਪਲਾਂਟ ਬਰੀਡਿੰਗ ਅਤੇ ਜੈਨੇਟਿਕਸ) ਨੇ 16-17 ਅਪ੍ਰੈਲ 2015 ਦੌਰਾਨ ਪੀ ਏ ਯੂ ਵਿਖੇ ਕੀਟ ਵਿਗਿਆਨ ਉੱਤੇ ਹੋਈ ਚੌਥੀ ਕਾਂਗਰਸ ਮੌਕੇ "ਸਰਵੋਤਮ ਪੇਸ਼ਕਾਰੀ ਐਵਾਰਡ" ਹਾਸਲ ਕੀਤਾ।

**ਖੇਤੀ ਇੰਜੀਨੀਅਰਿੰਗ ਅਤੇ ਤਕਨਾਲੋਜੀ ਕਾਲਜ**

- ਡਾ. ਰੋਹਿਨੀਸ਼ ਖੁਰਾਣਾ (ਫਾਰਮ ਮਸ਼ੀਨਰੀ ਅਤੇ ਪਾਵਰ ਇੰਜ:) ਨੇ ਸਤੰਬਰ 2014 ਦੌਰਾਨ ਸਵਾਮੀ ਵਿਵੇਕਾਨੰਦ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਅਤੇ ਤਕਨਾਲੋਜੀ, ਬਨੂੜ ਵਿਖੇ ਆਈ ਐਸ ਟੀ ਈ ਸੈਕਸ਼ਨ ਫੈਕਲਟੀ ਕੰਨਵੈਨਸ਼ਨ (ਪੰਜਾਬ, ਚੰਡੀਗੜ੍ਹ, ਹਿਮਾਚਲ ਪ੍ਰਦੇਸ਼ ਅਤੇ ਜੰਮੂ ਅਤੇ ਕਸ਼ਮੀਰ) ਤੋਂ "ਆਈ ਐਸ ਟੀ ਈ ਬੈਸਟ ਟੀਚਰ ਆਫ਼ ਦਿ ਚੈਪਟਰ ਐਵਾਰਡ" ਹਾਸਲ ਕੀਤਾ।
- ਡਾ. ਜਸਕਰਨ ਸਿੰਘ ਮਾਹਲ (ਫਾਰਮ ਮਸ਼ੀਨਰੀ ਅਤੇ ਪਾਵਰ ਇੰਜ:) ਨੂੰ ਨਵੰਬਰ 2014 ਦੌਰਾਨ ਤ੍ਰਿਵੇਂਦਰਮ, ਕੇਰਲਾ ਵਿਖੇ ਆਈ ਐਸ ਟੀ ਈ ਦੀ 44ਵੀਂ ਸਲਾਨਾ ਕੰਵੈਨਸ਼ਨ ਮੌਕੇ "ਗਾਈਡਿੰਗ ਬੈਸਟ ਐਮ. ਟੈੱਕ ਥੀਸਿਸ ਐਵਾਰਡ" ਨਾਲ ਸਨਮਾਨਿਤ ਕੀਤਾ ਗਿਆ।
- ਡਾ. ਮਨਜੀਤ ਸਿੰਘ (ਫਾਰਮ ਮਸ਼ੀਨਰੀ ਅਤੇ ਪਾਵਰ ਇੰਜ:) ਨੂੰ ਨਵੰਬਰ 2014 ਦੌਰਾਨ ਸਾਊਥ ਚਾਈਨਾ ਐਗਰੀਕਲਚਰਲ ਯੂਨੀਵਰਸਿਟੀ, ਚੀਨ ਵਿਖੇ ਸੂਖਮ ਖੇਤੀ ਉੱਤੇ ਹੋਈ ਛੇਵੀਂ ਏਸ਼ੀਅਨ ਕਾਨਫ਼ਰੰਸ ਮੌਕੇ ਭਾਰਤ ਤੋਂ ਕਾਰਜਕਾਰੀ ਕਮੇਟੀ ਮੈਂਬਰ ਵਜੋਂ ਨਾਮਜ਼ਦ ਕੀਤਾ ਗਿਆ।
- ਡਾ. ਜੀ ਐਸ ਮੇਨਜ਼ (ਫਾਰਮ ਮਸ਼ੀਨਰੀ ਅਤੇ ਪਾਵਰ ਇੰਜ:) ਨੂੰ ਫਰਵਰੀ 2015 ਦੌਰਾਨ ਪੀ ਏ ਯੂ, ਲੁਧਿਆਣਾ ਵਿਖੇ ਖੇਤੀ ਇੰਜੀਨੀਅਰਾਂ ਦੀ ਭਾਰਤੀ ਸੋਸਾਇਟੀ ਦੀ 49ਵੀਂ ਸਲਾਨਾ ਕੰਨਵੈਨਸ਼ਨ ਮੌਕੇ "ਕੰਮੈਂਡਸ਼ਨ ਐਵਾਰਡ" ਨਾਲ ਸਨਮਾਨਿਤ ਕੀਤਾ ਗਿਆ।
- ਡਾ. ਵੀ ਪੀ ਸੇਠੀ (ਮਕੈਨੀਕਲ ਇੰਜੀਨੀਅਰਿੰਗ) ਨੂੰ 25 ਮਈ 2015 ਨੂੰ ਯੂਨੀਵਰਸਿਟੀ ਆਫ਼ ਗਲਫ਼, ਓਂਟੇਰੀਓ, ਕੈਨੇਡਾ ਵਿਖੇ ਸੈਮੀਨਾਰ ਦੇਣ ਲਈ "ਗੈਸਟ ਫੈਕਲਟੀ" ਵਜੋਂ ਸੱਦਾ ਪੱਤਰ ਭੇਜਿਆ ਗਿਆ।

**ਹੋਮ ਸਾਇੰਸ ਕਾਲਜ**

- ਡਾ. ਜੇ ਕੇ ਗੁਲਾਟੀ (ਮਾਨਵ ਵਿਕਾਸ) ਨੂੰ ਮਾਨਵ ਸਰੋਤ ਪ੍ਰਬੰਧਨ ਮੰਤਰਾਲਾ ਅਤੇ ਯੂਨਾਈਟਿਡ ਨੈਸ਼ਨਜ਼ ਪਾਪੂਲੇਸ਼ਨ ਫੰਡ ਵੱਲੋਂ ਨੈਸ਼ਨਲ ਰਿਸੋਰਸ ਪਰਸਨ-2014 ਐਲਾਨਿਆ ਗਿਆ। ਉਨਾਂ ਨੂੰ ਯੂਨਾਈਟਿਡ ਪਾਪੂਲੇਸ਼ਨ ਫੰਡ ਦੇ ਮਾਹਿਰ ਗਰੁੱਪ (2014) ਦਾ ਮੈਂਬਰ ਵੀ ਚੁਣਿਆ ਗਿਆ।
- ਡਾ. ਤੇਜਪ੍ਰੀਤ ਕੰਗ (ਮਾਨਵ ਵਿਕਾਸ) ਨੇ ਅਕਾਦਮੀ ਫਾਰ ਇੰਸਟ੍ਰਕਸ਼ਨਲ ਪਲੈਨਿੰਗ (ਆਈ ਏ ਆਈ ਪੀ) ਇੰਦੋਰ ਤੋਂ "ਪ੍ਰੋਫੈਸ਼ਨਲ ਕਮਿਟਮੈਂਟ (ਪ੍ਰਤਿਬੱਧਤਾ) ਐਵਾਰਡ 2014" ਹਾਸਲ ਕੀਤਾ।

## ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੰਪਰਕ

**ਸਮਝੌਤੇ ਦੇ ਯਾਦਪੱਤਰ ਸਹੀਬੱਧ**

- ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਪੀ ਏ ਯੂ ਨੇ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਸੰਸਥਾਵਾਂ ਨਾਲ ਛੇ ਐਮ ਓ ਯੂ'ਜ਼ ਸਹੀਬੱਧ ਕੀਤੇ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :
- ਪੁਰਡਿਊ ਯੂਨੀਵਰਸਿਟੀ ਕਾਲਜ ਆਫ਼ ਐਗਰੀਕਲਚਰ, ਵੈਸਟ ਲੇਫਯੇਟੇ, ਇੰਡਿਆਨਾ, ਯੂ ਐਸ ਏ ਨਾਲ 5 ਅਗਸਤ 2014 ਨੂੰ ਖੋਜ ਅਤੇ ਅਧਿਆਪਨ ਵਿੱਚ ਸਾਂਝੇ ਯਤਨਾਂ ਦੀਆਂ ਸੰਭਾਵਨਾਵਾਂ ਖੋਜਣ ਲਈ।
- ਕੇਂਦਰੀ ਆਲੂ ਖੋਜ ਸੰਸਥਾਨ, ਬੀਮੋਲ, ਸ਼ਿਮਲਾ (ਆਈ ਸੀ ਏ ਆਰ) ਨਾਲ 28 ਅਗਸਤ 2014 ਨੂੰ, ਤਾਂ ਜੋ ਸੀ ਪੀ ਆਰ ਆਈ ਦੀਆਂ ਆਲੂ ਦੀਆਂ ਨੋਟੀਫਾਈਡ ਕਿਸਮਾਂ ਦੇ ਬਰੀਡਰ ਬੀਜ ਉਤਪਾਦਨ ਨੂੰ ਉਤਸ਼ਾਹਿਤ ਕੀਤਾ ਜਾ ਸਕੇ।
- ਮੈਸੇ ਯੂਨੀਵਰਸਿਟੀ, ਨਿਊਜ਼ੀਲੈਂਡ ਅਤੇ ਲੈਂਡ ਕੇਅਰ ਰਿਸਰਚ ਨਿਊਜ਼ੀਲੈਂਡ ਲਿਮਟਿਡ ਨਾਲ 31 ਅਕਤੂਬਰ 2014 ਨੂੰ, ਤਾਂ ਜੋ ਮੌਜੂਦਾ ਸੰਬੰਧਾਂ ਨੰ ਹੋਰ ਮਜ਼ਬੂਤ ਕੀਤਾ ਜਾ ਸਕੇ।
- ਸਿਨਜੈਂਟਾ ਇੰਡੀਆ ਲਿਮਟਿਡ ਪੂਨੇ ਨਾਲ 9 ਦਸੰਬਰ 2014 ਨੂੰ ਤਾਂ ਜੋ ਉਤਪਾਦਨ, ਗੁਣਵੱਤਾ ਅਤੇ ਖੇਤੀ ਉਤਪਾਦਨ ਦੀ

ਵਰਤੋਂ ਯੋਗ ਮਿਆਦ ਨੂੰ ਵਧਾਉਣ ਅਤੇ ਹੋਰ ਖੋਜ ਅਤੇ ਵਿਕਾਸ ਕਾਰਜਾਂ ਸੰਬੰਧੀ ਕਿਸਾਨਾਂ ਨੂੰ ਸੁਸਿਖਿਅਕ ਕਰਨ ਵਾਲੇ ਪ੍ਰੋਜੈਕਟਾਂ ਨੂੰ ਹੋਰ ਉਤਸ਼ਾਹਿਤ ਕੀਤਾ ਜਾ ਸਕੇ ।

- ਸਿੱਖਿਆ ਅਤੇ ਖੋਜ ਨੂੰ ਹੁਲਾਰਾ ਦੇਣ ਲਈ 12 ਮਾਰਚ 2015 ਨੂੰ ਪੰਜਾਬ ਬਾਇਓਤਕਨਾਲੋਜੀ ਇਨਕੂਬੇਟਰ (ਪੀ ਬੀ ਟੀ ਆਈ) ਮੋਹਾਲੀ ਨਾਲ ।
- ਸਰਦਾਰ ਸਵਰਨ ਸਿੰਘ ਨੈਸ਼ਨਲ ਇੰਸਟੀਚਿਊਟ ਆਫ਼ ਰੀਨਿਊਏਬਲ ਐਨਰਜੀ, ਕਪੂਰਥਲਾ (ਪੰਜਾਬ) ਨਾਲ 8 ਜੂਨ 2015 ਨੂੰ, ਤਾਂ ਜੋ ਮੈਨਜਮੈਂਟ, ਬਾਇਓਮਾਸ ਦੇ ਥਰਮਲ ਕਨਵਰਸ਼ਨ, ਬਾਇਓਗੈਸ ਆਦਿ ਖੇਤਰਾਂ ਵਿੱਚ ਸਾਂਝੇ ਖੋਜ ਕਾਰਜ ਕੀਤੇ ਜਾ ਸਕਨ ਅਤੇ ਪੀ ਐਚ ਡੀ ਵਿਦਿਆਰਥੀਆਂ ਦਾ ਅਦਾਨ ਪ੍ਰਦਾਨ ਕੀਤਾ ਜਾ ਸਕੇ ।

**ਦੌਰੇ ਤੇ ਆਏ ਵਿਸ਼ੇਸ਼ ਮਹਿਮਾਨ**

- 21 ਅਗਸਤ 2014 ਨੂੰ ਭਾਰਤੀ ਖੇਤੀ ਖੋਜ ਸੰਸਥਾਨ, ਨਵੀਂ ਦਿੱਲੀ; ਸੀ ਸੀ ਐਸ ਹਰਿਆਣਾ ਐਗਰੀਕਲਚਰਲ ਯੂਨੀਵਰਸਿਟੀ ਹਿਸਾਰ; ਸੀ ਐਸ ਕੇ ਹਿਮਾਚਲ ਪ੍ਰਦੇਸ਼ ਕ੍ਰਿਸ਼ੀ ਵਿਸ਼ਵ ਵਿਦਿਆਲਯ, ਪਾਲਮਪੁਰ ਅਤੇ ਡਾ. ਵਾਈ ਐਸ ਪਰਮਾਰ ਯੂਨੀਵਰਸਿਟੀ ਆਫ਼ ਫਾਰਿਸਟਰੀ ਐਂਡ ਹਾਰਟੀਕਲਚਰ, ਸੋਲਨ ਤੋਂ ਖੇਤੀ ਮਾਹਿਰਾਂ ਨੇ ਪੀ ਏ ਯੂ ਵਿਖੇ ਜੁਆਇੰਟ ਤਕਨਾਲੋਜੀ ਰੀਵਿਊ ਐਂਡ ਡਿਸਸੇਮੀਨੇਸ਼ਨ ਕਮੇਟੀ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਦੌਰਾ ਕੀਤਾ ।
- ਸ੍ਰੀ ਸੁਰੇਸ਼ ਕੁਮਾਰ, ਆਈ ਏ ਐਸ ਅਤੇ ਵਧੀਕ ਚੀਫ਼ ਸਕੱਤਰ (ਵਿਕਾਸ), ਪੰਜਾਬ ਨੇ 4 ਸਤੰਬਰ 2014 ਨੂੰ ਪੀ ਏ ਯੂ ਦਾ ਦੌਰਾ ਕੀਤਾ ।
- ਡਾ. ਐਸ ਪੀ ਕਾਲੇ, ਪਦਮ ਸ੍ਰੀ ਐਵਾਰਡੀ ਅਤੇ ਮੁਖੀ, ਨਿਊਕਲੀਅਰ ਐਗਰੀਕਲਚਰਲ ਐਂਡ ਬਾਇਓਤਕਨਾਲੋਜੀ ਡਵੀਜ਼ਨ, ਭਾਂਬਾ ਐਟੋਮਿਕ ਰਿਸਰਚ ਸੈਂਟਰ (ਬੀ ਏ ਆਰ ਸੀ) ਨੇ 9 ਸਤੰਬਰ 2014 ਨੂੰ ਪੀ ਏ ਯੂ ਵਿਖੇ ਡਾਇਮੰਡ ਜੁਬਲੀ ਸਮਾਰੋਹ ਵਿੱਚ ਸ਼ਾਮਲ ਹੋਣ ਲਈ ਦੌਰਾ ਕੀਤਾ ।
- ਡਾ. ਗੁਰਜੀਤ ਗਿੱਲ, ਯੂਨੀਵਰਸਿਟੀ ਆਫ਼ ਐਡੀਲੇਡ, ਆਸਟ੍ਰੇਲੀਆ ਦੇ ਨਦੀਨ ਵਿਗਿਆਨੀ ਨੇ 1 ਅਕਤੂਬਰ 2014 ਨੂੰ ਪੀ ਏ ਯੂ ਵਿਖੇ "ਨਦੀਨ ਅਤੇ ਉਨ੍ਹਾਂ ਦੀ ਰੋਕਥਾਮ" ਉੱਤੇ ਵਿਸ਼ੇਸ਼ ਭਾਸ਼ਣ ਦੇਣ ਲਈ ਦੌਰਾ ਕੀਤਾ ।
- ਡਾ. ਐਮ ਐਸ ਸਿੱਧੂ, ਯੂਨੀਵਰਸਿਟੀ ਆਫ਼ ਸਾਇੰਸ ਐਂਡ ਤਕਨਾਲੋਜੀ, ਰਿਪਬਲਿਕ ਆਫ਼ ਕੋਰੀਆ ਦੇ ਸਾਬਕਾ ਰਿਸਰਚ ਸਕਾਲਰ ਨੇ 7 ਅਕਤੂਬਰ 2014 ਨੂੰ "ਖੇਤੀਬਾੜੀ ਵਿੱਚ ਨੈਨੋਤਕਨਾਲੋਜੀ" ਦੇ ਪ੍ਰਭਾਵਾਂ ਉੱਤੇ ਭਾਸ਼ਣ ਦੇਣ ਲਈ ਪੀ ਏ ਯੂ ਦਾ ਦੌਰਾ ਕੀਤਾ ।
- ਡਾ. ਐਸ ਕੇ ਚੌਧਰੀ, ਸਹਾਇਕ ਨਿਰਦੇਸ਼ਕ ਜਨਰਲ (ਭੂਮੀ ਅਤੇ ਪਾਣੀ ਪ੍ਰਬੰਧਣ), ਭਾਰਤੀ ਖੇਤੀ ਖੋਜ ਪ੍ਰੀਸ਼ਦ,ਨਵੀਂ ਦਿੱਲੀ ਨੇ 17 ਅਕਤੂਬਰ 2014 ਨੂੰ "ਭਾਰਤ ਵਿੱਚ ਭੂਮੀ, ਪਾਣੀ ਤੇ ਪੋਸ਼ਣ ਪ੍ਰਬੰਧਨ : ਭਵਿੱਖਮਈ ਪਰਿਪੇਖ" ਵਿਸ਼ੇ ਤੇ 13ਵਾਂ ਡਾ. ਆਰ ਐਸ ਮੂਰਤੀ ਮੈਮੋਰੀਅਲ ਭਾਸ਼ਣ ਦੇਣ ਲਈ ਪੀ ਏ ਯੂ ਦਾ ਦੌਰਾ ਕੀਤਾ ।
- ਡਾ. ਸ਼ਿਵ ਓ ਪਰਾਸ਼ਰ, ਪ੍ਰੋਫੈਸਰ, ਬਾਇਓ-ਰਿਸੋਰਸ ਇੰਜ: ਵਿਭਾਗ, ਮੈਕ ਗਿੱਲ ਯੂਨੀਵਰਸਿਟੀ, ਮਾਂਟਰੀਅਲ (ਕੈਨੇਡਾ) ਨੇ ਪਾਣੀ ਸੰਬੰਧਤ ਮੁੱਦਿਆਂ ਉੱਤੇ ਨੀਤੀਆਂ ਘੜਣ ਲਈ ਅਤੇ ਸਾਂਝੇ ਖੋਜ ਕਾਰਜਾਂ ਨੂੰ ਹੁਲਾਰਾ ਦੇਣ ਹਿਤ ਵਿਚਾਰ ਵਟਾਂਦਰਾ ਕਰਨ ਲਈ 10 ਨਵੰਬਰ 2014 ਨੂੰ ਪੀ ਏ ਯੂ ਦਾ ਦੌਰਾ ਕੀਤਾ।
- ਡਾ. ਕੇ ਜੀ ਰਘੋਥਾਮਾ, ਐਸੋਸੀਏਟ ਡਾਇਰੈਕਟਰ, ਇੰਟਰਨੈਸ਼ਨਲ ਪ੍ਰੋਗਰਾਮਜ਼ ਇਨ ਐਗਰੀਕਲਚਰ, ਪੁਰਡਿਊ ਯੂਨੀਵਰਸਿਟੀ, ਯੂ ਐਸ ਏ ਨੇ ਦੋਹਾਂ ਸੰਸਥਾਵਾਂ ਦੇ ਸਾਂਝੇ ਉਦਮਾਂ ਨੂੰ ਹੁਲਾਰਾ ਦੇਣ ਲਈ 13 ਨਵੰਬਰ 2014 ਨੂੰ ਪੀ ਏ ਯੂ ਦਾ ਦੌਰਾ ਕੀਤਾ । ਉਸਦੇ ਦੌਰੇ ਦਾ ਮੰਤਵ "ਪੀ ਏ ਯੂ-ਪੁਰਡਿਊ ਯੂਨੀਵਰਸਿਟੀ ਜੁਆਇਟ ਰਿਸਰਚ ਸੈਂਟਰ" ਦੀ ਸਥਾਪਨਾ ਬਾਰੇ ਵਿਚਾਰ ਵਟਾਂਦਰਾ ਕਰਨਾ ਸੀ, ਜਿਸਨੂੰ ਸ਼ੁਰੂ ਕਰਨ ਬਾਰੇ ਪੀ ਏ ਯੂ ਅਤੇ ਕਾਲਜ ਆਫ਼ ਐਗਰੀਕਲਚਰ, ਪੁਰਡਿਊ ਯੂਨੀਵਰਸਿਟੀ ਵਿਚਕਾਰ ਅਗਸਤ 2014 ਦੌਰਾਨ ਇੱਕ ਸਮਝੌਤਾ ਹੋਇਆ ਸੀ ।
- ਡਾ. ਐਸ ਅਯਪਨ, ਸਕੱਤਰ, ਖੇਤੀ ਖੋਜ ਅਤੇ ਸਿੱਖਿਆ ਵਿਭਾਗ, ਭਾਰਤ ਸਰਕਾਰ ਅਤੇ ਨਿਰਦੇਸ਼ਕ ਜਨਰਲ, ਆਈ ਸੀ ਏ ਆਰ, ਨਵੀਂ ਦਿੱਲੀ ਨੇ 14-15 ਨਵੰਬਰ 2014 ਦੌਰਾਨ ਆਈ ਸੀ ਏ ਆਰ ਖੇਤਰੀ ਕਮੇਟੀ V (ਜਿਸ ਵਿੱਚ ਪੰਜਾਬ, ਹਰਿਆਣਾ ਅਤੇ ਦਿੱਲੀ ਰਾਜ ਸ਼ਾਮਲ ਹਨ) ਦੀ ਦੋ ਰੋਜ਼ਾ XXIIIਵੀਂ ਮੀਟਿੰਗ ਦੀ ਪ੍ਰਧਾਨਗੀ ਕਰਨ ਲਈ ਪੀ ਏ ਯੂ ਦਾ ਦੌਰਾ ਕੀਤਾ । ਇਹ ਮੀਟਿੰਗ ਪੀ ਏ ਯੂ ਅਤੇ ਕੇਂਦਰੀ ਖਾਰੀ ਭੂਮੀ ਦੀ ਖੋਜ ਸੰਸਥਾ, ਕਰਨਾਲ ਵੱਲੋਂ ਸਾਂਝੇ ਤੌਰ ਤੇ ਆਯੋਜਿਤ ਕੀਤੀ ਗਈ । ਡਾ. ਕੇ ਐਮ ਐਲ ਪਾਠਕ, ਡਿਪਟੀ ਡਾਇਰੈਕਟਰ ਜਨਰਲ (ਪਸ਼ੂ ਵਿਗਿਆਨ), ਆਈ ਸੀ ਏ ਆਰ ਅਤੇ ਡਾ. ਡੀ ਕੇ ਸ਼ਰਮਾ ਨਿਰਦੇਸ਼ਕ ਕੇਂਦਰੀ ਖਾਰੀ ਭੂਮੀ ਖੋਜ ਸੰਸਥਾ ਕਰਨਾਲ ਨੇ ਵੀ ਇਸ ਮੀਟਿੰਗ ਵਿੱਚ ਸ਼ਿਰਕਤ ਕੀਤੀ ।
- ਮਿਸਜ਼ ਉਰਸੁਲਾ ਹੋਲਜ਼ਹੇਜ਼ਰ, ਕੌਂਸਲਰ, ਭੋਜਨ ਅਤੇ ਖੇਤੀਬਾੜੀ, ਅੰਬੈਸੀ ਆਫ਼ ਫੈਡਰਿਲ ਰਿਪਬਲਿਕ ਆਫ਼ ਜਰਮਨੀ, ਨਵੀਂ ਦਿੱਲੀ ਨੇ ਦੁਵੱਲੇ ਸਹਿਯੋਗ ਬਾਰੇ ਵਿਚਾਰ ਵਟਾਂਦਰਾ ਕਰਨ ਲਈ 25 ਨਵੰਬਰ 2014 ਨੂੰ ਪੀ ਏ ਯੂ ਦਾ ਦੌਰਾ ਕੀਤਾ । ਉਹਨਾਂ ਨਾਲ ਜਰਮਨ ਤੋਂ ਦੋ ਹੋਰ ਡੈਲੀਗੇਟ; ਡਾ. ਹਰਮਨ ਜੇ. ਸਕਾਲਡਰ, ਡਵਿਜ਼ਨ ਮੁਖੀ, ਵਪਾਰ ਵਧਾਉਣ ਅਤੇ ਗੁਣਵਤਾ ਨੀਤੀ, ਭੋਜਨ ਅਤੇ ਖੇਤੀਬਾੜੀ ਦਾ ਫੈਡਰਿਲ ਮੰਤਰਾਲਾ ਅਤੇ ਮਿਜ਼ ਅਲੀਨਾ ਗਮਪਰਟ, ਨਿਰਦੇਸ਼ਕ ਖੇਤੀ-ਵਣਜ, ਜਰਮਨ ਏਸ਼ੀਆ-ਪੈਸਿਫਿਕ ਬਿਜ਼ਨੈੱਸ ਐਸੋਸੀਏਸ਼ਨ ਵੀ ਸ਼ਾਮਲ ਸਨ ।

- ਸ੍ਰੀ ਸੁੰਦਾ ਰਾਮ ਵਰਮਾ, ਪਿੰਡਾ ਢਾਬੇਵਾਲੀ, ਦੰਤਾ (ਸਿਕਰ), ਰਾਜਸਥਾਨ ਦੇ ਅਗਾਂਹਵਧੂ ਕਿਸਾਨ ਨੇ 2 ਦਸੰਬਰ 2014 ਨੂੰ "ਸੋਕੇ ਦੀ ਮਾਰ ਹੇਠਲੀ ਖੇਤੀ ਅਤੇ ਵਣ" ਉੱਤੇ ਭਾਸ਼ਣ ਦੇਣ ਲਈ ਪੀ ਏ ਯੂ ਦਾ ਦੌਰਾ ਕੀਤਾ ।
- ਡਾ. ਸੁਧੀਰ ਕੋਚਰ, ਸਾਬਕਾ ਨੈਸ਼ਨਲ ਕੋਆਰਡੀਨੇਟਰ, ਨੈਸ਼ਨਲ ਐਗਰੀਕਲਚਰਲ ਇਨੋਵੇਸ਼ਨ ਪ੍ਰੋਜੈਕਟ, ਆਈ ਸੀ ਏ ਆਰ ਅਤੇ ਮੈਂਬਰ, ਨੈਸ਼ਨਲ ਬਾਇਓਡਾਇਵਰਸਿਟੀ ਅਥਾਰਟੀ ਐਕਸਪਰਟ ਕਮੇਟੀ ਨੇ 15 ਜਨਵਰੀ 2015 ਨੂੰ "ਖੇਤੀ ਤਕਨਾਲੋਜੀਆਂ ਅਤੇ ਗਿਆਨਵਰਧਕ ਉਤਪਾਦਨਾਂ ਦੇ ਬੌਧਿਕ ਸੰਪਤੀ ਵਣਜ ਅਤੇ ਪੌਦਿਆਂ ਦੀਆਂ ਕਿਸਮਾਂ ਵਿੱਚ ਵਣਜ" ਉੱਤੇ ਭਾਸ਼ਣ ਦੇਣ ਲਈ ਪੀ ਏ ਯੂ ਦਾ ਦੌਰਾ ਕੀਤਾ।
- ਯੂਨਾਈਟਿਡ ਸਟੇਟਸ ਡਿਪਾਰਟਮੈਂਟ ਆਫ਼ ਐਗਰੀਕਲਚਰ, ਯੂ ਐਸ ਏ ਤੋਂ 13 ਮੈਂਬਰੀ ਲੀਡ ਗਰੁੱਪ ਨੇ 15 ਜਨਵਰੀ 2015 ਨੂੰ ਸਾਂਝੇ ਖੇਤਰਾਂ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਪੀ ਏ ਯੂ ਦਾ ਦੌਰਾ ਕੀਤਾ ।
- ਯੂਨੀਵਰਸਿਟੀ ਆਫ਼ ਨਿਬਰਾਸਕਾ, ਲਿਨਕੋਲਨ, ਯੂ ਐਸ ਏ ਤੋਂ 30 ਮੈਂਬਰੀ ਵਫ਼ਦ ਨੇ 16 ਜਨਵਰੀ 2015 ਨੂੰ ਪੰਜਾਬ ਦੀ ਖੇਤੀਬਾੜੀ ਬਾਰੇ ਜਾਣਕਾਰੀ ਹਾਸਲ ਕਰਨ ਹਿਤ ਪੀ ਏ ਯੂ ਦਾ ਦੌਰਾ ਕੀਤਾ । ਇਸ ਵਫ਼ਦ ਦੀ ਅਗਵਾਈ ਡਾ. ਟੈਰੀ ਹੀਜ਼ਨੀ, ਨਿਰਦੇਸ਼ਕ, ਨਿਬਰਾਸਕਾ ਲੀਡ ਪ੍ਰੋਗਰਾਮ, ਨਿਬਰਾਸਕਾ ਐਗਰੀਕਲਚਰਲ ਲੀਡਰਸ਼ਿਪ ਕੌਂਸਲ ਕਰ ਰਹੇ ਸਨ ।
- ਪ੍ਰੋਫੈਸਰ ਸੁਰਿੰਦਰ ਸੱਗੜ, ਪ੍ਰਿੰਸੀਪਲ ਵਿਗਿਆਨੀ ਅਤੇ ਪੋਰਟਫੋਲੀਓ ਲੀਡਰ, ਗਰੀਨ ਹਾਊਸ ਗੈਸਿਸ ਅਤੇ ਕਾਰਬਨ ਸਟੋਰੇਜ ਲੈਂਡਕੇਅਰ ਰਿਸਰਚ ਨਿਊਜ਼ੀਲੈਂਡ ਲਿਮਟਿਡ, ਲਿਨਕੋਲਨ, ਨਿਊਜ਼ੀਲੈਂਡ ਨੇ ਮੈਸੇ ਯੂਨੀਵਰਸਿਟੀ, ਨਿਊਜ਼ੀਲੈਂਡ; ਲੈਂਡਕੇਅਰ ਰਿਸਰਚ ਨਿਊਜ਼ੀਲੈਂਡ ਅਤੇ ਪੀ ਏ ਯੂ ਲੁਧਿਆਣਾ ਵਿਚਕਾਰ ਹੋਏ ਤਿਕੋਨੇ ਸਮਝੌਤੇ ਨੂੰ ਲਾਗੂ ਕਰਵਾਉਣ ਹਿਤ 6 ਫਰਵਰੀ 2015 ਨੂੰ ਪੀ ਏ ਯੂ ਦਾ ਦੌਰਾ ਕੀਤਾ ।
- ਮੋਰਾਕੋ (ਅਫਰੀਕਾ) ਤੋਂ ਤਿੰਨ ਮੈਂਬਰੀ ਵਫ਼ਦ ਨੇ 11 ਫਰਵਰੀ 2015 ਨੂੰ ਪੀ ਏ ਯੂ ਦਾ ਦੌਰਾ ਕੀਤਾ, ਜਿਸਦਾ ਮੰਤਵ ਸਾਂਝੇ ਖੋਜ ਕਾਰਜਾਂ ਦੇ ਭਵਿੱਖ ਨੂੰ ਵਿਚਾਰਨਾ ਸੀ । ਇਸ ਵਫ਼ਦ ਦੀ ਅਗਵਾਈ ਡਾ. ਐਸ ਏ ਪਾਟਿਲ, ਸਾਬਕਾ ਵਾਈਸ ਚਾਂਸਲਰ, ਯੂਨੀਵਰਸਿਟੀ ਆਫ਼ ਐਗਰੀਕਲਚਰਲ ਸਾਇੰਸਜ਼, ਧਾਰਵਾੜ, ਬੰਗਲੌਰ ਕਰ ਰਹੇ ਸਨ ਅਤੇ ਉਨ੍ਹਾਂ ਦੇ ਨਾਲ ਓ ਸੀ ਪੀ ਫਾਊਂਡੇਸ਼ਨ, ਮੋਰਾਕੋ-ਨਾਵਫਿਲ ਰੁਡੀਜ਼, ਨਿਰਦੇਸ਼ਕ, ਖੇਤੀ ਵਿਕਾਸ ਪ੍ਰੋਗਰਾਮ; ਇਮਾਡੀਡਾਈਨ ਰੁਇਨੀ, ਪ੍ਰੋਜੈਕਟ ਮੈਨੇਜਰ, ਖੇਤੀ ਵਿਕਾਸ ਪ੍ਰੋਗਰਾਮ ਅਤੇ ਨਾਬਿਲ ਇਲ ਅਲਾਮੀ ਆਡਿਟ ਅਤੇ ਕੰਟਰੋਲ ਡਾਇਰੈਕਟਰ ਮੈਂਬਰ ਵਜੋਂ ਸ਼ਾਮਲ ਸਨ।
- ਇਕ 18 ਮੈਂਬਰੀ ਵਫ਼ਦ, ਜਿਸਦੀ ਅਗਵਾਈ ਹੀਰਨ ਪੀਟਰ ਬਲੀਸਰ, ਪਾਰਲਿਮੈਂਟਰੀ ਸਟੇਟ ਸਕੱਤਰ (ਉਪ-ਮੰਤਰੀ), ਭੋਜਨ ਅਤੇ ਖੇਤੀ ਮੰਤਰਾਲਾ, ਫੈਡਰਿਲ ਰਿਪਬਲਿਕ ਆਫ਼ ਜਰਮਨੀ ਕਰ ਰਹੇ ਸਨ, ਨੇ 11 ਫਰਵਰੀ 2015 ਨੂੰ ਪੀ ਏ ਯੂ ਦਾ ਦੌਰਾ ਕੀਤਾ ।
- ਡਾ. ਆਰ ਐਸ ਪਰੋਡਾ, ਚੇਅਰਮੈਨ, ਟਰਸਟ ਫਾਰ ਅਡਵਾਂਸਮੈਂਟ ਆਫ਼ ਐਗਰੀਕਲਚਰ ਸਾਇੰਸਜ਼ ਅਤੇ ਸਾਬਕਾ ਨਿਰਦੇਸ਼ਕ ਜਨਰਲ ਆਈ ਸੀ ਏ ਆਰ ਨਵੀਂ ਦਿੱਲੀ ਨੇ "ਭਾਰਤੀ ਖੇਤੀ ਨੂੰ ਦਰਪੇਸ਼ ਚੁਣੌਤੀਆਂ- ਅੱਗੇ ਵਧਣ ਦਾ ਰਾਹ"ਵਿਸ਼ੇ ਤੇ ਭਾਸ਼ਣ ਦੇਣ ਲਈ 20 ਫਰਵਰੀ 2015 ਨੂੰ ਪੀ ਏ ਯੂ ਦਾ ਦੌਰਾ ਕੀਤਾ । ਇਹ ਭਾਸ਼ਣ ਡਾ. ਗੁਰਦੇਵ ਸਿੰਘ ਖੁਸ਼ ਫਾਊਂਡੇਸ਼ਨ ਫਾਰ ਅਡਵਾਂਸਮੈਂਟ ਆਫ਼ ਐਗਰੀਕਲਚਰਲ ਸਾਇੰਸਜ਼ ਵੱਲੋਂ ਕਰਵਾਇਆ ਗਿਆ ਸੀ ।
- ਸ੍ਰੀ ਕਾਰਲੋ ਕਾਰਲੀ ਐਸ ਐਨ ਐਫ ਫਲੋਇਰਜ਼ਰ, ਐਗਰੋ ਡਵਿਜ਼ਨ ਜ਼ੈੱਡ ਏ ਸੀ ਦਿ ਮਿਲੀਅਕਸ, ਫਰਾਂਸ ਨੇ "ਪੰਜਾਬ ਦੀ ਖੇਤੀ ਵਿੱਚ ਜਲ ਉਤਪਾਦਕਤਾ ਨੂੰ ਸੁਧਾਰਨ ਲਈ ਐਕੂਆਸੋਰਬ (ਭੂਮੀ ਕੰਡਿਸ਼ਨਰ) ਦੀ ਸਮਰੱਥਾ ਉੱਤੇ ਭਾਸ਼ਣ ਦੇਣ ਲਈ 25 ਫਰਵਰੀ 2015 ਨੂੰ ਦੌਰਾ ਕੀਤਾ ।
- "ਪੀ ਏ ਯੂ ਦੀ ਤੀਜੀ ਐਲੂਮਨੀ ਮੀਟ" ਅਤੇ ਖੇਤੀਬਾੜੀ ਕਾਲਜ ਦੀ ਐਲੂਮਨੀ ਐਸੋਸੀਏਸ਼ਨ ਦੀ 52ਵੀਂ ਸਲਾਨਾ ਮੀਟ' ਪੀ ਏ ਯੂ ਵਿਖੇ 26 ਫਰਵਰੀ 2015 ਨੂੰ ਹੋਈ ਜਿਸ ਵਿੱਚ ਭਾਰਤ, ਅਮਰੀਕਾ ਅਤੇ ਕੈਨੇਡਾ ਤੋਂ ਪ੍ਰਸਿੱਧ ਵਿਗਿਆਨੀਆਂ ਨੇ ਸ਼ਿਰਕਤ ਕੀਤੀ । ਇਸ ਮੀਟ ਦੀ ਪ੍ਰਧਾਨਗੀ ਡਾ. ਡੀ ਆਰ ਭੁੰਬਲਾ, ਪੀ ਏ ਯੂ ਅਤੇ ਖੇਤੀਬਾੜੀ ਕਾਲਜ ਦੇ ਸਭ ਤੋਂ ਪੁਰਾਣੇ ਵਿਦਿਆਰਥੀ ਅਤੇ ਸਾਬਕਾ ਵਾਈਸ ਚਾਂਸਲਰ ਹਰਿਆਣਾ ਐਗਰੀਕਲਚਰਲ ਯੂਨੀਵਰਸਿਟੀ, ਹਿਸਾਰ ਨੇ ਕੀਤੀ ।
- ਅਰਕੈਂਸਸ ਸਟੇਟ ਯੂਨੀਵਰਸਿਟੀ (ਏ ਐਸ ਯੂ), ਯੂ ਐਸ ਏ ਦੇ ਇਕ ਵਫ਼ਦ ਨੇ 27 ਫਰਵਰੀ 2015 ਨੂੰ ਸਾਂਝੇ ਖੋਜ ਕਾਰਜਾਂ ਦੀਆਂ ਸੰਭਾਵਨਾਵਾਂ ਦਾ ਅਧਿਐਨ ਕਰਨ ਲਈ ਪੀ ਏ ਯੂ ਦਾ ਦੌਰਾ ਕੀਤਾ । ਇਸ ਵਫ਼ਦ ਦੀ ਅਗਵਾਈ ਡਾ. ਥਿਲਾ ਸਿਵਾਕੁਮਾਰਾਨ, ਕਾਰਜਕਾਰੀ ਨਿਰਦੇਸ਼ਕ ਏ ਐਸ ਯੂ ਕਰ ਰਹੇ ਸਨ ।
- ਯੂਨਾਈਟਿਡ ਕਿੰਗਡਮ ਤੋਂ ਕਣਕ ਵਿਗਿਆਨੀਆਂ ਦੇ ਇਕ ਵਫ਼ਦ ਨੇ 19 ਮਾਰਚ 2015 ਨੂੰ ਪੀ ਏ ਯੂ ਦਾ ਦੌਰਾ ਕੀਤਾ ਜਿਸਦਾ ਮੰਤਵ ਬਾਇਓਤਕਨਾਲੋਜੀ ਅਤੇ ਬਾਇਓਲੋਜੀਕਲ ਸਾਇੰਸਜ਼ ਰਿਸਰਚ ਕੌਂਸਲ ਯੂ. ਕੇ. ਵੱਲੋਂ ਵਿੱਤੀ ਸਹਾਇਤਾ ਪ੍ਰਾਪਤ ਸਾਂਝੇ ਖੋਜ ਪ੍ਰੋਜੈਕਟ ਨੂੰ ਸ਼ੁਰੂ ਕਰਨ ਦੀਆਂ ਸੰਭਾਵਨਾਵਾਂ ਖੋਜਣਾ ਸੀ । ਇਸ ਟੀਮ ਵਿੱਚ ਡਾ. ਪੀਟਰ ਰਾਬਰਟ ਸ਼ਿਓਰੀ, ਪ੍ਰਮੁੱਖ ਰਿਸਰਚ ਫੈਲੋ, ਪਲਾਂਟ ਬਾਇਓਲੋਜੀ ਅਤੇ ਫ਼ਸਲ ਵਿਗਿਆਨ ਵਿਭਾਗ, ਰੋਟਾਮਸਟਿਡ ਰਿਸਰਚ, ਹਾਰਪਿਨਡਿਨ, ਯੂ ਕੇ ਅਤੇ ਡਾ. ਮਲਕੋਲਮ ਜਾਹਨ ਹਾਕਿਸਫੋਰਡ, ਡਿਪਟੀ ਮੁਖੀ, ਪਲਾਂਟ ਬਾਇਓਲੋਜੀ ਅਤੇ ਫ਼ਸਲ ਵਿਗਿਆਨ ਵਿਭਾਗ, ਹਾਰਪਿਨਡਿਨ, ਯੂ ਕੇ ਕਰ ਰਹੇ ਸਨ । ਇਸ ਵਫ਼ਦ ਵਿੱਚ ਯੂ ਕੇ ਤੋਂ ਡਾ. ਸਾਇਮਨ ਗਰਿਫਥ ਅਤੇ ਡਾ. ਅਲਗਜ਼ੈਂਡਰ ਗੈਰੀ ਐਲਿਨ ਵੀ ਸ਼ਾਮਲ ਸਨ ।

- ਨੇਪਾਲ ਤੋਂ ਛੇ ਮੈਂਬਰੀ ਵਫ਼ਦ ਨੇ 29 ਮਾਰਚ 2015 ਨੂੰ ਭਾਰਤੀ ਖੇਤੀ ਉੱਤੇ ਵਿਚਾਰ-ਵਟਾਂਦਰਾ ਕਰਨ ਲਈ ਪੀ ਏ ਯੂ ਦਾ ਦੌਰਾ ਕੀਤਾ ।
- ਆਸਟਰੇਲੀਅਨ ਕਿਸਾਨਾਂ ਦਾ 29 ਮੈਂਬਰੀ ਵਫ਼ਦ ਜਿਸ ਦੀ ਅਗਵਾਈ ਡੇਲ ਪ੍ਰਾਈਸ ਕਰ ਰਹੇ ਸਨ, ਨੇ ਪੰਜਾਬ ਦੀ ਖੇਤੀਬਾੜੀ, ਯੂਨੀਵਰਸਿਟੀ ਦੇ ਖੋਜ ਅਤੇ ਪਸਾਰ ਪ੍ਰੋਗਰਾਮਾਂ ਅਤੇ ਅਸਟ੍ਰੇਲੀਅਨ ਖੇਤੀ ਉੱਤੇ ਵਿਚਾਰ ਵਟਾਂਦਰਾ ਕਰਨ ਲਈ 17 ਅਪ੍ਰੈਲ 2015 ਨੂੰ ਪੀ ਏ ਯੂ ਦਾ ਦੌਰਾ ਕੀਤਾ ।
- ਅਫ਼ਰੀਕੀ ਮੁਲਕ ਘਾਨਾ ਤੋਂ ਤਿੰਨ ਮੈਂਬਰੀ ਵਫ਼ਦ ਨੇ 28 ਅਪ੍ਰੈਲ 2015 ਨੂੰ ਪੀ ਏ ਯੂ ਦਾ ਦੌਰਾ ਕੀਤਾ । ਇਸ ਵਫ਼ਦ ਵਿੱਚ ਪ੍ਰੋਫੈਸਰ ਹਰੂਨਾ ਯਾਕੂਬੁ, ਵਾਈਸ ਚਾਂਸਲਰ, ਯੂਨੀਵਰਸਿਟੀ ਫ਼ਾਰ ਡਿਵਲੈਪਮੈਂਟ ਸਟੱਡੀਜ਼, ਘਾਨਾ; ਡਾ ਏ ਬੀ ਟੀ ਜ਼ਕਰੀਆ, ਰਜਿਸਟਰਾਰ, ਯੂ ਡੀ ਐਸ ਅਤੇ ਸ੍ਰੀ ਐਸ ਐਸ ਭੱਟਲ ਨਿਰਦੇਸ਼ਕ, ਆਰੀਆ ਗਰੁੱਪ, ਘਾਨਾ ਸ਼ਾਮਲ ਸਨ।
- ਡਾ. ਐਸ ਕੇ ਦਾਸ, ਪ੍ਰੋਫੈਸਰ ਅਤੇ ਮੁਖੀ, ਐਗਰੀਕਲਚਰਲ ਪ੍ਰੋਸੈਸਿੰਗ ਅਤੇ ਫੂਡ ਇੰਜ: ਵਿਭਾਗ, ਉੜੀਸਾ ਯੂਨੀਵਰਸਿਟੀ ਆਫ਼ ਐਗਰੀਕਲਚਰਲ ਐਂਡ ਤਕਨਾਲੋਜੀ, ਭੁਬਨੇਸ਼ਵਰ ਨੇ "ਭੋਜਨ ਉਤਪਾਦਕਾਂ ਦੀ ਵਰਤੋਂ ਯੋਗ ਮਿਆਦ ਨੂੰ ਵਧਾਉਣ ਅਤੇ ਰਹਿੰਦ-ਖੂੰਹਦ ਘਟਾਉਣ ਵਿੱਚ ਪੈਕਿੰਗ ਦੀ ਅਹਿਮ ਭੂਮਿਕਾ ਉੱਤੇ ਭਾਸ਼ਣ ਦੇਣ ਲਈ 10 ਜੂਨ 2015 ਨੂੰ ਪੀ ਏ ਯੂ ਦਾ ਦੌਰਾ ਕੀਤਾ ।

## ਸਿਖਲਾਈਆਂ ਅਤੇ ਵਿਦੇਸ਼ ਦੌਰੇ

### ਖੇਤੀਬਾੜੀ ਕਾਲਜ

- ਡਾ. ਆਰ ਸਿੱਕਾ (ਭੂਮੀ ਵਿਗਿਆਨ) ਨੇ 3-7 ਜੁਲਾਈ 2014 ਦੌਰਾਨ "ਭੂਮੀ ਉੱਤੇ ਕਾਨਫ਼ਰੰਸ" ਵਿੱਚ ਸ਼ਾਮਲ ਹੋਣ ਲਈ ਸ਼ਿਕਾਗੋ, ਯੂ ਐਸ ਏ ਦਾ ਦੌਰਾ ਕੀਤਾ ।
- ਡਾ. ਜਗਮੀਤ ਕੌਰ ਅਤੇ ਡਾ. ਸਰਵਜੀਤ ਸਿੰਘ (ਪਲਾਂਟ ਬਰੀਡਿੰਗ ਅਤੇ ਜੈਨੇਟਿਕਸ) ਨੇ 7-11 ਜੁਲਾਈ 2014 ਦੌਰਾਨ "6ਵੀਂ ਇੰਟਰਨੈਸ਼ਨਲ ਫੂਡ ਲਗਿਊਮ ਰਿਸਰਚ ਕਾਨਫ਼ਰੰਸ" ਅਤੇ "7ਵੀਂ ਇੰਟਰਨੈਸ਼ਨਲ ਕਾਨਫ਼ਰੰਸ ਆਨ ਲਗਿਊਮ ਜੈਨੇਟਿਕਸ ਐਂਡ ਜੀਨੋਮਿਕਸ" ਵਿੱਚ ਸ਼ਿਰਕਤ ਕਰਨ ਲਈ ਯੂਨੀਵਰਸਿਟੀ ਆਫ਼ ਸਸਕੈਚਵਨ, ਸਸਕਾਟੂਨ, ਕੈਨੇਡਾ ਦਾ ਦੌਰਾ ਕੀਤਾ ।
- ਡਾ. ਪੀ ਐਸ ਸੰਧੂ (ਪਲਾਂਟ ਬਰੀਡਿੰਗ ਅਤੇ ਜੈਨੇਟਿਕਸ) ਨੇ 20-24 ਅਗਸਤ 2014 ਦੌਰਾਨ "15ਵੀਂ ਇੰਟਰਨੈਸ਼ਨਲ ਸਕਲਿਰੋਟੀਨੀਆ ਵਰਕਸ਼ਾਪ" ਵਿੱਚ ਸ਼ਿਰਕਤ ਕਰਨ ਲਈ ਹੁਆਜ਼ੋਂਗ ਐਗਰੀਕਲਚਰਲ ਯੂਨੀਵਰਸਿਟੀ, ਵੂਹਾਨ, ਚੀਨ ਦਾ ਦੌਰਾ ਕੀਤਾ ।
- ਡਾ. ਪੀ ਕੇ ਛੁਨੇਜਾ ਅਤੇ ਡਾ. ਜਸਪਾਲ ਸਿੰਘ (ਕੀਟ ਵਿਗਿਆਨ) ਨੇ 'ਭਾਰਤ-ਕੀਨੀਆ-ਅਮਰੀਕਾ ਦੇ ਵਿਚਕਾਰ ਤਿਕੋਨੇ ਸਹਿਯੋਗ' ਦੇ ਤਹਿਤ ਕੀਨੀਆ ਦੇ ਵਿਗਿਆਨੀਆਂ, ਪਸਾਰ ਮਾਹਿਰਾਂ, ਪੀ ਜੀ ਵਿਦਿਆਰਥੀਆਂ ਅਤੇ ਕਿਸਾਨਾਂ ਨੂੰ ਮਧੂ ਮੱਖੀ ਪਾਲਣ ਦੀ ਮੁਢਲੀ ਸਿਖਲਾਈ ਪ੍ਰਦਾਨ ਕਰਨ ਲਈ ਈਗਰਟਨ ਯੂਨੀਵਰਸਿਟੀ, ਕੀਨੀਆ ਦਾ ਦੌਰਾ ਕੀਤਾ । ਉਨ੍ਹਾਂ ਨੇ 13-17 ਅਕਤੂਬਰ 2014 ਦੌਰਾਨ ਯੂ ਐਸ ਏ ਦਾ ਦੌਰਾ ਕੀਤਾ ।
- ਡਾ. ਐਸ. ਐਸ. ਕੂਕਲ (ਭੂਮੀ ਵਿਗਿਆਨ) ਨੇ 27-28 ਅਕਤੂਬਰ 2014 ਦੌਰਾਨ 'ਚੌਲਾਂ ਦੇ ਭਵਿੱਖ ਉੱਤੇ ਹੋਈ ਐਸ ਆਰ ਪੀ (ਯੂ ਐਨ ਈ ਪੀ) ਚੌਥੀ ਪਲਿਨਰੀ ਮੀਟਿੰਗ' ਵਿੱਚ ਸ਼ਾਮਲ ਹੋਣ ਲਈ ਥਾਈਲੈਂਡ ਦਾ ਦੌਰਾ ਕੀਤਾ । ਉਨ੍ਹਾਂ ਨੇ 16-17 ਫ਼ਰਵਰੀ 2015 ਦੌਰਾਨ "ਚੌਲਾਂ ਦੇ ਪਲੇਟ ਫਾਰਮ ਮਿਆਰ ਦੀ ਨਿਰੰਤਰਤਾ ਅਤੇ ਇੰਡੀਕੇਟਰਜ਼ ਵਰਕਸ਼ਾਪ' ਵਿੱਚ ਸ਼ਾਮਲ ਹੋਣ ਲਈ ਬੈਂਕਾਕ ਦਾ ਵੀ ਦੌਰਾ ਕੀਤਾ ।
- ਡਾ. ਜੀ. ਐਸ. ਮਾਂਗਟ, ਡਾ. ਜੀ. ਮਹਾਜਨ, ਡਾ. ਜੇ ਐਸ ਲੋਰ ਅਤੇ ਡਾ. ਪੀ ਐਸ ਸਰਾਓ (ਪਲਾਂਟ ਬਰੀਡਿੰਗ ਅਤੇ ਜੈਨੇਟਿਕਸ) ਨੇ 27-31 ਅਕਤੂਬਰ 2014 ਦੌਰਾਨ "ਚੌਥੀ ਅੰਤਰਰਾਸ਼ਟਰੀ ਚੌਲ ਕਾਂਗਰਸ" ਵਿੱਚ ਸ਼ਾਮਲ ਹੋਣ ਲਈ ਬੈਂਕਾਕ ਇੰਟਰਨੈਸ਼ਨਲ ਟਰੇਡ ਅਤੇ ਪ੍ਰਦਰਸ਼ਨੀ ਕੇਂਦਰ ਦਾ ਦੌਰਾ ਕੀਤਾ ।
- ਡਾ. ਜਸਬੀਰ ਸਿੰਘ ਚਾਵਲਾ ਅਤੇ ਡਾ. ਜਵਾਲਾ ਜਿੰਦਲ (ਪਲਾਂਟ ਬਰੀਡਿੰਗ ਅਤੇ ਜੈਨੇਟਿਕਸ) ਨੇ 30 ਅਕਤੂਬਰ ਤੋਂ 1 ਨਵੰਬਰ 2014 ਦੌਰਾਨ "12ਵੀਂ ਏਸ਼ੀਅਨ ਮੱਕੀ ਵਰਕਸ਼ਾਪ" ਵਿੱਚ ਸ਼ਾਮਲ ਹੋਣ ਲਈ ਬੈਂਕਾਕ ਥਾਈਲੈਂਡ ਦਾ ਦੌਰਾ ਕੀਤਾ ।
- ਡਾ. ਜਗਦੀਪ ਸਿੰਘ ਅਤੇ ਡਾ. ਹਰਮਨਜੀਤ ਸਿੰਘ (ਭੂਮੀ ਵਿਗਿਆਨ) ਨੇ 3-6 ਨਵੰਬਰ 2014 ਦੌਰਾਨ ਏ ਐਸ ਏ, ਸੀ ਐਸ ਐਸ ਏ ਅਤੇ ਐਸ ਐਸ ਐਸ ਏ ਦੀ ਸਲਾਨਾ ਮੀਟਿੰਗ ਵਿੱਚ ਸ਼ਿਰਕਤ ਕਰਨ ਲਈ ਲੋਂਗ ਬੀਚ. ਕੈਲੇਫੋਰਨੀਆ, ਯੂ ਐਸ ਏ ਦਾ ਦੌਰਾ ਕੀਤਾ ।
- ਡਾ. ਮਨਮੀਤ ਬਰਾੜ ਭੁੱਲਰ (ਕੀਟ ਵਿਗਿਆਨ) ਨੇ 16-19 ਨਵੰਬਰ 2014 ਦੌਰਾਨ ਅਮਰੀਕਾ ਦੀ ਕੀਟ ਵਿਗਿਆਨ ਸੋਸਾਇਟੀ ਦੀ 62ਵੀਂ ਮੀਟਿੰਗ ਨਾਲ ਹੋਈ ਅਮਰੀਕਾ ਦੀ ਐਕਰਾਲੋਜੀਕਲ ਸੋਸਾਇਟੀ ਦੀ ਸਲਾਨਾ ਮੀਟਿੰਗ ਵਿੱਚ ਸ਼ਿਰਕਤ ਕਰਨ ਲਈ ਈ ਐਸ ਏ ਪੋਰਟਲੈਂਡ ਓਰੀਗੋਨ (ਯੂ ਐਸ ਏ) ਦਾ ਦੌਰਾ ਕੀਤਾ ।
- ਡਾ. ਸਰਵਜੀਤ ਸਿੰਘ (ਪਲਾਂਟ ਬਰੀਡਿੰਗ ਅਤੇ ਜੈਨੇਟਿਕਸ) ਨੇ 9-18 ਫ਼ਰਵਰੀ 2015 ਦੌਰਾਨ ਆਈ ਸੀ ਏ ਆਰ ਡੀ ਏ ਵੱਲੋਂ ਕਰਵਾਈ ਟਰੈਵਲਿੰਗ ਵਰਕਸ਼ਾਪ ਵਿੱਚ ਸ਼ਿਰਕਤ ਕਰਨ ਲਈ ਬੰਗਲਾਦੇਸ਼ ਅਤੇ ਪੱਛਮੀ ਬੰਗਾਲ ਦਾ ਦੌਰਾ ਕੀਤਾ। ਉਨ੍ਹਾਂ ਨੇ 9-11 ਮਾਰਚ 2015 ਦੌਰਾਨ "ਖੇਤੀ ਨਿਰੰਤਰਤਾ ਲਈ ਆਈ ਸੀ ਟੀ" ਦੀ ਅੰਤਰਰਾਸ਼ਟਰੀ ਕਾਨਫ਼ਰੰਸ ਵਿੱਚ ਸ਼ਿਰਕਤ ਕਰਨ ਲਈ ਆਬੂਧਾਬੀ (ਯੂ ਏ ਈ) ਦਾ ਵੀ ਦੌਰਾ ਕੀਤਾ । ਉਨ੍ਹਾਂ ਨੇ 28-30 ਮਾਰਚ 2015 ਦੌਰਾਨ "ਰੇਸ਼ੇਦਾਰ ਦਾਣਿਆਂ ਉੱਤੇ ਸੀ ਆਰ ਪੀ" ਦੀ ਰੀਵਿਊ ਮੀਟਿੰਗ ਵਿੱਚ ਸ਼ਿਰਕਤ ਕਰਨ ਲਈ ਈਥੋਪੀਆ ਦਾ ਵੀ ਦੌਰਾ ਕੀਤਾ ।

- ਡਾ. ਐਮ ਐਸ ਧਾਲੀਵਾਲ (ਸਬਜ਼ੀ ਵਿਗਿਆਨ) ਨੇ 4-8 ਮਾਰਚ 2015 ਦੌਰਾਨ ਐਗਰੀਕਲਚਰ ਇੰਨੋਵੇਸ਼ਨ ਪ੍ਰੋਜੈਕਟ (ਏ ਆਈ ਪੀ) ਦੇ ਤਹਿਤ ਸਬਜ਼ੀਆਂ ਦੀ ਸੁਰੱਖਿਅਤ ਕਾਸ਼ਤਕਾਰੀ ਦੀ ਦੇਖ ਰੇਖ ਕਰਨ ਲਈ ਪਾਕਿਸਤਾਨ ਦਾ ਦੌਰਾ ਕੀਤਾ ।
- ਡਾ. ਰੇਨੂੰ ਖੰਨਾ (ਪਲਾਂਟ ਬਰੀਡਿੰਗ ਅਤੇ ਜੈਨੇਟਿਕਸ) ਨੇ 20 ਮਾਰਚ ਤੋਂ 22 ਅਪ੍ਰੈਲ 2015 ਦੌਰਾਨ "ਦੱਖਣੀ ਏਸ਼ੀਅਨ ਦੇਸ਼ਾਂ ਲਈ ਹਾਈਬ੍ਰਿਡ ਚੌਲ ਬਰੀਡਿੰਗ ਤਕਨਾਲੋਜੀ" ਉਤੇ ਸਿਖਲਾਈ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਐਚ ਐਚ ਆਰ ਸੀ, ਚਾਂਘਸ਼ਾ, ਚੀਨ ਦਾ ਦੌਰਾ ਕੀਤਾ ।
- ਡਾ. ਆਰ ਐਸ ਗਿੱਲ (ਪਲਾਂਟ ਬਰੀਡਿੰਗ ਅਤੇ ਜੈਨੇਟਿਕਸ) ਨੇ 23 ਮਾਰਚ ਤੋਂ 5 ਅਪ੍ਰੈਲ 2015 ਦੌਰਾਨ ਐਚ ਆਰ ਡੀ ਸੀ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਅੰਤਰਰਾਸ਼ਟਰੀ ਝੋਨਾ ਖੋਜ ਸੰਸਥਾਨ, ਫਿਲਪਾਈਨ ਦਾ ਦੌਰਾ ਕੀਤਾ ।
- ਡਾ. ਏ. ਐਸ. ਢੱਟ (ਸਬਜ਼ੀ ਵਿਗਿਆਨ) ਨੇ 21-25 ਮਈ 2015 ਦੌਰਾਨ 7ਵੇਂ ਅੰਤਰਰਾਸ਼ਟਰੀ ਸਿੰਪੋਜ਼ੀਅਮ ਵਿੱਚ ਪੇਪਰ ਪ੍ਰਸਤੁਤ ਕਰਨ ਲਈ ਨਿਗਦੀ ਯੂਨੀਵਰਸਿਟੀ, ਤੁਰਕੀ ਦਾ ਦੌਰਾ ਕੀਤਾ ।

**ਖੇਤੀ ਇੰਜ. ਅਤੇ ਤਕਨਾਲੋਜੀ ਕਾਲਜ**

- ਡਾ. ਮਨਜੀਤ ਸਿੰਘ (ਫਾਰਮ ਮਸ਼ੀਨਰੀ ਅਤੇ ਪਾਵਰ ਇੰਜ.) ਨੇ 20-23 ਜੁਲਾਈ 2014 ਦੌਰਾਨ ਸੂਖਮ ਖੇਤੀ ਉੱਤੇ 12ਵੀਂ ਅੰਤਰਰਾਸ਼ਟਰੀ ਕਾਨਫਰੰਸ ਵਿੱਚ ਸ਼ਾਮਲ ਹੋਣ ਲਈ ਸੂਖਮ ਖੇਤੀ ਦੀ ਅੰਤਰਰਾਸ਼ਟਰੀ ਸੋਸਾਇਟੀ, ਸੈਕਰਾਮੈਂਟੋ, ਯੂ ਐਸ ਏ ਦਾ ਦੌਰਾ ਕੀਤਾ ।
- ਇੰਜ. ਰੁਪਿੰਦਰ ਪਾਲ (ਮਕੈਨੀਕਲ ਇੰਜ.) ਨੇ 1-26 ਸਤੰਬਰ 2014 ਦੌਰਾਨ "ਕੋਲਡ ਤਕਨਾਲੋਜੀ ਅਤੇ ਸੋਲਰ ਐਨਰਜੀ" ਉਤੇ ਅਗੇਤੀ ਸਿਖਲਾਈ ਹਾਸਲ ਕਰਨ ਲਈ ਪੀ ਟੀ ਸੀ ਨੀਦਰਲੈਂਡ ਦਾ ਦੌਰਾ ਕੀਤਾ ।
- ਡਾ. ਏ. ਕੇ. ਜੈਨ (ਭੂਮੀ ਅਤੇ ਪਾਣੀ ਇੰਜ.) ਅਤੇ ਡਾ. ਧਰਮਿੰਦਰ ਸਿੰਘ (ਸਕੂਲ ਆਫ਼ ਇਲੈਕਟ੍ਰੀਕਲ ਇੰਜ. ਅਤੇ ਇਨਫਰਮੇਸ਼ਨ ਤਕਨਾਲੋਜੀ) ਨੇ 19-30 ਜੂਨ 2015 ਦੌਰਾਨ ਵਿਦਿਆਰਥੀ ਅਦਾਨ-ਪ੍ਰਦਾਨ ਪ੍ਰੋਗਰਾਮ ਦੇ ਤਹਿਤ ਯੂ ਜੀ ਟ੍ਰੇਨਿੰਗ/ਵਰਕਸ਼ਾਪ ਵਿੱਚ ਸ਼ਿਰਕਤ ਕਰਨ ਲਈ ਰੂਸੀ ਟਰਿਮਰੀਯਾਜ਼ੇਵ ਸਟੇਟ ਅਗਰੈਰੀਅਨ ਯੂਨੀਵਰਸਿਟੀ, ਮਾਸਕੋ, ਰੂਸ ਦਾ ਦੌਰਾ ਕੀਤਾ।

**ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ**

- ਡਾ. ਐਸ ਕਪੂਰ (ਮਾਈਕ੍ਰੋਬਾਇਆਲੋਜੀ) ਨੇ 28 ਸਤੰਬਰ-5 ਅਕਤੂਬਰ 2014 ਦੌਰਾਨ ਖੁੰਬ ਉਤਪਾਦਨ ਪੈਕੇਜ ਦੇ ਤਕਨੀਕੀ ਸਲਾਹਕਾਰ ਵਜੋਂ ਈਗਰਟਨ ਯੂਨੀਵਰਸਿਟੀ, ਕੀਨੀਆ ਦਾ ਦੌਰਾ ਕੀਤਾ ।
- ਡਾ. (ਸ੍ਰੀਮਤੀ) ਬਵਿਤਾ ਅਸਥਿਰ (ਬਾਇਓਕਮਿਸਟਰੀ) ਨੇ 29 ਜੂਨ-6 ਜੁਲਾਈ 2015 ਦੌਰਾਨ ਇੰਟਰਨੈਸ਼ਨਲ ਡੀ ਏ ਏ ਡੀ ਐਲੂਮਨੀ ਵਰਕਸ਼ਾਪ ਮੌਕੇ "ਮਾਡਲਿੰਗ ਚੇਂਜ" ਤੇ ਭਾਸ਼ਨ ਦੇਣ ਲਈ ਯੂਨੀਵਰਸਿਟੀ ਆਫ਼ ਵੂਹਰਜ਼ਬਰਗ, ਜਰਮਨੀ ਦਾ ਦੌਰਾ ਕੀਤਾ ।

**ਹੋਮ ਸਾਇੰਸ ਕਾਲਜ**

- ਡਾ. ਵਰਿੰਦਰ ਰੰਧਾਵਾ (ਹੋਮ ਸਾਇੰਸ ਪਸਾਰ ਅਤੇ ਸੰਚਾਰ ਪ੍ਰਬੰਧਨ) ਨੇ 9-14 ਨਵੰਬਰ 2014 ਦੌਰਾਨ ਅੰਤਰਰਾਸ਼ਟਰੀ ਵਿਕਾਸ ਦੀ ਯੂ ਐਸ ਏਜੰਸੀ ਵੱਲੋਂ ਵਿੱਤੀ ਸਹਾਇਤਾ ਪ੍ਰਾਪਤ ਅਤੇ ਖੇਤੀਬਾੜੀ ਦੇ ਯੂ ਐਸ ਵਿਭਾਗ ਦੀ ਦੇਖ ਰੇਖ ਅਧੀਨ ਭੋਜਨ ਸੁਰੱਖਿਆ ਦੇ ਤਿਕੋਨੇ ਪ੍ਰੋਗਰਾਮ ਦੇ ਤਹਿਤ ਈਗਰਟਨ ਯੂਨੀਵਰਸਿਟੀ, ਕੀਨੀਆ ਦਾ ਦੌਰਾ ਕੀਤਾ ।
- ਡਾ. ਕਿਰਨ ਗਰੋਵਰ (ਭੋਜਨ ਅਤੇ ਪੋਸ਼ਣ) ਨੇ 9-11 ਮਾਰਚ 2015 ਦੌਰਾਨ "ਖੇਤੀਬਾੜੀ ਵਿੱਚ ਖੋਜ ਦੇ ਗਲੋਬਲ ਫੋਰਮ" ਵਿੱਚ ਸ਼ਿਰਕਤ ਕਰਨ ਲਈ ਏ ਡੀ ਐਨ ਈ ਸੀ, ਆਬੂਧਾਬੀ ਯੂ ਏ ਈ ਦਾ ਦੌਰਾ ਕੀਤਾ ।

## ਆਯੋਜਿਤ ਕੀਤੇ ਗਏ ਪ੍ਰਮੁੱਖ ਪ੍ਰੋਗਰਾਮ

**ਖੇਤੀਬਾੜੀ ਕਾਲਜ**

| ਪ੍ਰੋਗਰਾਮ | ਆਯੋਜਿਤ ਕਰਨ ਵਾਲੀ/ਵਿੱਤੀ ਸਹਾਇਤਾ ਪ੍ਰਦਾਨ ਕਰਨ ਵਾਲੀ ਏਜੰਸੀ |
|---|---|
| ਚਾਰੇ ਵਾਲੀਆਂ ਫ਼ਸਲਾਂ ਉੱਤੇ ਏ ਆਈ ਸੀ ਆਰ ਪੀ ਦੀ ਨੈਸ਼ਨਲ ਗਰੁੱਪ ਮੀਟ (ਹਾੜ੍ਹੀ 2014-15) (ਅਗਸਤ 26 ਅਤੇ 27, 2014) | ਪੀ ਏ ਯੂ, ਲੁਧਿਆਣਾ । |
| "ਦੱਖਣੀ ਏਸ਼ੀਆ ਵਿੱਚ ਝੋਨੇ ਦੇ ਪ੍ਰਮੁੱਖ ਕੀਟ ਅਤੇ ਬਿਮਾਰੀਆਂ" ਉੱਤੇ ਰੀਵਿਊ ਅਤੇ ਯੋਜਨਾਬੰਦੀ ਵਰਕਸ਼ਾਪ (15 ਅਤੇ 16 ਸਤੰਬਰ 2014) | ਅੰਤਰਰਾਸ਼ਟਰੀ ਝੋਨਾ ਖੋਜ ਸੰਸਥਾਨ, ਫਿਲਪਾਈਨਜ਼ ਦੇ ਸਹਿਯੋਗ ਨਾਲ । |
| "ਝੋਨੇ ਦੀ ਸਿੱਧੀ ਬਿਜਾਈ ਦੇ ਸਿਧਾਂਤ ਅਤੇ ਪ੍ਰੈਕਟਿਸਿਸ" ਉੱਤੇ ਨੈਸ਼ਨਲ ਟ੍ਰੇਨਿੰਗ ਵਰਕਸ਼ਾਪ (22 ਸਤੰਬਰ-1 ਅਕਤੂਬਰ 2014) | ਯੂਨੀਵਰਸਿਟੀ ਆਫ਼ ਐਡੀਲੇਡ, ਪੀ ਏ ਯੂ ਅਤੇ ਸੀ ਸੀ ਐਸ ਐਚ ਏ ਯੂ ਹਿਸਾਰ ਵੱਲੋਂ ਸਾਂਝੇ ਤੌਰ ਤੇ ਆਯੋਜਿਤ ਅਤੇ ਏ ਸੀ ਆਈ ਏ ਆਰ ਆਸਟ੍ਰੇਲੀਆ ਵੱਲੋਂ ਵਿੱਤੀ ਸਹਾਇਤਾ ਪ੍ਰਾਪਤ । |

| | |
|---|---|
| "ਨਸ਼ਟ ਹੋਣ ਯੋਗ ਭੋਜਨ ਉਤਪਾਦਾਂ ਦੀ ਵਰਤੋਂ ਯੋਗ ਮਿਆਦ ਅਤੇ ਪ੍ਰੋਸੈਸਿੰਗ ਨੂੰ ਵਧਾਉਣਾ" ਉੱਤੇ ਰਾਸ਼ਟਰੀ ਸੈਮੀਨਾਰ (26 ਸਤੰਬਰ, 2014) | ਨੈਸ਼ਨਲ ਪ੍ਰੋਡਕਟਿਵਟੀ ਕੌਂਸਲ, ਨਵੀਂ ਦਿੱਲੀ ਨੇ ਇਹ ਸੈਮੀਨਾਰ ਪੀ ਏ ਯੂ ਵਿਖੇ ਕਰਵਾਇਆ ਅਤੇ ਇਸ ਨੂੰ ਵਿੱਤੀ ਸਹਾਇਤਾ ਭੋਜਨ ਪ੍ਰੋਸੈਸਿੰਗ ਉਦਯੋਗ ਦੇ ਕੇਂਦਰੀ ਮੰਤਰਾਲੇ ਨੇ ਦਿੱਤੀ । |
| ਯੂ ਐਸ ਏ ਆਈ ਡੀ ਤੋਂ ਵਿੱਤੀ ਸਹਾਇਤਾ ਪ੍ਰਾਪਤ ਐਗਰੀਕਲਚਰ ਇਨੋਵੇਸ਼ਨ ਪ੍ਰੋਜੈਕਟ (ਏ ਆਈ ਪੀ) ਪਲਾਨਿੰਗ (8-10 ਅਕਤੂਬਰ 2014) | ਏ ਵੀ ਆਰ ਡੀ ਸੀ - ਵਿਸ਼ਵ ਸਬਜ਼ੀ ਕੇਂਦਰ, ਹੈਦਰਾਬਾਦ, ਸਬਜ਼ੀ ਵਿਗਿਆਨ ਅਤੇ ਭੂਮੀ ਪਾਣੀ ਇੰਜ. ਵਿਭਾਗ ਪੀ ਏ ਯੂ ਦੇ ਸਾਂਝੇ ਸਹਿਯੋਗ ਨਾਲ। |
| "ਨਿਰੰਤਰ ਵਿਕਾਸ ਲਈ ਫ਼ਸਲ ਸੁਧਾਰ" ਉੱਤੇ ਰਾਸ਼ਟਰੀ ਸਿੰਪੋਜ਼ੀਅਮ (7-9 ਨਵੰਬਰ 2014) | ਜੈਨੇਟਿਕਸ ਅਤੇ ਪਲਾਂਟ ਬਰੀਡਿੰਗ ਦੀ ਭਾਰਤੀ ਸੰਸਥਾ, ਨਵੀਂ ਦਿੱਲੀ; ਫ਼ਸਲ ਸੁਧਾਰ ਦੀ ਭਾਰਤੀ ਸੰਸਥਾ, ਲੁਧਿਆਣਾ, ਪਲਾਂਟ ਜੈਨੇਟਿਕਸ ਰਿਸੋਰਸ ਦੀ ਭਾਰਤੀ ਸੰਸਥਾ, ਨਵੀਂ ਦਿੱਲੀ; ਭਾਰਤ ਦੀ ਮੱਕੀ ਤਕਨਾਲੋਜਿਸਟਾਂ ਦੀ ਐਸੋਸੀਏਸ਼ਨ ਨਵੀਂ ਦਿੱਲੀ; ਭਾਰਤੀ ਖੇਤੀ ਖੋਜ ਪ੍ਰੀਸ਼ਦ, ਨਵੀਂ ਦਿੱਲੀ ਅਤੇ ਪੀ ਏ ਯੂ ਲੁਧਿਆਣਾ । |
| "ਖੇਤੀ ਵੰਨ-ਸੁਵੰਨਤਾ ਜਾਂ ਨਿਰੰਤਰ ਜੀਵਨ ਨਿਰਬਾਹ ਅਤੇ ਵਾਤਾਵਰਣਕ ਸੁਰੱਖਿਆ" ਉੱਤੇ ਰਾਸ਼ਟਰੀ ਸਿੰਪੋਜ਼ੀਅਮ (18-20 ਨਵੰਬਰ 2014) | ਫ਼ਸਲ ਵਿਗਿਆਨ ਦੀ ਭਾਰਤੀ ਸੰਸਥਾ ਅਤੇ ਫ਼ਸਲ ਵਿਗਿਆਨ ਵਿਭਾਗ, ਪੀ ਏ ਯੂ ਲੁਧਿਆਣਾ । |
| ਖੇਤਰੀ ਫ਼ਲ ਖੋਜ ਸਟੇਸ਼ਨ, ਬਹਾਦਰਗੜ੍ਹ ਵਿਖੇ ਅਮਰੂਦ ਸ਼ੋਅ-ਕਮ-ਸੈਮੀਨਾਰ (27 ਨਵੰਬਰ 2014) | ਫ਼ਲ ਵਿਗਿਆਨ ਵਿਭਾਗ, ਪੀ ਏ ਯੂ ਅਤੇ ਐਫ ਆਰ ਐਸ, ਬਹਾਦਰਗੜ੍ਹ। |
| ਸਲਾਨਾ ਮੱਕੀ ਵਰਕਸ਼ਾਪ (4-6 ਅਪ੍ਰੈਲ 2015) | ਪੀ ਏ ਯੂ ਲੁਧਿਆਣਾ । |
| "ਨਿਰੰਤਰ ਖੇਤੀ ਲਈ ਕੀਟ ਵਿਗਿਆਨ ਉੱਤੇ ਚੌਥੀ ਕਾਂਗਰਸ" (16 ਅਤੇ 17 ਅਪ੍ਰੈਲ 2015) | ਕੀਟ ਵਿਗਿਆਨ ਵਿੱਚ ਖੋਜ ਉੱਤੇ ਭਾਰਤੀ ਸੰਸਥਾ ਅਤੇ ਪੀ ਏ ਯੂ ਲੁਧਿਆਣਾ ਦੇ ਸਾਂਝੇ ਸਹਿਯੋਗ ਨਾਲ । |
| "ਜੀ ਐਮ ਫ਼ਸਲਾਂ ਲਈ ਸਮਾਜਿਕ-ਆਰਥਿਕ ਵਿਚਾਰ" ਉੱਤੇ ਇੱਕ ਰੋਜ਼ਾ ਵਰਕਸ਼ਾਪ 26 ਮਈ 2015 | ਪਸਾਰ ਸਿੱਖਿਆ ਵਿਭਾਗ ਅਤੇ ਪਸਾਰ ਸਿੱਖਿਆ ਡਵੀਜ਼ਨ ਆਈ ਏ ਆਰ ਆਈ, ਨਵੀਂ ਦਿੱਲੀ । |
| "ਉੱਦਮਸ਼ੀਲਤਾ ਵਿਕਾਸ ਪ੍ਰੋਗਰਾਮ" ਉੱਤੇ ਸਮਰ ਸਕੂਲ (8-28 ਜੁਲਾਈ 2015) | ਪਸਾਰ ਸਿੱਖਿਆ ਵਿਭਾਗ ਅਤੇ ਆਈ ਸੀ ਏ ਆਰ, ਨਵੀਂ ਦਿੱਲੀ । |

**ਖੇਤੀ ਇੰਜ. ਅਤੇ ਤਕਨਾਲੋਜੀ ਕਾਲਜ**

| | |
|---|---|
| ਬੀ ਟੈੱਕ ਦੇ ਦੂਜੇ ਸਾਲ ਦੇ ਵਿਦਿਆਰਥੀਆਂ ਦੇ ਦੋ ਗਰੁੱਪਾਂ ਲਈ ਖੇਤੀ ਇੰਜ. ਉੱਤੇ ਇਕ ਹਾਊਸ ਟ੍ਰੇਨਿੰਗ ਪ੍ਰੋਗਰਾਮ ਟੀ-1 (13-27 ਜੁਲਾਈ 2014) | ਟ੍ਰੇਨਿੰਗ ਯੂਨਿਟ, ਖੇਤੀ ਇੰਜ. ਅਤੇ ਤਕਨਾਲੋਜੀ ਕਾਲਜ |
| ਬੀ ਟੈੱਕ ਦੇ ਅੰਤਿਮ ਸਾਲ ਦੇ ਵਿਦਿਆਰਥੀਆਂ ਦੇ ਦੋ ਗਰੁੱਪਾਂ ਲਈ ਖੇਤੀ ਇੰਜ. ਉੱਤੇ ਇਕ ਹਾਊਸ ਟ੍ਰੇਨਿੰਗ ਪ੍ਰੋਗਰਾਮ ਟੀ-2 (3 ਅਪ੍ਰੈਲ-29 ਮਈ 2015) | |
| "ਪੰਜਾਬ ਵਿੱਚ ਸੋਲਰ ਉਪਕਰਨ ਅਤੇ ਫੋਟੋ ਵੋਲਟਿਕ ਸਿਸਟਮਾਂ ਨੂੰ ਹਰਮਨ ਪਿਆਰਾ ਬਨਾਉਣ ਲਈ ਰਾਜ ਪੱਧਰੀ ਜਾਗਰੂਕਤਾ ਮੀਟਿੰਗ" (21 ਅਕਤੂਬਰ 2014) | ਮਕੈਨੀਕਲ ਇੰਜ. ਵਿਭਾਗ, ਪੀ ਏ ਯੂ ਲੁਧਿਆਣਾ |
| "ਐਗਰੋ ਪ੍ਰੋਸੈਸਿੰਗ ਅਤੇ ਗੁਣਵਤਾ ਵਧਾਉਣ ਵਾਲੀ ਮਸ਼ੀਨਰੀ" ਉੱਤੇ ਸਿਖਲਾਈ ਕੋਰਸ (4 ਫ਼ਰਵਰੀ-5 ਮਾਰਚ 2015) | ਸਿਖਲਾਈ ਯੂਨਿਟ, ਪ੍ਰੋਸੈਸਿੰਗ ਅਤੇ ਫੂਡ ਇੰਜ. ਵਿਭਾਗ ਅਤੇ ਪਸਾਰ ਸਿੱਖਿਆ ਡਾਇਰੈਕਟੋਰੇਟ ਪੀ ਏ ਯੂ ਦੇ ਸਾਂਝੇ ਉੱਦਮ ਨਾਲ। |
| "ਵਾਟਰ ਸ਼ੈੱਡ ਮੈਨੇਜਮੈਂਟ" ਉੱਤੇ ਸਿਖਲਾਈ ਕੋਰਸ (4 ਫ਼ਰਵਰੀ ਤੋਂ 5 ਮਾਰਚ 2015) | ਪੇਂਡੂ ਵਿਕਾਸ ਵਿਭਾਗ, ਪੰਜਾਬ ਸਰਕਾਰ । |
| "ਐਗਰੋ ਪ੍ਰੋਸੈਸਿੰਗ ਕੰਪਲੈਕਸਾਂ ਦੀ ਸਥਾਪਨਾ" ਉੱਤੇ ਸਿਖਲਾਈ ਕੋਰਸ (9-11 ਫ਼ਰਵਰੀ 2015) | ਸਿਖਲਾਈ ਯੂਨਿਟ, ਪ੍ਰੋਸੈਸਿੰਗ ਅਤੇ ਫੂਡ ਇੰਜ. ਵਿਭਾਗ ਵੱਲੋਂ ਪਸਾਰ ਸਿੱਖਿਆ ਡਾਇਰੈਕਟੋਰੇਟ, ਪੀ ਏ ਯੂ ਦੇ ਸਹਿਯੋਗ ਨਾਲ । |
| ਐਚ ਡੀ ਓ'ਜ਼/ਏ ਡੀ ਓ'ਜ਼/ਕੇ ਵੀ ਕੇ ਵਿਗਿਆਨੀਆਂ ਲਈ ਐਗਰੋ ਪ੍ਰੋਸੈਸਿੰਗ ਤਕਨਾਲੋਜੀਆਂ ਉੱਤੇ ਸਿਖਲਾਈ ਕੋਰਸ (22-24 ਅਪ੍ਰੈਲ 2015) | |
| "ਐਗਰੋ ਪ੍ਰੋਸੈਸਿੰਗ ਉਦਯੋਗਾਂ ਦੀ ਸਥਾਪਨਾ" ਉੱਤੇ ਸਿਖਲਾਈ ਕੋਰਸ | |

| | |
|---|---|
| "ਖੇਤੀ ਨਿਰੰਤਰਤਾ ਅਤੇ ਫੂਡ ਪ੍ਰੋਸੈਸਿੰਗ ਲਈ ਇੰਜੀਨੀਅਰਿੰਗ ਸਮਾਧਾਨ" ਉੱਤੇ ਆਈ ਐਸ ਏ ਈ ਦੀ 49ਵੀਂ ਕਨਵੈਨਸ਼ਨ ਅਤੇ ਅੰਤਰਰਾਸ਼ਟਰੀ ਸਿੰਪੋਜ਼ੀਅਮ (23-25 ਫ਼ਰਵਰੀ 2015) | ਇੰਡੀਅਨ ਸੋਸਾਇਟੀ ਆਫ਼ ਐਗਰੀਕਲਚਰਲ ਇੰਜਨੀਅਰਿੰਗ ਅਤੇ ਖੇਤੀ ਇੰਜ. ਅਤੇ ਤਕਨਾਲੋਜੀ ਕਾਲਜ, ਪੀ ਏ ਯੂ |
| ਆਰ ਟੀ ਐਸ ਏ ਯੂ - ਐਮ ਟੀ ਏ ਏ, ਮਾਸਕੋ ਦੇ ਵਿਦਿਆਰਥੀਆਂ ਅਤੇ ਫੈਕਲਟੀ ਲਈ ਆਯੋਜਿਤ" ਫ਼ਸਲ ਉਤਪਾਦਨ ਲਈ ਇੰਜ. ਤਕਨਾਲੋਜੀਆਂ ਉੱਤੇ ਸਿਖਲਾਈ ਕੋਰਸ (16-27 ਮਾਰਚ 2015) | ਕਾਲਜ ਦਾ ਸਿਖਲਾਈ ਯੂਨਿਟ, ਜੋ ਕਿ ਆਰ ਟੀ ਐਸ ਏ ਯੂ, ਮਾਸਕੋ ਰੂਸ ਨਾਲ ਐਮ ਓ ਯੂ ਤਹਿਤ ਅਦਾਨ ਪ੍ਰਦਾਨ ਪ੍ਰੋਗਰਾਮ ਦਾ ਇੱਕ ਹਿੱਸਾ ਹੈ । |
| ਕਿਸਾਨਾਂ ਲਈ "ਲੇਜ਼ਰ ਭੂਮੀ ਕਰਾਹੇ ਦੀ ਵਰਤੋਂ" ਉੱਤੇ ਸਿਖਲਾਈ ਕੋਰਸ (9 ਅਪ੍ਰੈਲ 2015) | ਫਾਰਮ ਮਸ਼ੀਨਰੀ ਅਤੇ ਪਾਵਰ ਇੰਜ. ਵਿਭਾਗ ਪੀ ਏ ਯੂ |
| "ਤੁਪਕਾ ਸਿੰਚਾਈ, ਸਪਰਿੰਕਲਰ ਅਤੇ ਪੋਲੀਹਾਊਸ ਦੀ ਵਰਤੋਂ" ਉੱਤੇ ਸਿਖਲਾਈ ਕੋਰਸ (15-17 ਅਪ੍ਰੈਲ 2015) | ਸਿਖਲਾਈ ਯੂਨਿਟ, ਭੂਮੀ ਅਤੇ ਪਾਣੀ ਇੰਜ. ਵਿਭਾਗ ਵੱਲੋਂ ਪਸਾਰ ਸਿੱਖਿਆ ਡਾਇਰੈਕਟੋਰੇਟ, ਪੀ ਏ ਯੂ ਦੇ ਸਹਿਯੋਗ ਨਾਲ । |
| "ਖੇਤ ਮਸ਼ੀਨਰੀ ਨੂੰ ਕਿਰਾਏ ਤੇ ਲੈਣਾ" ਉੱਤੇ ਸਿਖਲਾਈ ਪ੍ਰੋਗਰਾਮ (9-10 ਜੂਨ 2015) | ਸਿਖਲਾਈ ਯੂਨਿਟ, ਫਾਰਮ ਮਸ਼ੀਨਰੀ ਅਤੇ ਪਾਵਰ ਇੰਜਨੀਅਰਿੰਗ ਵਿਭਾਗ ਵੱਲੋਂ ਪਸਾਰ ਸਿੱਖਿਆ ਡਾਇਰੈਕਟੋਰੇਟ ਦੇ ਸਹਿਯੋਗ ਨਾਲ। |

## ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ

| | |
|---|---|
| "ਖੇਤੀ ਵਿਕਾਸ ਦੀ ਨਿਰੰਤਰਤਾ" ਉੱਤੇ ਦੂਜਾ ਰਾਸ਼ਟਰੀ ਸੈਮੀਨਾਰ (3 ਮਾਰਚ 2015) | ਸੋਸਾਇਟੀ ਆਫ਼ ਇਕਨਾਮਿਕਸ ਐਂਡ ਡਿਵੈਲਪਮੈਂਟ । |
| ਭਾਸ਼ਾ ਵਿਗਿਆਨ ਅਤੇ ਲੋਕ ਸਾਹਿਤ ਉੱਤੇ ਤੀਜੀ ਸਰਵ ਭਾਰਤੀ ਕਾਨਫਰੰਸ (ਵਿਸ਼ਾ : ਭਾਸ਼ਾ, ਭਾਸ਼ਾ ਵਿਗਿਆਨ ਅਤੇ ਲੋਕ ਸਾਹਿਤ ਦੇ ਉੱਭਰ ਰਹੇ ਰੁਝਾਨ (28-29 ਮਈ 2015) | ਖੇਤੀ ਪੱਤਰਕਾਰੀ, ਭਾਸ਼ਾਵਾਂ ਅਤੇ ਸਭਿਆਚਾਰ ਵਿਭਾਗ ਵੱਲੋਂ ਪੰਜਾਬ ਲਿੰਗੁਇਸਟਿਕਸ ਐਸੋਸੀਏਸ਼ਨ, ਪਟਿਆਲਾ ਦੇ ਸਹਿਯੋਗ ਨਾਲ । |

## ਹੋਮ ਸਾਇੰਸ ਕਾਲਜ

| | |
|---|---|
| "ਐਮ ਸੀਲ ਆਰਟ, ਲਾਮਾਸਾ ਆਰਟ ਅਤੇ ਪੇਪਰ ਮੈਸ਼ੀ" ਉੱਤੇ ਵਰਕਸ਼ਾਪ (25-26 ਅਗਸਤ, 2014) | ਪਰਿਵਾਰਕ ਸਰੋਤ ਪ੍ਰਬੰਧਨ ਵਿਭਾਗ, ਪੀ ਏ ਯੂ ਲੁਧਿਆਣਾ । |
| ਪੀ ਏ ਯੂ ਦੀ ਨਵ-ਨਿਯੁਕਤ ਫੈਕਲਟੀ ਲਈ "ਪ੍ਰਭਾਵਸ਼ਾਲੀ ਅਧਿਆਪਨ ਖੋਜ ਅਤੇ ਪਸਾਰ" ਉੱਤੇ ਓਰੀਅਨਟੇਸ਼ਨ ਕੋਰਸ | ਹੋਮ ਸਾਇੰਸ ਪਸਾਰ ਅਤੇ ਸੰਚਾਰ ਪ੍ਰਬੰਧਨ ਵਿਭਾਗ, ਪੀ ਏ ਯੂ ਲੁਧਿਆਣਾ । |
| "ਸਿਖਲਾਈ ਹਾਸਲ ਕਰਨ ਤੋਂ ਅਸਮਰਥ ਬੱਚਿਆਂ ਦੇ ਪ੍ਰਬੰਧਨ ਲਈ ਖੋਜਾਂ" ਉੱਤੇ ਸ਼ਾਰਟ ਕੋਰਸ (27 ਅਕਤੂਬਰ-5 ਨਵੰਬਰ 2014) | ਭਾਰਤੀ ਖੇਤੀ ਖੋਜ ਪ੍ਰੀਸ਼ਦ, ਨਵੀਂ ਦਿੱਲੀ । |
| "ਕਮਰਸ਼ੀਅਲ ਬੇਕਿੰਗ" ਉੱਤੇ ਸਿਖਲਾਈ ਕੋਰਸ (12 ਮਾਰਚ - 11 ਜੂਨ 2015) | ਭੋਜਨ ਅਤੇ ਪੋਸ਼ਣ ਵਿਭਾਗ, ਪੀ ਏ ਯੂ ਲੁਧਿਆਣਾ |
| "ਬੇਕਰੀ ਅਤੇ ਕੰਨਫੈਕਸ਼ਨਰੀ" ਉੱਤੇ ਵਰਕਸ਼ਾਪ (14-15 ਮਾਰਚ, 2015) | |
| "ਸਜਾਵਟੀ ਆਈਸਿੰਗਜ਼ ਅਤੇ ਫੋਨਡੈਂਟਜ਼" ਉੱਤੇ ਸਿਖਲਾਈ ਕੋਰਸ (31 ਮਾਰਚ, 2015) | |
| "ਕੁਕਿੰਗ ਅਤੇ ਬੇਕਿੰਗ" ਉੱਤੇ ਥੋੜ੍ਹੇ ਸਮੇਂ ਦਾ ਸਿਖਲਾਈ ਕੋਰਸ (22-26 ਜੂਨ 2015) | |
| ਫੈਵੀਕਰਿਲ ਕਲਰਜ਼/ਕਰਾਫ਼ਟ ਆਈਟਮਜ਼ ਦੀ ਵਰਤੋਂ ਰਾਹੀਂ ਆਰਟ ਕਰੀਏਸ਼ਨਜ਼ (ਕਲਾਕ੍ਰਿਤੀਆਂ ਬਨਾਉਣ) ਉੱਤੇ ਵਰਕਸ਼ਾਪ (4-6 ਮਈ 2015) | ਪਰਿਵਾਰਕ ਸ੍ਰੋਤ ਪ੍ਰਬੰਧਨ ਵਿਭਾਗ, ਪੀ ਏ ਯੂ ਲੁਧਿਆਣਾ |

## ਐਮ ਐਸ ਰੰਧਾਵਾ ਲਾਇਬ੍ਰੇਰੀ

| | |
|---|---|
| ਆਨ ਲਾਈਨ ਡੈਟਾਬੇਸਿਸ "ਬਿਜ਼ਨੈੱਸ ਸੋਰਸ ਈਲੀਟ ਐਂਡ ਈ ਬੀ ਐਸ ਸੀ ਓ ਨੈੱਟ ਲਾਇਬ੍ਰੇਰੀ" ਦੀ ਵਰਤੋਂ ਉੱਤੇ ਦੋ ਸਿਖਲਾਈ ਸੈਸ਼ਨ (28 ਨਵੰਬਰ, 2014) | ਯੂਨੀਵਰਸਿਟੀ ਲਾਇਬ੍ਰੇਰੀ |

### ਪੀ ਏ ਯੂ ਸਾਇੰਸ ਕਲੱਬ

ਪੀ ਏ ਯੂ ਸਾਇੰਸ ਕਲੱਬ ਵੱਲੋਂ ਜੁਲਾਈ 2014 ਤੋਂ ਜੂਨ 2015 ਦੌਰਾਨ ਹੇਠ ਲਿਖੇ ਪ੍ਰੋਗਰਾਮ ਕਰਵਾਏ ਗਏ :

- "ਬਾਇਓਲੋਜੀਕਲ ਕੰਟਰੋਲ ਏਜੰਟਸ ਦੀਆਂ 'ਵਪਾਰਕ ਉਤਪਾਦਨ ਤਕਨਾਲੋਜੀਆਂ' ਉੱਤੇ ਡਾ. ਪਰਦੁਮਨ ਕੁਮਾਰ, ਪ੍ਰਿੰਸੀਪਲ ਸਾਇੰਟਿਸਟ (ਕੀਟ ਵਿਗਿਆਨ), ਮੱਕੀ ਖੋਜ ਡਾਇਰੈਕਟੋਰੇਟ ਨਵੀਂ ਦਿੱਲੀ ਵੱਲੋਂ ਭਾਸ਼ਨ ਦਿੱਤਾ ਗਿਆ (19 ਅਗਸਤ 2014)
- ਦਾਖਲ ਹੋਏ ਮਾਸਟਰਜ਼ ਪ੍ਰੋਗਰਾਮਾਂ ਦੇ ਵਿਦਿਆਰਥੀਆਂ ਦੀ ਓਰੀਅਨਟੇਸ਼ਨ (7 ਅਕਤੂਬਰ 2014)
- "ਸੀਲੀਅਕ ਰੋਗ : ਡਾਕਟਰ ਅਤੇ ਕਣਕ ਬਰੀਡਰਾਂ ਵਿਚਕਾਰ ਇੱਕ ਸੰਬੰਧ" ਉੱਤੇ ਡਾ. ਅਜੀਤ ਸੂਦ, ਮੁਖੀ, ਗੈਸਟ੍ਰੋਐਂਟ੍ਰੋਲੋਜੀ ਵਿਭਾਗ, ਡੀ ਐਮ ਸੀ ਐਂਡ ਐਚ, ਲੁਧਿਆਣਾ ਵੱਲੋਂ ਭਾਸ਼ਣ (26 ਨਵੰਬਰ 2014)
- "ਨੋਬਲ ਲੋਰੀਏਟ ਨੂੰ ਯਾਦ ਕਰਦਿਆਂ" ਉੱਤੇ ਡਾ. ਆਈ ਐਸ ਦੂਆ, ਪ੍ਰੋਫੈਸਰ ਐਮੀਰਾਈਟਸ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਭਾਸ਼ਣ (10 ਦਸੰਬਰ 2014)

## ਵਿੱਤ

ਪ੍ਰਬੰਧਕੀ ਬੋਰਡ ਨੇ 27 ਮਾਰਚ 2014 ਨੂੰ ਹੋਈ 265ਵੀਂ ਮੀਟਿੰਗ ਵਿੱਚ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਸਾਲ 2014-15 ਦੇ ਬਜਟ ਅਨੁਮਾਨ ਜੋ ਕਿ ਚੱਲ ਰਹੀਆਂ 404 ਸਕੀਮਾਂ ਦਾ 523.07 ਕਰੋੜ ਰੁਪਏ ਬਣਦਾ ਹੈ, ਨੂੰ ਪ੍ਰਵਾਨਗੀ ਦਿੱਤੀ। ਵਿੱਤੀ ਸਾਲ 2014-15 ਦੌਰਾਨ ਅਸਲ ਵਿੱਚ 414.28 ਕਰੋੜ ਦੀ ਗਰਾਂਟ ਹਾਸਲ ਹੋਈ।

| ਸਰੋਤ | ਹਾਸਲ ਹੋਈ ਗ੍ਰਾਂਟ (ਰੁਪਏ ਕਰੋੜਾਂ ਵਿੱਚ) | ਵੰਡ (ਪ੍ਰਤੀਸ਼ਤ) |
|---|---|---|
| **ਰਾਜ ਸਰਕਾਰ**<br>ਨਾਨ ਪਲਾਨ, ਪਲਾਨ ਅਤੇ ਪੇਂਡੂ ਵਿਕਾਸ ਫੰਡ | 323.71 | 78.14 |
| **ਆਈ ਸੀ ਏ ਆਰ ਫੰਡਿੰਗ**<br>ਸਰਵ ਭਾਰਤੀ ਕੋਆਰਡੀਨੇਟਿਡ ਖੋਜ ਪ੍ਰਾਜੈਕਟ, ਕ੍ਰਿਸ਼ੀ ਵਿਗਿਆਨ ਕੇਂਦਰ ਅਤੇ ਹੋਰ | 56.10 | 13.55 |
| **ਕੇਂਦਰ ਸਰਕਾਰ ਫੰਡਿੰਗ**<br>ਕੇਂਦਰ ਵੱਲੋਂ ਵਿੱਤੀ ਸਹਾਇਤਾ ਪ੍ਰਾਪਤ ਸਕੀਮ (ਭਾਰਤ ਸਰਕਾਰ), ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਅਤੇ ਰਾਸ਼ਟਰੀਯ ਕ੍ਰਿਸ਼ੀ ਵਿਕਾਸ ਯੋਜਨਾ | 18.45 | 4.45 |
| **ਵਿਦੇਸ਼ੀ ਸਹਿਯੋਗ** | 2.00 | 0.48 |
| **ਹੋਰ ਫੰਡਿੰਗ**<br>ਫੁਟਕਲ/ਯੂ ਟੀ/ਸਰ ਰਤਨ ਟਾਟਾ ਟ੍ਰਸਟ/ ਨਾਵਾਜ਼ ਭਾਈ ਰਤਨ ਟਾਟਾ ਟ੍ਰਸਟ/ਨੈਸ਼ਨਲ ਹਾਰਟੀਕਲਚਰ ਮਿਸ਼ਨ ਪ੍ਰੋਜੈਕਟਸ | 14.02 | 3.38 |
| **ਕੁੱਲ** | **414.28** | |

ਪ੍ਰਬੰਧਕੀ ਬੋਰਡ ਨੇ 30 ਮਾਰਚ 2015 ਨੂੰ ਹੋਈ 270ਵੀਂ ਮੀਟਿੰਗ ਵਿੱਚ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਸਾਲ 2015-16 ਲਈ ਚੱਲ ਰਹੀਆਂ 408 ਸਕੀਮਾਂ ਲਈ 53531.65 ਲੱਖ ਰੁਪਏ ਦੇ ਬਜਟ ਅਨੁਮਾਨਾਂ ਨੂੰ ਪ੍ਰਵਾਨਗੀ ਦਿੱਤੀ। ਇਨ੍ਹਾਂ ਸਕੀਮਾਂ ਦਾ ਵੇਰਵਾ, ਖੋਜ, ਅਧਿਆਪਨ, ਪਸਾਰ, ਪ੍ਰਸ਼ਾਸਨਿਕ ਅਤੇ ਫੁਟਕਲ ਕਾਰਜਾਂ ਲਈ ਬਜਟ ਦੀ ਵੰਡ ਇਸ ਪ੍ਰਕਾਰ ਹੈ :

| ਕ੍ਰਮ ਨੰਬਰ | ਸਕੀਮਾਂ | ਸਕੀਮਾਂ ਦੀ ਕੁੱਲ ਗਿਣਤੀ (2014-15) | ਬਜਟ ਅਨੁਮਾਨ 2014-15 (ਰੁਪਏ ਲੱਖਾਂ ਵਿੱਚ) | ਸਕੀਮਾਂ ਦੀ ਕੁੱਲ ਗਿਣਤੀ 2015-16 | ਬਜਟ ਅਨੁਮਾਨ 2015-16 (ਰੁਪਏ ਲੱਖਾਂ ਵਿੱਚ) |
|---|---|---|---|---|---|
| 1. | ਰਾਜ ਸਕੀਮਾਂ | | | | |
| ੳ. | ਨਾਨ ਪਲਾਨ ਐਗਰੀਕਲਚਰ ਸਕੀਮਾਂ | 13 | 21713.28 | 12 | 20046.09 |
| ਅ. | ਪਲਾਨ ਐਗਰੀਕਲਚਰ ਸਕੀਮਾਂ | 118 | 18936.61 | 119 | 21740.94 |
| ੲ. | ਪੇਂਡੂ ਵਿਕਾਸ ਫੰਡ ਸਕੀਮਾਂ | | | | |
| 2. | ਰਾਸ਼ਟਰੀਯ ਕ੍ਰਿਸ਼ੀ ਵਿਕਾਸ ਯੋਜਨਾ (ਆਰ ਕੇ ਵੀ ਵਾਈ) | 1 | 19.25 | 1 | 20.25 |
| 3. | ਆਈ ਸੀ ਏ ਆਰ ਸਕੀਮਾਂ (ਏ ਆਈ ਸੀ ਆਰ ਪੀ/ਕੇ ਵੀ ਕੇ/ਤਦਅਰਥ ਅਤੇ ਕੇਂਦਰੀ ਸਹਿਯੋਗ ਸਮੇਤ) | 84 | 8299.77 | 88 | 8599.32 |
| 4. | ਯੂ ਜੀ ਸੀ ਸਕੀਮਾਂ | 51 | 139.41 | 46 | 119.72 |
| 5. | ਕੇਂਦਰ ਵੱਲੋਂ ਵਿੱਤੀ ਸਹਾਇਤਾ ਪ੍ਰਾਪਤ ਸਕੀਮਾਂ | 63 | 1479.92 | 68 | 1234.20 |
| 6. | **ਹੋਰ ਸਕੀਮਾਂ** | | | | |
| | ਨੈਸ਼ਨਲ ਹਾਰਟੀਕਲਚਰ ਮਿਸ਼ਨ/ਰਤਨ ਟਾਟਾ ਟ੍ਰਸਟ/ਫੁਟਕਲ ਸਕੀਮਾਂ/ਵਿਦੇਸ਼ਾਂ ਤੋਂ ਵਿੱਤੀ ਸਹਾਇਤਾ ਪ੍ਰਾਪਤ ਸਕੀਮਾਂ | 66 | 1297.29 | 63 | 1318.14 |

| ਕ੍ਰਮ ਨੰਬਰ | ਸਕੀਮਾਂ | ਸਕੀਮਾਂ ਦੀ ਕੁੱਲ ਗਿਣਤੀ (2014-15) | ਬਜਟ ਅਨੁਮਾਨ 2014-15 (ਰੁਪਏ ਲੱਖਾਂ ਵਿੱਚ) | ਸਕੀਮਾਂ ਦੀ ਕੁੱਲ ਗਿਣਤੀ 2015-16 | ਬਜਟ ਅਨੁਮਾਨ 2015-16 (ਰੁਪਏ ਲੱਖਾਂ ਵਿੱਚ) |
|---|---|---|---|---|---|
| 7. | ਸੈਲਫ਼ ਫਾਇਨੈਂਨਸਿੰਗ ਸਕੀਮਾਂ | 5 | 376.88 | 5 | 399.41 |
| 8. | ਰਿਵਾਲਵਿੰਗ ਫੰਡ ਸਕੀਮਾਂ | 3 | 44.35 | 6 | 53.58 |
| | ਕੁੱਲ | 404 | 52306.76 | 408 | 53531.65 |

**ਸਾਲ 2015-16 ਦੌਰਾਨ ਹੋਰ ਗਤੀਵਿਧੀਆਂ ਲਈ ਫੰਡਾਂ ਦੀ ਵੰਡ**

| ਬਜਟ ਵੰਡ | ਰਕਮ (ਲੱਖਾਂ ਰੁਪਏ ਵਿੱਚ) | ਵੰਡ |
|---|---|---|
| ਖੋਜ | 26219.66 | 48.98 |
| ਅਧਿਆਪਣ | 13078.51 | 24.43 |
| ਪਸਾਰ | 8001.05 | 14.95 |
| ਪ੍ਰਸ਼ਾਸਨ ਅਤੇ ਹੋਰ | 6232.43 | 11.64 |
| ਕੁੱਲ | 53531.65 | |

ਯੂਨੀਵਰਸਿਟੀ ਨੇ ਟਿਊਸ਼ਨ ਫੀਸ ਅਤੇ ਹੋਰ ਸੇਵਾਵਾਂ ਤੋਂ ਵੀ ਰਕਮ ਇਕੱਤਰ ਕੀਤੀ । ਇਕੱਤਰ ਕੀਤੀ 65.42 ਕਰੋੜ ਰੁਪਏ ਦੀ ਰਾਸ਼ੀ ਦਾ ਵੇਰਵਾ ਇਸ ਪ੍ਰਕਾਰ ਹੈ :

| ਵਿਭਾਗ | ਰਕਮ (ਰੁਪਏ) |
|---|---|
| ਖੇਤੀਬਾੜੀ ਕਾਲਜ | 9,98,84,332 |
| ਖੇਤੀ ਇੰਜ. ਅਤੇ ਤਕਨਾਲੋਜੀ ਕਾਲਜ | 2,67,81,933 |
| ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ | 4,39,20,339 |
| ਹੋਮ ਸਾਇੰਸ ਕਾਲਜ | 1,81,25,221 |
| ਪਸਾਰ ਸਿੱਖਿਆ ਡਾਇਰੈਕਟੋਰੇਟ | 7,24,50,304 |
| ਨਿਰਦੇਸ਼ਕ ਖੋਜ | 23,12,52,885 |
| ਹੋਰ ਵਿਭਾਗ (ਕੰਪਟਰੋਲਰ, ਮਿਲਖ ਅਫ਼ਸਰ, ਰਜਿਸਟਰਾਰ, ਲਾਇਬ੍ਰੇਰੀ ਆਦਿ) | 16,18,13,946 |
| ਕੁੱਲ | 65,42,28,950 |

## ਮਿਲਖ ਸੰਗਠਨ

ਮਿਲਖ ਸੰਗਠਨ ਵੱਲੋਂ ਯੂਨੀਵਰਸਿਟੀ ਇਮਾਰਤਾਂ ਦੀ ਉਸਾਰੀ ਅਤੇ ਸਾਂਭ ਸੰਭਾਲ ਦੇ ਕਾਰਜਾਂ ਦੀ ਦੇਖ ਰੇਖ ਕੀਤੀ ਜਾਂਦੀ ਹੈ । ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਕਈ ਪ੍ਰਮੁੱਖ ਪ੍ਰੋਜੈਕਟ ਸੰਪੂਰਨ ਕੀਤੇ ਗਏ (ਅਨੁਲੱਗ-1)

## ਫੈਕਲਟੀ ਦੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪ੍ਰੋਗਰਾਮਾਂ ਵਿੱਚ ਸ਼ਮੂਲੀਅਤ

ਯੂਨੀਵਰਸਿਟੀ ਫੈਕਲਟੀ ਨੇ ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ, ਕਾਨਫ਼ਰੰਸਾਂ, ਸਿੰਪੋਜ਼ੀਆ, ਵਰਕਸ਼ਾਪਾਂ ਆਦਿ ਵਿੱਚ ਸ਼ਮੂਲੀਅਤ ਕੀਤੀ । ਇਸ ਦਾ ਵੇਰਵਾ ਅਨੁਲੱਗ-2 ਵਿੱਚ ਦਿੱਤਾ ਗਿਆ ਹੈ ।

## ਖਰੀਦੇ ਗਏ ਨਵੇਂ ਉਪਕਰਨ

### ਖੇਤੀਬਾੜੀ ਕਾਲਜ

| ਉਪਕਰਨ | ਕੀਮਤ (ਲੱਖਾਂ ਰੁਪਏ ਵਿੱਚ) | ਵਰਤੋਂ ਯੋਗਤਾ |
|---|---|---|
| ਨਿਕੋਨ ਐਸ ਐਮ ਜ਼ੈੱਡ-25 ਮਾਈਕ੍ਰੋਸਕੋਪ | 8.89 | ਸੀਰਮਬਾਇਸਿਡ ਬੀਟਲਜ਼ ਦਾ ਅਧਿਐਨ ਕਰਨ ਲਈ ਡੀ ਬੀ ਟੀ ਪ੍ਰੋਜੈਕਟ ਤਹਿਤ ਖਰੀਦਿਆ ਗਿਆ । |
| ਬੀ ਓ ਡੀ ਇੰਨਕੁਬੇਟਰਜ਼ (2) | 4.14 | ਕੀਟਾਂ ਨੂੰ ਪਾਲਣ ਅਤੇ ਪੈਥੋਜਿਨਸ ਦੀ ਕਲਚਰਿੰਗ ਲਈ ਅਤੇ ਪੈਥੋਜਿਨਸ ਅਤੇ ਬਾਇਓਕੰਟਰੋਲ ਏਜੰਟਸ ਨੂੰ ਵਧਾਉਣ ਲਈ । |
| ਯੂ ਵੀ ਵਿਜ਼ੀਬਲ ਸਪੈਕਟ੍ਰੋਫੋਟੋਮੀਟਰ | 1.70 | ਐਨਜ਼ਾਈਮ ਗਤੀਵਿਧੀ ਦਾ ਅਧਿਐਨ ਕਰਨ ਲਈ । |
| ਥਰਮਲ ਸਾਈਕਲਰ | 4.55 | ਚੋਣਵੇਂ ਡੀ ਐਨ ਏ ਸਿਗਮੈਂਟਜ਼ ਦੀ ਐਂਪਲੀਫਿਕੇਸ਼ਨ ਲਈ । |
| ਵਰਟੀਕਲ ਇਲੈਕਟ੍ਰੋਫਾਰਸਿਸ ਯੂਨਿਟ ਬਿਜਲੀ ਸਪਲਾਈ ਸਮੇਤ | 2.50 | ਡੀ ਐਨ ਏ ਦੇ ਐਂਪਲੀਫਾਈਡ ਉਤਪਾਦਾਂ ਲਈ । |
| ਲੈਮੀਨਾਰ ਏਅਰ ਫਲੋਅ | 2.50 | ਮੱਕੀ ਦੇ ਗੜੂੰਏ ਨੂੰ ਪਾਲਣ ਵਾਲੀ ਖੁਰਾਕ ਨੂੰ ਦੂਸ਼ਣ ਰਹਿਤ ਕਰਨ ਲਈ । |
| ਰਾਈਸ ਗਰੇਨ ਐਨਾਲਾਈਜ਼ਰ | 1.98 | ਚੌਲਾਂ ਦੇ ਦਾਣਿਆਂ ਦੇ ਨਾਪ-ਤੋਲ ਦਾ ਅੰਦਾਜ਼ਾ ਲਾਉਣ ਲਈ । |
| ਮੈਕ-ਲੈਬ ਵਿਲੀ ਗ੍ਰਾਈਂਡਰ | 1.22 | ਬਾਇਓਕੈਮੀਕਲ ਵਿਸ਼ਲੇਸ਼ਣ ਲਈ ਚਾਰੇ ਦੇ ਨਮੂਨਿਆਂ ਦੀ ਪਿਸਾਈ ਲਈ । |
| ਡੀਪ ਫਰੀਜ਼ਰ | 2.44 | ਭੂਮੀ ਵਿੱਚੋਂ ਉਪਜੇ ਇਨੋਕੁਲਮਜ਼ ਦੀ ਪਛਾਣ ਕਰਨ ਲਈ ਅਤੇ ਰਸਾਇਣਾਂ, ਵਿਭਿੰਨ ਮੀਡੀਆ, ਕਲਚਰਜ਼ ਅਤੇ ਬਾਇਓਏਜੰਟਸ ਨੂੰ ਰੱਖਣ ਲਈ । |
| ਵਰਟੀਕਲ ਆਟੋਕਲੇਵ | 1.25 | ਭੂਮੀ, ਮੀਡੀਆ ਅਤੇ ਸਾਜੋ ਸਮਾਨ ਨੂੰ ਦੂਸ਼ਣ ਰਹਿਤ ਕਰਨ ਲਈ । |
| ਸਾਇਲ ਕੰਪੈਕਸ਼ਨ ਮੀਟਰ (ਪੀਨੀਟ੍ਰੋਮੀਟਰ) | 2.29 | ਭੂਮੀ ਦਾ ਠੋਸਪਣ ਮਾਪਣ ਲਈ । |
| ਡਿਸਟਿਲੇਸ਼ਣ ਅਪਰੇਟਸ (ਡਿਸਟਿਲੇਸ਼ਣ ਵਾਟਰ ਯੂਨਿਟ) | 1.15 | ਚਾਰੇ ਦੇ ਨਮੂਨਿਆਂ ਦੀ ਗੁਣਵਤਾ ਦਾ ਵਿਸ਼ਲੇਸ਼ਣ ਕਰਨ ਹਿੱਤ ਪਾਣੀ ਸ਼ੁੱਧ ਕਰਨ ਲਈ । |
| ਗੈਸ ਕਰੋਮੈਟੋਗ੍ਰਾਫੀ-ਏਜੀਲਿੰਟ | 45.00 | ਵੱਖੋ ਵੱਖ ਤੇਲ ਬੀਜ ਫ਼ਸਲਾਂ ਦੀ ਫੈਟੀ ਐਸਿਡ ਪ੍ਰੋਫਾਈਲ ਨੂੰ ਨਿਸ਼ਚਤ ਕਰਨ ਵਿੱਚ ਮਦਦ ਕਰਦਾ ਹੈ । |
| ਪਾਵਰ ਵੀਡਰ | 1.50 | ਨਰਸਰੀ ਅਤੇ ਬਾਗ ਵਿੱਚ ਨਦੀਨਾਂ ਉੱਤੇ ਕਾਬੂ ਪਾਉਣ ਲਈ । |
| ਟ੍ਰਾਈਨੋਕੁਲਰ ਮਾਈਕ੍ਰੋਸਕੋਪ | 3.0 | ਨਿਗੂਣੇ ਕੀਟਾਂ ਅਤੇ ਜੂੰਆਂ ਨੂੰ ਵੇਖਣ ਲਈ । |

### ਖੇਤੀ ਇੰਜ. ਅਤੇ ਤਕਨਾਲੋਜੀ ਕਾਲਜ

| | | |
|---|---|---|
| ਇਲੈਕਟ੍ਰੋਫਾਰਸਿਸ ਅਪਰੇਟਸ | 1.50 | ਪ੍ਰੋਟੀਨ ਦੀ ਗੁਣਵੱਤਾ ਦਾ ਵਿਸ਼ਲੇਸ਼ਣ ਕਰਨ ਲਈ । |
| ਟਰੈਕਟਰ ਨਾਲ ਚੱਲਣ ਵਾਲੀ ਕੰਬਾਈਨ ਹਾਰਵੈਸਟਰ | 7.25 | ਛੋਲਿਆਂ ਦੀ ਕਟਾਈ ਦੇ ਤਜ਼ਰਬੇ ਲਈ । |
| ਟੈਸਟ (ਪਰਖ) ਵੈਨ | 6.96 | ਖੇਤਾਂ ਵਿੱਚ ਪਰਖ ਕਰਨ ਲਈ । |
| ਪੈਡੀ (ਝੋਨੇ ਦਾ) ਟ੍ਰਾਂਸਪਲਾਂਟਰ | 2.36 | ਝੋਨੇ ਦੀ ਬਿਜਾਈ ਲਈ ਤਜ਼ਰਬੇ ਹਿਤ |
| ਟਰੈਕਟਰ ਨਾਲ ਚੱਲਣ ਵਾਲੀ ਸਟਰਾਅ ਚੋਪਰ (ਪਰਾਲੀ ਕੁਤਰਨ ਵਾਲਾ) ਡਬਲ (ਦੋਹਰੀ) ਮਸ਼ੀਨ | 1.99 | ਝੋਨੇ ਦੀ ਪਰਾਲੀ ਦੀ ਸਾਂਭ ਸੰਭਾਲ ਦੇ ਤਜ਼ਰਬੇ ਹਿੱਤ । |
| ਹਾਈਡ੍ਰੋਲਿਕ ਮੋਲਡ ਬੋਰਡ ਟੂ ਬਾਟਮ | 1.90 | ਹਲ ਵਾਹੁਣ ਲਈ । |
| ਮੱਕੀ ਲਈ ਕਟਰ ਬਾਰ | 1.80 | ਮੱਕੀ ਦੀ ਫ਼ਸਲ ਦੀ ਕਟਾਈ ਲਈ । |
| ਸਪੀਡ (ਗਤੀ) ਨਾਪਣ ਵਾਲਾ ਯੰਤਰ | 1.40 | ਟਰੈਕਟਰ ਦੀ ਗਤੀ ਅਤੇ ਸਲਿਪ ਨੂੰ ਨਾਪਣ ਵਾਸਤੇ । |
| ਐਕਸੀਅਲ ਫਲੋਅ ਪੈਡੀ ਥੀਡਿੰਗ | 1.35 | ਝੋਨੇ ਦੀ ਛੜਾਈ ਕਰਨ ਲਈ । |
| ਸਪੈਕਟ੍ਰੋਮੀਟਰ | 1.35 | ਮਸ਼ੀਨ ਦੇ ਪੁਰਜ਼ਿਆਂ ਦੀ ਸਮਗਰੀ ਦੀ ਪਰਖ ਕਰਨ ਲਈ । |
| ਡਸਟ ਮਾਨੀਟਰ | 1.16 | ਕਣਕ ਦੀ ਨਾੜ ਲਈ ਧੂੜ ਦਾ ਹਿਸਾਬ ਕਿਤਾਬ ਲਾਉਣ ਲਈ । |
| ਸਾਈਬਰੋਮ | 4.00 | ਇੰਟਰਨੈੱਟ ਦੀ ਵਰਤੋਂ ਲਈ । |
| ਗਮਲਾ ਅਧਾਰਿਤ ਹਾਈਬ੍ਰਿਡ ਹਾਈਡ੍ਰੋਪੋਨਿਕਸ ਸਿਸਟਮ | 4.98 | ਨਵੀਆਂ ਤਕਨਾਲੋਜੀਕਲ ਖੋਜਾਂ ਵਿੱਚ ਅਧਿਆਪਨ ਅਤੇ ਖੋਜ ਸਹੂਲਤ ਵਜੋਂ । |

| ਉਪਕਰਨ | ਕੀਮਤ (ਲੱਖਾਂ ਰੁਪਏ ਵਿੱਚ) | ਵਰਤੋਂ ਯੋਗਤਾ |
|---|---|---|
| ਬੈਂਚ ਵਰਗਾ ਸੋਧਿਆ ਹੋਇਆ ਐਰੋਪੋਨਿਕਸ ਸਿਸਟਮ | 3.50 | ਨਵੀਆਂ ਤਕਨਾਲੋਜੀਕਲ ਖੋਜਾਂ ਵਿੱਚ ਅਧਿਆਪਨ ਅਤੇ ਖੋਜ ਸਹੂਲਤਾਂ ਵਜੋਂ |
| ਐਸ ਕੇ ਡਬਲਯੂ ਪੀ ਸੋਲਰ ਪਾਵਰ ਪੀ ਵੀ ਸਿਸਟਮ | 6.25 | ਹਾਈਡ੍ਰੋਪੋਨਿਕਸ ਅਤੇ ਐਰੋਪੋਨਿਕਸ ਤਕਨਾਲੋਜੀਆਂ ਨੂੰ ਬਿਨਾਂ ਰੁਕਾਵਟ ਬਿਜਲੀ ਸਪਲਾਈ ਲਈ । |

**ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ**

| | | |
|---|---|---|
| ਜੈੱਲ ਡਾਕੂਮੈਂਟੇਸ਼ਨ ਸਿਸਟਮ | 8.40 | ਪ੍ਰੋਟੀਨਜ਼ ਅਤੇ ਡੀ ਐਨ ਏ ਉੱਤੇ ਮੋਲੀਕਿਊਲਰਕ ਕਾਰਜ । |
| ਹਾਈ ਸਪੀਡ ਸੈਂਟ੍ਰੀਫਿਊਗਲ | 6.00 | ਪ੍ਰੋਟੀਨਜ਼ ਅਤੇ ਡੀ ਐਨ ਏ ਸ਼ੁੱਧਤਾ ਲਈ । |
| ਪਾਣੀ ਦੀ ਸ਼ੁੱਧਤਾ ਦਾ ਸਿਸਟਮ | 4.95 | ਬਾਇਓਕੈਮੀਕਲ/ਮੋਲੀਕਿਊਲਰ ਖੋਜ । |
| ਕਲੋਰੋਫਿਲ ਫਲੋਰੋਮੀਟਰ | 4.09 | ਫ਼ਸਲ ਫਿਜ਼ੀਆਲੋਜੀ ਦੀ ਖੋਜ । |
| ਥਰਮੋਸਾਈਕਲਰ | 8.00 | ਪ੍ਰੋਟੀਨਜ਼ ਅਤੇ ਡੀ ਐਨ ਏ ਉੱਤੇ ਮੋਲੀਕਿਊਲਰ ਕਾਰਜ । |
| ਲੈਮੀਨਰ ਏਅਰ ਫਲੋਅ ਹਾਰੀਜ਼ਾਂਟਲ-2 | 2.99 | ਮਾਈਕ੍ਰੋਬਾਇਓਲੋਜੀ ਮਿਆਰੀ ਕਾਰਜ । |
| ਰੈਫ੍ਰੀਜੀਰੇਟਿਡ ਸੈਂਟਰੀਫਿਊਗਲ-ਮਾਈਕ੍ਰੋਪ੍ਰੋਸੈਸਰ ਅਧਾਰਿਤ | 4.00 | ਬਾਇਓਮੋਲੀਕਿਊਲਜ਼ ਦੀ ਨਿਕਾਸੀ ਲਈ । |
| ਯੂ ਵੀ-ਵਿਜ਼-ਸਪੈਕਟ੍ਰੋਫੋਟੋਮੀਟਰ | 3.30 | ਐਨਜ਼ਾਈਮ/ਮਾਈਕ੍ਰੋਬੀਅਲ ਵਿਕਾਸ । |
| ਆਰਬਿਟਲ ਸ਼ੇਕਿੰਗ ਇਨਕੂਬੇਟਰ 275 ਲਿਟਰਜ਼ | 3.45 | ਕਲਚਰ ਵਿਕਾਸ । |
| ਮਾਈਕ੍ਰੋਸਕੋਪਜ਼ ਮੋਨੋਕੁਲਰ-19 | 1.64 | ਬੈਕਟੀਰੀਆ ਦੀ ਪਛਾਣ ਲਈ । |
| ਮਾਈਕ੍ਰੋਸਕੋਪਜ਼ ਬਾਇਨਾਕੂਲਰ-10 | 1.72 | ਮਾਈਕ੍ਰੋਬਿਅਲ ਪਛਾਣ ਲਈ । |
| ਮਾਈਕ੍ਰੋਸਕੋਪ - ਹਨੇਰਾ ਖੇਤਰ ਅਤੇ ਚਾਨਣ ਵਾਲਾ ਖੇਤਰ-2 | 7.63 | ਮਾਈਕ੍ਰੋਬਿਅਲ ਦੀ ਵੇਰਵੇ ਸਹਿਤ ਪਛਾਣ ਲਈ । |
| ਥਰਮਲ ਸਾਈਕਲਰ-ਪੀ ਸੀ ਆਰ | 4.95 | ਮੋਲੀਕਿਊਲਰ ਵਿਸ਼ੇਸ਼ਤਾ ਲਈ |
| ਕੁੱਲ | 61.12 | |

## ਨਵੀਆਂ ਲੈਬਾਰਟਰੀਆਂ, ਸਥਾਪਿਤ ਕੀਤਾ ਅਤੇ ਨਵਿਆਇਆ ਬੁਨਿਆਦੀ ਢਾਂਚਾ

**ਖੇਤੀਬਾੜੀ ਕਾਲਜ**

- ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ ਨੇ ਯੂ ਐਸ ਏਡ ਤਪਸ਼ ਪ੍ਰਤੀਰੋਧਿਕ ਪ੍ਰੋਜੈਕਟ ਲਈ ਲੈਬਾਰਟਰੀ ਦਾ ਬੁਨਿਆਦੀ ਢਾਂਚਾ ਵਿਕਸਤ ਕੀਤਾ ।
- ਕੀਟ ਵਿਗਿਆਨਕ ਖੋਜ ਫਾਰਮ, ਪੀ ਏ ਯੂ ਲੁਧਿਆਣਾ ਵਿਖੇ ਲੈਬਾਰਟਰੀ (ਬਾਇਓ ਕੰਟਰੋਲ) ਵਿੱਚ ਇੱਕ ਬਾਇਓ ਕੰਟਰੋਲ ਮਿਊਜ਼ੀਅਮ ਅਤੇ ਇੱਕ ਸਿਖਲਾਈ ਹਾਲ-ਕਮ-ਮਿਊਜ਼ੀਅਮ ਦੀ ਸਥਾਪਨਾ ਕੀਤੀ ਗਈ ।
- ਫ਼ਲ ਵਿਗਿਆਨ ਵਿਭਾਗ ਲਈ ਕੁਦਰਤੀ ਤੌਰ ਤੇ ਹਵਾਦਾਰ ਗਰੀਨ ਹਾਊਸ ਅਤੇ ਸ਼ੈੱਡ ਸਥਾਪਤ ਕੀਤਾ ਗਿਆ ।

**ਖੇਤੀਬਾੜੀ ਇੰਜ. ਅਤੇ ਤਕਨਾਲੋਜੀ ਕਾਲਜ**

- ਮਿਆਰੀ ਅਧਿਆਪਨ ਲਈ ਮਕੈਨੀਕਲ ਇੰਜ. ਵਿਭਾਗ ਵਿੱਚ ਇੱਕ ਪੀ.ਜੀ. ਲੈਕਚਰ-ਕਮ-ਕਮੇਟੀ ਰੂਮ ਜਿਸ ਵਿੱਚ ਐਲ ਈ ਡੀ ਪ੍ਰੋਜੈਕਟਰ ਸਹੂਲਤ ਉਪਲਬਧ ਹੈ, ਸਥਾਪਤ ਕੀਤਾ ਗਿਆ ।
- ਮਿਆਰੀ ਅਧਿਆਪਨ ਅਤੇ ਖੋਜ ਲਈ ਸੀ ਏ ਡੀ ਲੈਬ ਵਿੱਚ ਉਦਯੋਗਿਕ ਮਿਆਰਾਂ ਦੇ ਬਰਾਬਰ ਸਾਲਿਡ ਵਰਕਜ਼ ਸਾਫ਼ਟਵੇਅਰ ਸਥਾਪਤ ਕੀਤਾ ਗਿਆ ।
- ਕਲਾਸ ਰੂਮ ਵਿੱਚ ਪ੍ਰਭਾਵਸ਼ਾਲੀ ਅਧਿਆਪਨ ਲਈ ਡਰਾਇੰਗ ਹਾਲ ਵਿੱਚ ਆਡੀਓ-ਵਿਜ਼ੂਅਲ ਏਡ ਸਿਸਟਮ ਸਥਾਪਤ ਕੀਤਾ ਗਿਆ ।

**ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ**

ਬਾਇਓਕਮਿਸਟਰੀ ਅਤੇ ਮਾਈਕ੍ਰੋਬਾਇਆਲੋਜੀ ਵਿਭਾਗਾਂ ਵਿੱਚ ਕੰਪਿਊਟਰ ਲੈਬਜ਼ ਅਤੇ ਐਫ ਆਈ ਐਸ ਟੀ ਲੈਬਜ਼ ਸਥਾਪਤ ਕੀਤੀਆਂ ਗਈਆਂ ।

**ਕੰਟਰੋਲਰ ਪ੍ਰੀਖਿਆਵਾਂ**

ਪ੍ਰੀਖਿਆ ਕੇਂਦਰਾਂ ਵਿੱਚ ਨਕਲ ਨੂੰ ਰੋਕਣ ਲਈ ਮੋਬਾਇਲ ਫੋਨ ਅਤੇ ਹੋਰ ਬਿਜਲਈ ਉਪਕਰਨਾਂ ਦੀ ਵਰਤੋਂ ਉੱਤੇ ਚੈੱਕ ਰੱਖਣ ਲਈ ਜੈਮਰਜ਼ ਲਗਾਏ ਗਏ । ਇਮਤਿਹਾਨਾਂ ਦੌਰਾਨ ਨਜ਼ਰ ਰੱਖਣ ਲਈ ਪ੍ਰੀਖਿਆ ਹਾਲ, ਖੇਤੀਬਾੜੀ ਕਾਲਜ ਵਿਖੇ ਸੀ ਸੀ ਟੀ ਵੀ ਕੈਮਰੇ ਲਗਾਏ ਗਏ । ਇਸ ਦੀ ਸਮੁੱਚੀ ਰਿਕਾਰਡਿੰਗ ਕੰਟਰੋਲਰ ਪ੍ਰੀਖਿਆਵਾਂ ਦੇ ਦਫ਼ਤਰ ਵਿੱਚ ਕੀਤੀ ਜਾਂਦੀ ਹੈ ।

# ਐਮ.ਐਸ. ਰੰਧਾਵਾ ਲਾਇਬਰੇਰੀ

ਮਹਿੰਦਰ ਸਿੰਘ ਰੰਧਾਵਾ ਲਾਇਬ੍ਰੇਰੀ ਡਿਜ਼ੀਟਲ ਤਕਨਾਲੋਜੀਆਂ ਰਾਹੀਂ ਰਾਬਤਾ ਕਾਇਮ ਰੱਖ ਕੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੀਆਂ ਅਕਾਦਮਿਕਤਾ ਨਾਲ ਜੁੜੀਆਂ ਲੋੜਾਂ ਨੂੰ ਪੂਰਦੀ ਹੈ । ਯੂਨੀਵਰਸਿਟੀ ਦੇ ਅਧਿਆਪਨ, ਖੋਜ, ਪਸਾਰ ਅਤੇ ਅਧਿਐਨ ਨਾਲ ਸੰਬੰਧਤ ਗਤੀਵਿਧੀਆਂ ਨੂੰ ਸਹਿਯੋਗ ਦੇਣ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ । ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਲਾਇਬ੍ਰੇਰੀ ਨੇ ਬੜੀ ਤਰੱਕੀ ਕੀਤੀ ਅਤੇ ਆਪਣੇ ਕਾਰਜ ਨੂੰ ਕੁਸ਼ਲਤਾ ਨਾਲ ਨਿਭਾਇਆ ।

- ਲਾਇਬ੍ਰੇਰੀ ਵਿੱਚ ਪੀ ਏ ਯੂ ਵਿਦਿਆਰਥੀਆਂ ਅਤੇ ਸਟਾਫ਼ ਸਮੇਤ 2305 ਮੈਂਬਰਾਂ ਨੇ ਆਪਣਾ ਨਾਮ ਦਰਜ ਕਰਵਾਇਆ। ਇਸ ਤੋਂ ਇਲਾਵਾ ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਯੂਨੀਵਰਸਿਟੀ ਵੱਲੋਂ ਆਪਣੇ ਮੈਂਬਰਾਂ ਨੂੰ 12,926 ਕਿਤਾਬਾਂ ਜ਼ਾਰੀ ਕੀਤੀਆਂ ਗਈਆਂ ।
- ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਲਾਇਬ੍ਰੇਰੀ ਨੇ 1680 ਕਿਤਾਬਾਂ, 305 ਥੀਸਿਸ ਅਤੇ 334 ਸੀਡੀ'ਜ਼ ਹਾਸਲ ਕੀਤੀਆਂ । ਮੌਜੂਦਾ ਸਮੇਂ ਲਾਇਬ੍ਰੇਰੀ ਵੱਲੋਂ 91 ਭਾਰਤੀ ਅਤੇ 44 ਵਿਦੇਸ਼ੀ ਜਰਨਲਜ਼, 28 ਆਨ ਲਾਈਨ ਜਰਨਲਜ਼ ਅਤੇ 12 ਆਨ ਲਾਈਨ ਡੈਟਾਬੇਸਿਸ ਜਿਨ੍ਹਾਂ ਵਿੱਚ 51 ਈ-ਪੁਸਤਕਾਂ ਵੀ ਸ਼ਾਮਲ ਹਨ, ਲਈ ਚੰਦਾ ਜਮ੍ਹਾ ਕਰਵਾਇਆ ਜਾ ਰਿਹਾ ਹੈ। ਇਸ ਤਰ੍ਹਾਂ ਲਾਇਬ੍ਰੇਰੀ ਕੋਲ 30.6.2015 ਤੱਕ ਦੀ ਕੁੱਲ ਗਿਣਤੀ 3,94,947 ਹੈ ।
- ਲਾਇਬ੍ਰੇਰੀ ਨੇ ਡਾ. ਐਮ ਐਸ ਰੰਧਾਵਾ ਦੇ ਦੋ ਹੱਥ ਲਿਖਤ ਦਸਤਾਵੇਜ਼ਾਂ ਨੂੰ ਡਿਜ਼ੀਟਾਈਜ਼ਡ ਕੀਤਾ ਅਤੇ ਇਨ੍ਹਾਂ ਨੂੰ ਲਾਇਬ੍ਰੇਰੀ ਵੈੱਬ ਪੰਨੇ ਰਾਹੀਂ ਪੜ੍ਹਨ ਵਾਲਿਆਂ ਤੱਕ ਪਹੁੰਚਾਇਆ ।
- ਲਾਇਬ੍ਰੇਰੀ ਵੱਲੋਂ 12 ਆਨ ਲਾਈਨ ਡੈਟਾਬੇਸਿਸ ਕੋਲ ਚੰਦਾ ਜਮ੍ਹਾਂ ਕਰਵਾਇਆ ਜਾਂਦਾ ਹੈ ਜਿਨ੍ਹਾਂ ਵਿੱਚ ਖੇਤੀਬਾੜੀ ਵਿੱਚ ਈ-ਰਿਸੋਰਸਿਸ ਲਈ ਕੰਸੋਰਟੀਅਮ (ਸੀ ਈ ਆਰ ਏ) ਜੋ ਕਿ ਆਨ ਲਾਈਨ ਜਰਨਲਜ਼ ਤੱਕ ਪਹੁੰਚ ਸਥਾਪਤ ਕਰਦਾ ਹੈ, ਕ੍ਰਿਸ਼ੀ ਪ੍ਰਭਾ (ਆਨ ਲਾਈਨ ਥੀਸਿਸ) ਮਾਈ ਲਾਇਬ੍ਰੇਰੀ (ਈ-ਬੁੱਕਜ਼), ਸੀ ਆਰ ਸੀ ਨੈੱਟ ਬੇਸ (ਈ-ਬੁੱਕਜ਼), ਈ ਬੀ ਐਸ ਸੀ ਓ ਨੈੱਟ ਲਾਇਬ੍ਰੇਰੀ (ਈ-ਬੁੱਕਜ਼), ਭੋਜਨ ਉਤਪਾਦਨਾਂ ਉੱਤੇ ਆਈ ਐਸ ਓ ਸਟੈਂਡਰਡਜ਼ (ਆਨ ਲਾਈਨ ਸਟੈਂਡਰਡਜ਼), ਬਿਜ਼ਨੈੱਸ ਸੋਰਸ ਈਲੀਟ (ਬਿਜ਼ਨੈੱਸ ਮੈਨੇਜਮੈਂਟ ਉੱਤੇ ਬਾਇਓਗ੍ਰਾਫਿਕ ਡੈਟਾਬੇਸ ਅਤੇ ਫੁੱਲ ਟੈਕਸਟ ਜਰਨਲਜ਼), ਕਮੋਡਿਟੀਜ਼ ਡੈਟਾਬੇਸ (ਖੇਤੀ ਜਿਨਸਾਂ ਉੱਤੇ ਅੰਕੜਾਗਤ ਸੂਚਨਾ), ਈ-ਕਿਊਐਸਟ (ਪੀ ਏ ਯੂ ਪੀ ਐਚ ਡੀ ਥੀਸਿਸਾਂ ਦੇ ਆਨਲਾਈਨ ਡੈਟਾਬੇਸ), ਸੀ ਏ ਬੀ ਐਬਸਟ੍ਰੈਕਟਜ਼, ਫੂਡ ਸਾਇੰਸ ਅਤੇ ਤਕਨਾਲੋਜੀ ਐਬਸਟ੍ਰੈਕਟਜ਼ ਅਤੇ ਇੰਡੀਆ ਸਟੇਟ ਡਾਟ ਕਾਮ (ਅੰਕੜਾਗਤ ਸੂਚਨਾ) ਸ਼ਾਮਲ ਹਨ ।
- ਲਾਇਬ੍ਰੇਰੀ ਵੈੱਬ ਪੇਜ਼, ਸਰੋਤਾਂ, ਨਿਯਮਾਂ ਅਤੇ ਵਨਿਯਮਾਂ, ਸੇਵਾਵਾਂ, ਈ-ਸਰੋਤਾਂ, ਪ੍ਰਿੰਟ ਜਰਨਲਜ਼ ਦੀ ਸੂਚੀ, ਸਰਕੂਲਰਾਂ ਅਤੇ ਲਾਇਬ੍ਰੇਰੀ ਦੇ ਨਵੇਂ ਐਡੀਸ਼ਨਾਂ ਸੰਬੰਧੀ ਪੂਰੀ ਜਾਣਕਾਰੀ ਮੁਹੱਈਆ ਕਰਦਾ ਹੈ ਅਤੇ ਇਸ ਨੂੰ ਹਰ ਮਹੀਨੇ ਨਵਿਆਇਆ ਜਾਂਦਾ ਹੈ । ਲਾਇਬ੍ਰੇਰੀ ਵੈੱਬ ਪੇਜ ਵੱਲੋਂ ਇੰਡੀਅਨ ਸਟੇਟ ਡਾਟ ਕਾਮ ਨੂੰ ਛੱਡ ਕੇ ਸਾਰੇ ਈ-ਸਰੋਤਾਂ ਬਾਰੇ ਜਾਣਕਾਰੀ ਮੁਹੱਈਆ ਕੀਤੀ ਜਾਂਦੀ ਹੈ।

## ਲਾਇਬਰੇਰੀ ਯੂਸੇਜ਼ (ਉਪਯੋਗਤਾ)

- ਕਿਤਾਬਾਂ 16,68,882: ਥੀਸਿਸ-3,85,393 ਸਮਾਂਬੱਧ ਬਾਊਂਡ 2,68,034; ਮੌਜੂਦਾ ਸਮਾਂਬੱਧ-1,66,155; ਹਵਾਲਾ ਪੁਸਤਕਾਂ 1,28,808; ਟੈਕਸਟ ਕਿਤਾਬਾਂ 9,7649; ਐਬਸਟ੍ਰੈਕਟਜ਼ ਅਤੇ ਇੰਡੈਕਸਿਸ-6,7456; ਅਖਬਾਰਾਂ-1,6187; ਕਿਤਾਬਾਂ 531

# ਪ੍ਰਭਾਵ

## ਖੋਜ ਅਤੇ ਪਸਾਰ

- ਯੂਨੀਵਰਸਿਟੀ ਨੇ ਝੋਨੇ ਦੀ ਸਿੱਧੀ ਬਿਜਾਈ (ਡੀ ਐਸ ਆਰ) ਲਈ ਤਕਨਾਲੋਜੀ ਦੀ ਸਾਲ 2010 ਵਿੱਚ ਸਿਫ਼ਾਰਸ਼ ਕੀਤੀ ਸੀ । ਜਿਸ ਦੇ ਨਤੀਜੇ ਵਜੋਂ ਪਾਣੀ ਦੀ 10-15 ਪ੍ਰਤੀਸ਼ਤ ਬੱਚਤ ਹੋਈ । ਝੋਨੇ ਦੀ ਸਿੱਧੀ ਬਿਜਾਈ ਹੇਠ ਰਕਬਾ ਜੋ ਕਿ ਸਾਲ 2014 ਵਿੱਚ 1.15 ਲੱਖ ਹੈਕਟੇਅਰ ਸੀ, ਸਾਲ 2015 ਵਿੱਚ ਵਧ ਕੇ 1.60 ਲੱਖ ਹੈਕਟੇਅਰ ਹੋ ਗਿਆ ।
- ਪੀ ਏ ਯੂ ਵੱਲੋਂ ਸਾਲ 2013-15 ਦੌਰਾਨ ਝੋਨੇ ਦੀਆਂ ਵੱਧ ਝਾੜ ਦੇਣ ਵਾਲੀਆਂ ਅਤੇ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਜਿਵੇਂ ਕਿ ਪੀ ਆਰ 121, ਪੀ ਆਰ 122 ਅਤੇ ਪੀ ਆਰ 124 ਵਿਕਸਤ ਕੀਤੀਆਂ ਗਈਆਂ । ਇਨ੍ਹਾਂ ਵਿੱਚੋਂ ਪੀ ਆਰ 121 ਕਿਸਮ ਸਭ ਤੋਂ ਵੱਧ ਪਸੰਦੀਦਾ ਕਿਸਮ ਵਜੋਂ ਉਭਰ ਰਹੀ ਹੈ ਅਤੇ ਇਸ ਕਿਸਮ ਅਧੀਨ ਰਕਬਾ ਜੋ ਕਿ ਸਾਲ 2014 ਵਿੱਚ 9 ਪ੍ਰਤੀਸ਼ਤ ਸੀ, ਸਾਲ 2015 ਵਿੱਚ ਵੱਧ ਕੇ 15 ਪ੍ਰਤੀਸ਼ਤ ਹੋ ਗਿਆ । ਇਸੇ ਤਰ੍ਹਾਂ ਪੀ ਆਰ 124 ਕਿਸਮ ਜੋ ਕਿ ਘੱਟ ਸਮਾਂ ਲੈਂਦੀ ਹੈ ਅਤੇ ਵੱਧ ਝਾੜ ਦਿੰਦੀ ਹੈ, ਅਧੀਨ ਵੀ ਰਕਬਾ ਵੱਧ ਰਿਹਾ ਹੈ ।
- ਕਮਾਦ ਵਿੱਚ ਵੀ ਪੀ ਏ ਯੂ ਨੇ ਵੱਧ ਝਾੜ ਦੇਣ ਵਾਲੀ ਕਿਸਮ ਸੀ ਓ ਪੀ ਬੀ 91 ਵਿਕਸਤ ਕੀਤੀ ਜਿਸ ਨੂੰ ਸਾਲ 2014 ਦੌਰਾਨ ਜ਼ਾਰੀ ਕੀਤਾ ਗਿਆ । ਰਾਜ ਭਰ ਦੇ ਕਿਸਾਨਾਂ ਅਤੇ ਖੰਡ ਮਿੱਲ ਮਾਲਕਾਂ ਨੇ ਇਸ ਕਿਸਮ ਬਾਰੇ ਵਧੀਆ ਫੀਡ ਬੈਕ ਦਿੱਤੀ ।
- ਕਣਕ ਦੀ ਪੀ ਬੀ ਡਬਲਯੂ 660 ਕਿਸਮ ਧਾਰੀਦਾਰ ਕੁੰਗੀ ਅਤੇ ਪੱਤੇ ਦੀ ਕੁੰਗੀ ਦੇ ਰੋਗ ਪ੍ਰਤੀ ਘੱਟ ਸੰਵੇਦਨਸ਼ੀਲ ਹੋਣ ਕਰਕੇ ਇਹ ਕਿਸਮ ਇਨ੍ਹਾਂ ਰੋਗਾਂ ਨਾਲ ਹੋਣ ਵਾਲੇ ਨੁਕਸਾਨ ਨੂੰ ਘਟਾਏਗੀ ਕਿਉਂਕਿ ਸੋਕੇ ਵਾਲੇ ਇਲਾਕਿਆਂ ਵਿੱਚ ਇਨ੍ਹਾਂ ਰੋਗਾਂ ਦਾ ਜ਼ਿਆਦਾ ਜ਼ੋਰ ਰਹਿੰਦਾ ਹੈ । ਇਸ ਤੋਂ ਇਲਾਵਾ ਇਸ ਕਿਸਮ ਦੀ ਰੋਟੀ ਬਹੁਤ ਵਧੀਆ ਬਣਦੀ ਹੈ ।
- ਲੋਕਾਂ ਵਿੱਚ ਸਿਹਤ ਪ੍ਰਤੀ ਜਾਗਰੂਕਤਾ ਨੂੰ ਦੇਖਦੇ ਹੋਏ ਗੋਭੀ ਸਰ੍ਹੋਂ ਦੀ ਕਿਸਮ ਜੀ ਐਸ ਸੀ 7 ਅਧੀਨ ਰਕਬਾ ਵਧਣ ਦੀ ਉਮੀਦ ਹੈ ਕਿਉਂਕਿ ਇਸ ਕਿਸਮ ਦਾ ਝਾੜ ਵੱਧ ਹੈ ਅਤੇ ਤੇਲ ਦੀ ਗੁਣਵਤਾ ਉੱਤਮ ('00') ਹੈ । ਜੀ ਐਸ ਸੀ 7 ਕਿਸਮ ਖੇਤੀ ਵੰਨ ਸੁਵੰਨਤਾ ਨੂੰ ਹੁਲਾਰਾ ਦੇਣ ਵਿੱਚ ਵੀ ਮਦਦ ਕਰੇਗੀ। ਪੀ ਏ ਯੂ ਨੇ ਇਸ ਕਿਸਮ ਦੇ ਬੀਜ ਦੀ ਸਪਲਾਈ ਛੋਟੀਆਂ ਪੈਕਿੰਗਾਂ ਵਿੱਚ ਬਹੁਤ ਹੀ ਘੱਟ ਕੀਮਤ ਤੇ ਕੀਤੀ ਹੈ ਤਾਂ ਜੋ ਇਸ ਦੀ ਕਾਸ਼ਤ ਨੂੰ ਉਤਸ਼ਾਹਿਤ ਕੀਤਾ ਜਾ ਸਕੇ ।
- ਸਾਲ 2014-15 ਦੌਰਾਨ ਸਬਜ਼ੀਆਂ ਦੀਆਂ ਫ਼ਸਲਾਂ ਦੀਆਂ ਨਵੀਆਂ ਵੱਧ ਝਾੜ ਦੇਣ ਵਾਲੀਆਂ ਅਤੇ ਬਿਮਾਰੀਆਂ ਪ੍ਰਤੀਰੋਧਿਕਤਾ ਰੱਖਣ ਵਾਲੀਆਂ ਕਿਸਮਾਂ/ਹਾਈਬ੍ਰਿਡਜ਼ ਜਿਵੇਂ ਕਿ ਮਿਰਚਾਂ ਦੀ ਹਾਈਬ੍ਰਿਡ ਸੀ ਐਚ-27, ਟਮਾਟਰਾਂ ਦੀ ਕਿਸਮ ਪੰਜਾਬ ਵਰਖਾ ਬਹਾਰ-4 ਅਤੇ ਖਰਬੂਜ਼ੇ ਦੀ ਹਾਈਬ੍ਰਿਡ ਐਮ ਐਚ-27 ਵਿਕਸਿਤ ਅਤੇ ਜ਼ਾਰੀ ਕਰਨ ਨਾਲ ਸਬਜ਼ੀਆਂ ਦੀ ਕਾਸ਼ਤ ਅਧੀਨ ਰਕਬਾ ਵਧੇਗਾ ਅਤੇ ਹਾਈਬ੍ਰਿਡਜ਼ ਲੈਣ ਲਈ ਕਿਸਾਨਾਂ ਦੀ ਨਿੱਜੀ ਖੇਤਰ ਉੱਤੇ ਨਿਰਭਰਤਾ ਘਟਾਏਗਾ।
- ਨਿੰਬੂ ਜਾਤੀ ਦੀ ਜਲਦੀ ਪੱਕਣ ਵਾਲੀ ਕਿਸਮ ਡੇਜ਼ੀ-ਟੈਂਜ਼ੀਰਾਈਨ ਦੇ ਜ਼ਾਰੀ ਹੋਣ ਨਾਲ ਕਿੰਨੋ ਦੀ ਮੋਨੋਕਲਚਰ ਦੀ ਸਮੱਸਿਆ ਉਤੇ ਕਾਬੂ ਪਾਉਣ ਵਿੱਚ ਮਦਦ ਮਿਲੇਗੀ । ਇਸ ਕਿਸਮ ਦਾ ਫ਼ਲ ਮੰਡੀ ਵਿੱਚ ਨਵੰਬਰ ਤੋਂ ਆਉਣਾ ਸ਼ੁਰੂ ਹੋ ਜਾਵੇਗਾ ਜਦੋਂ ਕਿ ਕਿੰਨੋ ਦੀ ਮੰਡੀ ਵਿੱਚ ਆਮਦ 15 ਦਸੰਬਰ ਤੋਂ ਬਾਅਦ ਸ਼ੁਰੂ ਹੁੰਦੀ ਹੈ । ਕਿਸਾਨਾਂ ਨੂੰ ਇਸ ਦਾ ਫ਼ਲ ਲੰਬੇ ਸਮੇਂ ਲਈ ਅਤੇ ਮੁੱਲ ਵਧੀਆ ਮਿਲਣ ਕਰਕੇ ਵਧੇਰੇ ਲਾਭ ਹੋਵੇਗਾ ।
- ਕਿੰਨੋ ਦੇ ਬੀਜਾਂ ਨਾਲ ਉਸ ਦੇ ਜੂਸ ਵਿੱਚ ਕੁੜੱਤਣ ਆ ਜਾਂਦੀ ਹੈ ਜਿਸ ਕਰਕੇ ਘੱਟ ਬੀਜਾਂ ਵਾਲੀਆਂ ਦੋ ਕਿਸਮਾਂ ਦੇ ਜ਼ਾਰੀ ਹੋਣ ਨਾਲ ਜਿੱਥੇ ਫ਼ਲ ਦੇ ਪ੍ਰੋਸੈਸਿੰਗ ਮਿਆਰ ਵਿੱਚ ਵਾਧਾ ਹੋਵੇਗਾ ਉਥੇ ਇਸ ਦੀ ਨਿਰਯਾਤ ਸਮਰਥਾ ਵਿੱਚ ਵੀ ਵਾਧਾ ਹੋਵੇਗਾ ।
- ਸਰੋਤਾਂ ਦੇ ਰੱਖ-ਰਖਾਅ ਲਈ ਬਦਲਵੇਂ ਫ਼ਸਲੀ ਚੱਕਰ ਜਿਵੇਂ ਕਿ ਮੱਕੀ/ਗਰਮ ਰੁੱਤ ਦੀ ਮੂੰਗਫ਼ਲੀ-ਸਾਉਣੀ ਦਾ ਪਿਆਜ਼-ਪਿਆਜ਼ ਨਾਲ ਖੇਤੀ ਵੰਨ-ਸੁਵੰਨਤਾ ਵਿੱਚ ਮਦਦ ਮਿਲੇਗੀ ।
- ਕਣਕ ਦੀਆਂ ਸਿਫ਼ਾਰਸ਼ ਕੀਤੀਆਂ ਕਿਸਮਾਂ ਅਧੀਨ ਰਕਬਾ ਜੋ ਕਿ ਸਾਲ 2013-14 ਦੌਰਾਨ 83 ਪ੍ਰਤੀਸ਼ਤ ਸੀ, ਸਾਲ 2014-15 ਵਿੱਚ ਵਧ ਕੇ 92 ਪ੍ਰਤੀਸ਼ਤ ਹੋ ਗਿਆ ।
- ਵੱਖੋ ਵੱਖ ਫ਼ਸਲਾਂ ਲਈ ਸਿੰਚਾਈ ਅਤੇ ਨਾਈਟ੍ਰੋਜਨ ਖਾਦ ਦੀ ਉਚਿਤ ਵਰਤੋਂ ਕਰਨ ਹਿਤ ਕਿਸਾਨਾਂ ਦੀ ਅਗਵਾਈ ਕਰਨ ਲਈ 2673 ਟੈਂਸੀਓਮੀਟਰ ਅਤੇ 918 ਪੱਤਾ ਰੰਗ ਚਾਰਟ ਵੇਚੇ/ਮੁਹੱਈਆ ਕੀਤੇ ਗਏ । ਝੋਨੇ ਵਿੱਚ ਟੈਂਸੀਓਮੀਟਰ ਦੀ ਵਰਤੋਂ ਨਾਲ ਝਾੜ ਦਾ ਕੋਈ ਨੁਕਸਾਨ ਹੋਏ ਬਿਨਾਂ 5-6 ਪ੍ਰਤੀਸ਼ਤ ਸਿੰਚਾਈ ਯੁਕਤ ਪਾਣੀ ਦੀ ਬੱਚਤ ਹੋਈ । ਇਸੇ ਤਰ੍ਹਾਂ ਪੱਤਾ ਰੰਗ ਚਾਰਟ ਦੀ ਝੋਨੇ ਵਿੱਚ ਵਰਤੋਂ ਕਰਨ ਨਾਲ ਨਾਈਟ੍ਰੋਜਨ ਦੀ 10 ਤੋਂ 15 ਪ੍ਰਤੀਸ਼ਤ ਬੱਚਤ ਹੋਈ ।
- ਝੋਨੇ ਦੀ ਪਰਾਲੀ ਦੀ ਸਾਂਭ ਸੰਭਾਲ ਲਈ ਰਾਜ ਭਰ ਵਿੱਚ ਬੇਲਰ ਦੀ ਵਰਤੋਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ । ਇਨ੍ਹਾਂ ਬੇਲਾਂ ਨੂੰ ਕਿਸਾਨਾਂ ਵੱਲੋਂ ਚਾਰੇ ਵਜੋਂ ਵਰਤਿਆ ਜਾ ਰਿਹਾ ਹੈ ਅਤੇ ਮੋਗਾ ਅਤੇ ਖੋਖਰ ਖੁਰਦ (ਮਾਨਸਾ) ਦੇ ਪਾਵਰ ਪਲਾਂਟ ਵਿਖੇ 120 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਵੇਚਿਆ ਜਾ ਰਿਹਾ ਹੈ । ਉਹ ਖੇਤਰ ਜਿੱਥੇ ਕਿ ਝੋਨੇ ਦੀ ਪਰਾਲੀ ਤੋਂ

ਬੇਲਜ਼ ਬਣਾਏ ਜਾਂਦੇ ਹਨ, ਸਾਲ 2011-12 ਵਿੱਚ 25 ਏਕੜ ਸੀ ਜੋ ਕਿ ਸਾਲ 2014 ਵਿੱਚ ਵਧ ਕੇ 5000 ਏਕੜ ਹੋ ਗਿਆ ਹੈ ।

- ਝੋਨੇ ਦੀ ਮੈਟ (ਗਲੀਚੇ) ਵਰਗੀ ਨਰਸਰੀ ਤਿਆਰ ਕਰਨ ਦੀ ਸਿਖਲਾਈ ਹਾਸਲ ਕਰਨ ਉਪਰੰਤ 230 ਕਿਸਾਨਾਂ ਨੇ ਇਸ ਨੂੰ ਅਪਣਾਇਆ ਅਤੇ ਰਾਜ ਵਿੱਚ 10,000 ਏਕੜ ਰਕਬੇ ਵਿੱਚ ਮੈਟ ਨਰਸਰੀ ਬੀਜੀ ਗਈ । ਕੁਝ ਕਿਸਾਨਾਂ ਨੇ ਝੋਨੇ ਦੀ ਮਕੈਨੀਕਲ ਬਿਜਾਈ ਕਰਨ ਲਈ ਕਿਰਾਏ ਦੀ ਮਸ਼ੀਨਰੀ ਲੈਣੀ ਸ਼ੁਰੂ ਕਰ ਦਿੱਤੀ ਹੈ ਜਿੱਥੇ ਕਿ ਕਿਸਾਨਾਂ ਨੂੰ ਮੈਟ ਨਰਸਰੀ ਵੀ ਸਪਲਾਈ ਕੀਤੀ ਜਾਂਦੀ ਹੈ । ਇਸੇ ਤਰ੍ਹਾਂ ਰਾਜ ਵਿੱਚ ਕਣਕ ਦੀ ਬਿਜਾਈ ਲਈ 640 ਹੈਪੀ ਸੀਡਰਾਂ ਦੀ ਵਰਤੋਂ ਕੀਤੀ ਜਾ ਰਹੀ ਹੈ । ਕੰਬਾਈਨ ਨਾਲ ਕਟਾਈ ਕੀਤੇ ਝੋਨੇ ਦੇ ਖੇਤਾਂ ਵਿੱਚ ਹੈਪੀ ਸੀਡਰ ਦੀ ਵਰਤੋਂ ਬਹੁਤ ਸਾਰੇ ਕਿਸਾਨ ਕਰ ਰਹੇ ਹਨ, ਜਿਸ ਸਦਕਾ ਜਿੱਥੇ ਵਾਤਾਵਰਨ ਪ੍ਰਦੂਸ਼ਨ ਘੱਟ ਰਿਹਾ ਹੈ ਉਥੇ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਨਾਲ ਜੋ ਮਾਈਕਰੋ ਅਤੇ ਮੈਕਰੋ (ਲਘੂ) ਪੌਸ਼ਟਿਕ ਤੱਤਾਂ ਦਾ ਨੁਕਸਾਨ ਹੋ ਜਾਂਦਾ ਸੀ, ਉਹ ਵੀ ਘੱਟ ਰਿਹਾ ਹੈ ।
- ਲੇਜ਼ਰ ਭੂਮੀ ਕਰਾਹਾ ਪਾਣੀ ਦੀ ਬੱਚਤ ਕਰਨ ਵਾਲੀ ਤਕਨਾਲੋਜੀ ਸਿੱਧ ਹੋਈ ਅਤੇ ਇਸ ਸਮੇਂ ਰਾਜ ਵਿੱਚ 7200 ਲੇਜ਼ਰ ਭੂਮੀ ਕਰਾਹੇ ਕਾਰਜ ਕਰ ਰਹੇ ਹਨ । ਪੱਧਰ ਕੀਤੇ ਰਕਬੇ ਵਿੱਚ ਨਿਰੰਤਰ ਵਾਧਾ (36.5 ਲੱਖ ਏਕੜ) ਹੋ ਰਿਹਾ ਹੈ । ਲੇਜ਼ਰ ਨਾਲ ਪੱਧਰ ਕੀਤੇ ਖੇਤਾਂ ਨਾਲ 15 ਪ੍ਰਤੀਸ਼ਤ ਪਾਣੀ ਦੀ ਬੱਚਤ ਹੋਈ ।

## ਸਿੱਖਿਆ

ਅੰਤਰ-ਰਾਸ਼ਟਰੀ ਪੱਧਰ ਤੇ ਪੀ ਏ ਯੂ ਦੀ ਮਾਨਤਾ ਵਧਾਉਣ ਵਿੱਚ ਨਿਮਨਲਿਖਤਾਂ ਨੇ ਵਧੇਰੇ ਯੋਗਦਾਨ ਪਾਇਆ ।

- ਯੂਨੀਵਰਸਿਟੀ ਦੇ 4 ਪੀ ਐਚ ਡੀ ਸਕਾਲਰਾਂ ਨੂੰ ਮਾਨਸੈਂਟੋ ਬੀਚਲ ਬਾਰਲਾਗ ਅੰਤਰਰਾਸ਼ਟਰੀ ਸਕਾਲਰਸ਼ਿਪ ਐਵਾਰਡ ਹਾਸਲ ਹੋਇਆ ।
- ਅਫ਼ਗਾਨਿਸਤਾਨ, ਸੋਮਾਲੀਆ, ਮਾਲਦੀਵਿਜ਼, ਲਾਇਬੇਰੀਆ, ਨਾਈਜੀਰੀਆ, ਈਥੀਓਪੀਆ, ਤਨਜ਼ਾਨੀਆ, ਨੇਪਾਲ, ਮਿਸਰ, ਰਵਾਂਡਾ ਅਤੇ ਕੀਨੀਆ ਤੋਂ 6 ਯੂ ਜੀ ਅਤੇ 17 ਪੀ ਜੀ ਵਿਦਿਆਰਥੀਆਂ ਨੇ ਯੂਨੀਵਰਸਿਟੀ ਦੇ ਵੱਖੋ-ਵੱਖ ਅਕਾਦਮਿਕ ਪ੍ਰੋਗਰਾਮਾਂ ਵਿੱਚ ਦਾਖਲਾ ਲਿਆ ।
- ਪੰਜ ਸੁਪ੍ਰਸਿੱਧ ਅੰਤਰਰਾਸ਼ਟਰੀ ਵਿਗਿਆਨੀਆਂ ਨੂੰ ਪੀ ਐਚ ਡੀ ਵਿਦਿਆਰਥੀਆਂ ਦੀ ਐਡਵਾਇਜ਼ਰੀ ਕਮੇਟੀ ਵਿੱਚ ਸ਼ਾਮਲ ਕੀਤਾ ਗਿਆ ਤਾਂ ਜੋ ਪੀ ਐਚ ਡੀ ਦੀ ਖੋਜ ਦੇ ਮਿਆਰ ਨੂੰ ਵਧਾਇਆ ਜਾ ਸਕੇ ।
- ਬੀ ਟੈੱਕ ਫੂਡ ਤਕਨਾਲੋਜੀ (ਆਨਰਜ਼) ਪ੍ਰੋਗਰਾਮ ਦੇ ਦੋ ਵਿਦਿਆਰਥੀਆਂ ਨੇ ਐਮ ਓ ਯੂ ਅਧੀਨ ਕੈਨਸਸ ਸਟੇਟ ਯੂਨੀਵਰਸਿਟੀ, ਯੂ ਐਸ ਏ ਤੋਂ ਬੇਕਰੀ ਸਾਇੰਸ ਐਂਡ ਮੈਨੇਜਮੈਂਟ ਪ੍ਰੋਗਰਾਮ ਦੀ ਦੋਹਰੀ ਡਿਗਰੀ (2+2 ਸਾਲ) ਸਫ਼ਲਤਾ ਪੂਰਵਕ ਸੰਪੰਨ ਕੀਤੀ । ਇੱਕ ਵਿਦਿਆਰਥੀ ਨੂੰ ਕੇ ਐਸ. ਯੂ. ਦੇ ਗਰੇਨ ਸਾਇੰਸ ਅਤੇ ਇੰਡਸਟਰੀ ਵਿਭਾਗ ਵਿੱਚ ਸਮਰ ਇੰਟਰਨਸ਼ਿਪ ਕਰਨ ਦੀ ਪੇਸ਼ਕਸ਼ ਹਾਸਲ ਹੋਈ ਅਤੇ ਦੂਜੇ ਵਿਦਿਆਰਥੀ ਨੂੰ ਫੂਡ ਤਕਨਾਲੋਜੀ, ਬੇਕਰੀ ਸਾਇੰਸ ਅਤੇ ਮੈਨੇਜਮੈਂਟ ਵਿੱਚ ਦੋਹਰੇ ਡਿਗਰੀ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਚੁਣਿਆ ਗਿਆ ।
- ਸਿੱਖਿਆ ਦੇ ਪੱਧਰ ਨੂੰ ਸੁਧਾਰਨ ਅਤੇ ਖੇਤੀਬਾੜੀ ਵਿੱਚ ਉੱਤਮ ਕਿਸਮ ਦੇ ਮਾਨਵ ਸਰੋਤ ਪੈਦਾ ਕਰਨ ਹਿਤ ਪੀ ਏ ਯੂ ਨੇ ਰਾਸ਼ਟਰੀ ਪੱਧਰ ਤੇ ਵੀ ਐਵਾਰਡ/ਫੈਲੋਸ਼ਿਪ ਹਾਸਲ ਕਰਕੇ ਅਹਿਮ ਸਥਾਨ ਹਾਸਲ ਕੀਤਾ, ਜਿਨ੍ਹਾਂ ਦਾ ਵੇਰਵਾ ਨਿਮਨਲਿਖਤ ਅਨੁਸਾਰ ਹੈ :
- ਮਿਜ਼ ਜਾਗ੍ਰਿਤੀ ਗੁਪਤਾ ਨੂੰ ਫਲੋਰੀਕਲਚਰ ਅਤੇ ਲੈਂਡਸਕੇਪਿੰਗ ਵਿਸ਼ੇ ਵਿੱਚ ਡਾਕਟਰੀ ਪੱਧਰ ਦੀ ਖੋਜ ਕਰਨ ਲਈ ਪ੍ਰਧਾਨ ਮੰਤਰੀ ਫੈਲੋਸ਼ਿਪ (6 ਲੱਖ ਰੁਪਏ/ਸਲਾਨਾ) ਹਾਸਲ ਹੋਈ ।
- ਪੀ ਏ ਯੂ ਦੇ 19 ਵਿਦਿਆਰਥੀਆਂ ਨੇ ਯੂ ਜੀ ਸੀ/ਆਈ ਸੀ ਏ ਆਰ/ਸੀ ਐਸ ਆਈ ਆਰ-ਨੈੱਟ/ਏ ਆਰ ਐਸ-ਨੈੱਟ ਪ੍ਰੀਖਿਆ ਪਾਸ ਕੀਤੀ ।
- ਪੰਜ ਪੀ ਜੀ ਵਿਦਿਆਰਥੀਆਂ ਦੇ ਖੋਜ ਕਾਰਜ ਨੂੰ ਆਈ ਪੀ ਸੁਰੱਖਿਆ ਹਾਸਲ ਕਰਨ ਲਈ ਪੇਟੈਂਟ ਕਰਵਾਉਣ ਵਾਸਤੇ ਅਰਜ਼ੀਆਂ ਭਰੀਆਂ ਗਈਆਂ ਜਦੋਂ ਕਿ ਪੀ ਜੀ ਖੋਜ ਅਧਾਰਤ ਤਿੰਨ ਤਕਨਾਲੋਜੀਆਂ ਦਾ ਵਪਾਰੀਕਰਨ ਕੀਤਾ ਗਿਆ ।
- ਯੂਨੀਵਰਸਿਟੀ ਦੇ ਗਾਈਡਿੰਗ ਅਤੇ ਪਲੇਸਮੈਂਟ ਸੈੱਲ ਵੱਲੋਂ ਵੱਖ ਵੱਖ ਜਨਤਕ ਅਤੇ ਨਿੱਜੀ ਅਦਾਰਿਆਂ ਵਿੱਚ ਪੀ ਏ ਯੂ ਦੇ 124 ਵਿਦਿਆਰਥੀਆਂ ਦੀ ਕੈਂਪਸ ਪਲੇਸਮੈਂਟ ਕਰਵਾਈ ਗਈ ।

## ਸਿਖਲਾਈਆਂ

- ਸਿਖਲਾਈਆਂ ਹਾਸਲ ਕਰਨ ਉਪਰੰਤ ਨਵੀਆਂ ਤਕਨਾਲੋਜੀਆਂ ਅਤੇ ਸਹਾਇਕ ਧੰਦਿਆਂ ਨੂੰ ਅਪਨਾਉਣ ਦੀ ਦਰ ਵਿੱਚ ਵਾਧਾ 15 ਪ੍ਰਤੀਸ਼ਤ ਤੋਂ 55 ਪ੍ਰਤੀਸ਼ਤ ਹੋ ਗਿਆ ਹੈ ਜਿਵੇਂ ਕਿ ਹੈਪੀ ਸੀਡਰ ਨੂੰ ਅਪਨਾਉਣ ਦੀ ਦਰ 15 ਪ੍ਰਤੀਸ਼ਤ, ਖੁੰਭਾਂ ਦੀ ਕਾਸ਼ਤ ਦੀ ਦਰ 20 ਪ੍ਰਤੀਸ਼ਤ, ਮਧੂ ਮੱਖੀ ਪਾਲਣ ਵਿੱਚ 15 ਪ੍ਰਤੀਸ਼ਤ, ਸਜਾਵਟੀ ਵਸਤਾਂ ਤਿਆਰ ਕਰਨ ਵਿੱਚ 45 ਪ੍ਰਤੀਸ਼ਤ ਅਤੇ ਕੱਪੜੇ ਦੀ ਪੇਂਟਿੰਗ ਵਿੱਚ 40 ਪ੍ਰਤੀਸ਼ਤ ਹੈ ।
- ਪੀ ਏ ਯੂ ਤੋਂ ਸਿਖਲਾਈਆਂ ਹਾਸਲ ਕਰਨ ਉਪਰੰਤ ਕਿਸਾਨਾਂ ਨੇ ਵੱਖੋ-ਵੱਖ ਉੱਦਮਾਂ ਨੂੰ ਅਰੰਭ ਕੀਤਾ ਹੈ, ਜਿਸ ਨਾਲ ਜਿੱਥੇ ਉਨ੍ਹਾਂ ਦੀ ਆਮਦਨ ਵਿੱਚ ਵਾਧਾ ਹੋਇਆ ਹੈ ਉਥੇ ਪੇਂਡੂ ਇਲਾਕਿਆਂ ਵਿੱਚ ਰੁਜ਼ਗਾਰ ਦੇ ਮੌਕੇ ਵੀ ਵਧੇ ਹਨ । ਮਧੂ ਮੱਖੀ ਪਾਲਕ ਔਸਤਨ 30,000/- ਰੁਪਏ ਪ੍ਰਤੀ ਕਲੋਨੀ ਪ੍ਰਤੀ ਸਾਲ ਕਮਾ ਰਹੇ ਹਨ । ਖੁੰਭ ਉਤਪਾਦਕ ਨਵੇਂ ਯੂਨਿਟਾਂ ਤੋਂ 1.2 ਲੱਖ ਰੁਪਏ ਤੋਂ 1.5 ਲੱਖ ਰੁਪਏ ਅਤੇ ਪੁਰਾਣੇ ਯੂਨਿਟਾਂ ਤੋਂ 3.0 ਰੁਪਏ ਪ੍ਰਤੀ ਸਾਲ ਕਮਾ ਰਹੇ ਹਨ । ਇਸੇ ਤਰ੍ਹਾਂ ਡੇਅਰੀ ਫਾਰਮਿੰਗ ਵਿੱਚ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਹੋਇਆ ਹੈ । ਬੱਕਰੀ ਅਤੇ ਸੂਰ ਪਾਲਣ ਤੋਂ ਵੀ ਕਿਸਾਨ ਚੰਗੀ ਆਮਦਨ ਹਾਸਲ ਕਰ ਰਹੇ ਹਨ ਅਤੇ ਮਾਨਸਾ ਜ਼ਿਲ੍ਹੇ

ਵਿੱਚ ਬੱਕਰੀ ਫਾਰਮਿੰਗ ਦੇ ਕੁਝ ਨਵੇਂ ਯੂਨਿਟ ਵੀ ਸਥਾਪਤ ਹੋਏ ਹਨ ।

- ਸੁਰੱਖਿਅਤ ਕਾਸ਼ਤਕਾਰੀ ਅਧੀਨ ਸਬਜ਼ੀਆਂ ਦੇ ਉਤਪਾਦਨ ਕਰਨ ਲਈ ਨੈੱਟ/ਪੋਲੀ ਹਾਊਸਿਸ ਦੀ ਗਿਣਤੀ 1120 ਹੋ ਚੁੱਕੀ ਹੈ । ਸਬਜ਼ੀ ਉਤਪਾਦਕ ਬੇ-ਮੌਸਮ ਦੌਰਾਨ 4000 ਵਰਗ ਮੀਟਰ ਰਕਬੇ ਵਿੱਚ ਸ਼ਿਮਲਾ ਮਿਰਚ, ਖੀਰਾ ਅਤੇ ਟਮਾਟਰ ਪੈਦਾ ਕਰਕੇ ਔਸਤਨ 1.5 ਲੱਖ ਰੁਪਏ ਕਮਾ ਰਹੇ ਹਨ ।
- ਹਲਦੀ ਦੀ ਪ੍ਰੋਸੈਸਿੰਗ ਬਾਰੇ ਸਿਖਲਾਈ ਹਾਸਲ ਕਰਨ ਵਾਲੇ ਸਿਖਿਆਰਥੀ ਮੱਧਮ ਦਰਜੇ ਦੇ ਹਲਦੀ ਪਾਊਡਰ ਦੀ ਪ੍ਰੋਸੈਸਿੰਗ ਰਾਹੀਂ 4000/- ਰੁਪਏ ਪ੍ਰਤੀ ਮਹੀਨਾ ਹਾਸਲ ਕਰ ਰਹੇ ਹਨ। ਐਲੋਵੇਰਾ, ਫ਼ਲ ਅਤੇ ਸੋਇਆ ਆਦਿ ਦੀ ਪ੍ਰੋਸੈਸਿੰਗ ਰਾਹੀਂ ਕਿਸਾਨ 20,000/- ਰੁਪਏ ਤੋਂ 25,000/- ਰੁਪਏ ਪ੍ਰਤੀ ਯੂਨਿਟ ਹਾਸਲ ਕਰ ਰਹੇ ਹਨ ।
- ਕਿਸਾਨ ਬੀਬੀਆਂ ਨੇ ਵੀ ਕੇ ਵੀ ਕੇ ਦੇ ਸਿਖਲਾਈ ਪ੍ਰੋਗਰਾਮਾਂ ਤੋਂ ਸਿਲਾਈ, ਕਢਾਈ ਅਤੇ ਦਸਤਕਾਰੀ ਵਿੱਚ ਨਿਪੁੰਨਤਾ ਹਾਸਲ ਕਰਨ ਉਪਰੰਤ ਵੱਖੋ-ਵੱਖ ਉੱਦਮ ਸ਼ੁਰੂ ਕਰਕੇ ਆਪਣੀ ਆਮਦਨ ਦੇ ਪੱਧਰ ਵਿੱਚ ਵਾਧਾ ਕੀਤਾ ਹੈ ਜਿਵੇਂ ਕਿ ਫੁਲਕਾਰੀ ਦੀ ਕਢਾਈ ਦਸਤਕਾਰੀ ਅਤੇ ਸੋਵੀਨਿਅਰ ਤਿਆਰ ਕਰਕੇ 3000/- ਰੁਪਏ ਤੋਂ 6000/- ਰੁਪਏ ਪ੍ਰਤੀ ਮਹੀਨਾ, ਕੱਪੜੇ ਤਿਆਰ ਕਰਕੇ 3500/- ਰੁਪਏ ਤੋਂ 7000/- ਰੁਪਏ ਪ੍ਰਤੀ ਮਹੀਨਾ, ਕਢਾਈ ਅਤੇ ਕੱਪੜੇ ਦੀ ਪੇਂਟਿੰਗ ਰਾਹੀਂ 350/- ਰੁਪਏ ਤੋਂ 400/- ਰੁਪਏ ਪ੍ਰਤੀ ਸਮਾਨ ਅਤੇ ਸੂਟਾਂ ਦੀ ਸਿਲਾਈ ਤੋਂ 150/- ਰੁਪਏ ਪ੍ਰਤੀ ਸੂਟ ਤੱਕ ਦੀ ਕਮਾਈ ਹਾਸਲ ਕਰ ਰਹੀਆਂ ਹਨ ।
- ਸੈਲਫ ਹੈਲਪ ਗਰੁੱਪ ਬਣ ਰਹੇ ਹਨ ਅਤੇ ਇਨ੍ਹਾਂ ਨੂੰ ਕੇ ਵੀ ਕੇ'ਜ਼ ਵੱਲੋਂ ਵੀ ਸਹਾਇਤਾ ਦਿੱਤੀ ਜਾ ਰਹੀ ਹੈ । ਇਹ ਗਰੁੱਪ ਸ਼ਹਿਦ, ਹਲਦੀ, ਸੋਇਆਬੀਨ, ਕੁਦਰਤੀ ਸਿਰਕਾ, ਜੈਮ, ਮੁਰੱਬਾ, ਕੈਂਡੀ, ਬੀਵਰੇਜ਼ (ਪੇਅ ਪਦਾਰਥ), ਪਿਉਰੀਜ਼, ਪਾਪੜ, ਵੜੀਆਂ ਅਤੇ ਸੇਵੀਆਂ ਆਦਿ ਤਿਆਰ ਕਰ ਰਹੇ ਹਨ। ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ 7 ਨਵੇਂ ਛੋਟੇ ਪੱਧਰ ਦੇ ਐਗਰੋ-ਪ੍ਰੋਸੈਸਿੰਗ ਯੂਨਿਟ ਸਥਾਪਤ ਹੋਏ ਅਤੇ ਇਸ ਤਰ੍ਹਾਂ ਰਾਜ ਵਿੱਚ ਇਨ੍ਹਾਂ ਯੂਨਿਟਾਂ ਦੀ ਗਿਣਤੀ 272 ਹੋ ਗਈ।

# ਪ੍ਰਸ਼ਾਸਨ

## ਪ੍ਰਬੰਧਕੀ ਬੋਰਡ

| ਕ੍ਰਮ ਨੰ. | ਨਾਮ ਅਤੇ ਅਹੁਦਾ | ਸਮਾਂ | |
|---|---|---|---|
| | | ਤੋਂ | ਤੱਕ |
| **ਆਨਰੇਰੀ ਚੇਅਰਮੈਨ** | | | |
| | ਸ੍ਰੀ ਸ਼ਿਵਰਾਜ ਪਾਟਿਲ, ਮਾਨਯੋਗ ਗਵਰਨਰ, ਪੰਜਾਬ ਅਤੇ ਚਾਂਸਲਰ | 01.07.2014 | 21.01.2015 |
| | ਸ੍ਰੀ ਕਪਤਾਨ ਸਿੰਘ ਸੋਲੰਕੀ, ਮਾਣਯੋਗ ਗਵਰਨਰ, ਪੰਜਾਬ ਅਤੇ ਹਰਿਆਣਾ ਅਤੇ ਚਾਂਸਲਰ | 22.01.2015 | 30.06.2015 |
| **ਕਾਰਜਕਾਰੀ ਚੇਅਰਮੈਨ** | | | |
| | ਡਾ.ਬਲਦੇਵ ਸਿੰਘ ਢਿੱਲੋਂ, ਵਾਈਸ ਚਾਂਸਲਰ | 01.07.2014 | 30.06.2015 |
| **ਮੈਂਬਰ** | | | |
| 1. | ਸ੍ਰੀ ਸਰਵੇਸ਼ ਕੌਸ਼ਲ, ਆਈ ਏ ਐਸ, ਚੀਫ਼ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ | 01.07.2014 | 30.06.2015 |
| 2. | ਸ੍ਰੀ ਸੁਰੇਸ਼ ਕੁਮਾਰ, ਆਈ ਏ ਐਸ, ਵਧੀਕ ਚੀਫ਼ ਸਕੱਤਰ, ਪੰਜਾਬ ਸਰਕਾਰ, ਖੇਤੀਬਾੜੀ ਵਿਭਾਗ, ਚੰਡੀਗੜ੍ਹ | 01.07.2014 | 30.06.2015 |
| 3. | ਡਾ. (ਸ੍ਰੀਮਤੀ) ਵਿਨੀ ਮਹਾਜਨ, ਆਈ ਏ ਐਸ, ਪ੍ਰਿੰਸੀਪਲ ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ, ਚੰਡੀਗੜ੍ਹ | 01.07.2014 | 30.06.2015 |
| 4. | ਡਾ. ਕੇ.ਕੇ ਸਿੰਘ, ਸਹਾਇਕ ਨਿਰਦੇਸ਼ਕ ਜਨਰਲ (ਪੀ ਈ), ਆਈ ਸੀ ਏ ਆਰ, ਨਵੀਂ ਦਿੱਲੀ) | 01.07.2014 | 06.07.2014 |
| | ਡਾ. ਆਰ ਕੇ ਗੁਪਤਾ, ਨਿਰਦੇਸ਼ਕ, ਸੀਫੇਟ, ਪੀ ਏ ਯੂ ਕੈਂਪਸ, ਲੁਧਿਆਣਾ | 01.09.2014 | 30.06.2015 |
| 5. | ਡਾ. ਮੰਗਲ ਸਿੰਘ ਸੰਧੂ, ਨਿਰਦੇਸ਼ਕ ਖੇਤੀਬਾੜੀ, ਪੰਜਾਬ, ਚੰਡੀਗੜ੍ਹ | 01.07.2014 | 30.06.2015 |
| 6. | ਡਾ. ਜੀ ਐਸ ਨੰਦਾ, ਮਕਾਨ ਨੰਬਰ 1142, ਸੈਕਟਰ 71, ਮੋਹਾਲੀ 160071 | 01.07.2014<br>21.05.2015 | 16.05.2015<br>30.06.2015 |
| 7. | ਡਾ. ਜੇ ਐਸ ਕੋਲਾਰ, 35-ਬੀ, ਕਿਚਲੂ ਨਗਰ, ਲੁਧਿਆਣਾ | 01.07.2014 | 30.06.2015 |
| 8. | ਸ. ਕੁਲਵੰਤ ਸਿੰਘ ਆਹਲੂਵਾਲੀਆ, ਪਿੰਡ ਛਾਉਣੀ ਕਲਾਂ, ਜ਼ਿਲ੍ਹਾ ਹੁਸ਼ਿਆਰਪੁਰ | 01.07.2014 | 30.06.2015 |
| 9. | ਸ੍ਰੀ ਹਰਦੇਵ ਸਿੰਘ ਰਿਆੜ, ਫਲੈਟ ਨੰਬਰ 314, ਪੰਜਾਬ ਮੰਡੀ ਬੋਰਡ ਕਲੋਨੀ, ਸੈਕਟਰ 66, ਮੋਹਾਲੀ | 01.07.2014 | 30.06.2015 |
| 10. | ਸ੍ਰੀ ਜੰਗ ਬਹਾਦਰ ਸਿੰਘ ਸੰਘਾ, ਪਿੰਡ ਅਤੇ ਡਾਕਖਾਨਾ ਕਾਦੀਆਂ ਵਾਲੀ, ਜ਼ਿਲ੍ਹਾ ਜਲੰਧਰ | 01.07.2014 | 16.05.2015 |
| | ਡਾ. ਏ ਆਰ ਸ਼ਰਮਾ, ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ, ਰਾਇਸੀਲਾ ਗਰੁੱਪ ਆਫ਼ ਕੰਪਨੀਜ਼, ਰਾਇਸੀਲਾ ਹੈਲਥ ਫੂਡਜ਼ ਲਿਮ. ਧੂਰੀ, ਜ਼ਿਲ੍ਹਾ ਸੰਗਰੂਰ | 21.05.2015 | 30.06.2015 |
| 11. | ਸ੍ਰੀਮਤੀ ਕਰਮਜੀਤ ਕੌਰ ਦਾਨੇਵਾਲੀਆ ਸੁਪਤਨੀ ਸ. ਜਸਬੀਰ ਸਿੰਘ ਦਾਨੇਵਾਲੀਆ ਪਿੰਡ ਅਤੇ ਡਾਕਖਾਨਾ ਦਾਨੇਵਾਲੀਆ ਸਤਕੋਸ਼ੀ, ਤਹਿਸੀਲ ਅਬੋਹਰ, ਜ਼ਿਲ੍ਹਾ ਫਾਜ਼ਿਲਕਾ | 01.07.2014 | 30.06.2015 |
| **ਸਕੱਤਰ** | | | |
| | ਡਾ. ਪੀ ਕੇ ਖੰਨਾ, ਰਜਿਸਟਰਾਰ | 01.07.2014 | 30.06.2015 |

## ਅਕਾਦਮਿਕ ਕੌਂਸਲ

| ਅਹੁਦਾ | ਨਾਮ | ਸਮਾਂ | |
|---|---|---|---|
| | | ਤੋਂ | ਤੱਕ |
| ਵਾਈਸ ਚਾਂਸਲਰ | ਡਾ.ਬਲਦੇਵ ਸਿੰਘ ਢਿੱਲੋਂ | 01.07.2014 | 30.06.2015 |
| ਡੀਨ ਪੋਸਟ ਗਰੈਜੂਏਟ ਸਟੱਡੀਜ਼ | ਡਾ. ਗੁਰਸ਼ਰਨ ਸਿੰਘ | 01.07.2014 | 25.02.2015 |
| | ਡਾ. (ਸ੍ਰੀਮਤੀ) ਨੀਲਮ ਗਰੇਵਾਲ | 26.02.2015 | 30.06.2015 |
| ਡੀਨ ਖੇਤੀਬਾੜੀ ਕਾਲਜ | ਡਾ. ਹਰਵਿੰਦਰ ਸਿੰਘ ਧਾਲੀਵਾਲ | 01.07.2014 | 30.06.2015 |
| ਡੀਨ ਖੇਤੀਬਾੜੀ ਇੰਜ. ਅਤੇ ਤਕਨਾਲੋਜੀ ਕਾਲਜ | ਡਾ. ਪੀ ਪੀ ਐਸ ਲੁਬਾਣਾ | 01.07.2014 | 28.07.2014 |
| | ਡਾ. ਜਸਕਰਨ ਸਿੰਘ ਮਾਹਲ | 28.07.2014 | 30.06.2015 |
| ਡੀਨ ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ | ਡਾ. ਰਾਜਿੰਦਰ ਸਿੰਘ ਸਿੱਧੂ | 01.07.2014 | 13.01.2015 |
| | ਡਾ. ਐਮ ਐਸ ਸਿੱਧੂ | 14.01.2015* | 30.03.2015 |
| | ਡਾ. (ਸ੍ਰੀਮਤੀ) ਗੁਰਿੰਦਰ ਕੌਰ ਸਾਂਘਾ | 30.03.2015 | 30.06.2015 |
| ਨਿਰਦੇਸ਼ਕ ਖੋਜ | ਡਾ. ਐਸ ਐਸ ਗੋਸਲ | 01.07.2014 | 30.09.2014 |
| | ਡਾ. ਰਮੇਸ਼ ਕੁਮਾਰ | 01.10.2014* | 28.10.2014 |
| | ਡਾ. ਬਲਵਿੰਦਰ ਸਿੰਘ | 28.10.2014 | 30.06.2015 |
| ਨਿਰਦੇਸ਼ਕ ਪਸਾਰ ਸਿੱਖਿਆ | ਡਾ. ਹਰਵਿੰਦਰ ਸਿੰਘ ਧਾਲੀਵਾਲ | 01.07.2014* | 28.10.2014 |
| | ਡਾ. ਰਾਜਿੰਦਰ ਸਿੰਘ ਸਿੱਧੂ | 28.10.2014 | 30.06.2015 |
| ਮੁਖੀ, ਕਮਿਸਟਰੀ ਵਿਭਾਗ | ਡਾ. (ਸ੍ਰੀਮਤੀ) ਕੇ ਕੇ ਚਾਹਲ | 01.07.2014 | 07.11.2014 |
| ਮੁਖੀ, ਬਾਟਨੀ ਵਿਭਾਗ | ਡਾ. (ਸ੍ਰੀਮਤੀ) ਐਸ ਕੇ ਥਿੰਦ | 08.11.2014 | 30.06.2015 |
| ਮੁਖੀ, ਪਰਿਵਾਰਿਕ ਸਰੋਤ ਪ੍ਰਬੰਧਣ ਵਿਭਾਗ | ਡਾ. (ਸ੍ਰੀਮਤੀ) ਮੁਨਿੰਦਰ ਸਿੱਧੂ | 01.07.2014 | 30.06.2015 |
| ਮੁਖੀ, ਐਗਰੋਨੋਮੀ ਵਿਭਾਗ | ਡਾ. ਜੀ ਐਸ ਬੁੱਟਰ | 01.07.2014 | 22.11.2014 |
| ਮੁਖੀ, ਪਲਾਂਟ ਪੈਥਾਲੋਜੀ ਵਿਭਾਗ | ਡਾ. ਪੁਸ਼ਪਿੰਦਰਪਾਲ ਸਿੰਘ | 02.12.2014 | 30.04.2015 |
| ਮੁਖੀ, ਸਬਜ਼ੀ ਵਿਗਿਆਨ ਵਿਭਾਗ | ਡਾ. ਐਮ ਐਸ ਧਾਲੀਵਾਲ | 01.05.2015 | 30.06.2015 |
| ਮੁਖੀ, ਸਿਵਲ ਇੰਜ: ਵਿਭਾਗ | ਡਾ. ਜਸਪਾਲ ਸਿੰਘ | 01.07.2014 | 23.09.2014 |
| ਮੁਖੀ, ਭੂਮੀ ਅਤੇ ਪਾਣੀ ਇੰਜ: ਵਿਭਾਗ | ਡਾ. ਏ ਕੇ ਜੈਨ | 13.10.2014 | 07.11.2014 |
| ਮੁਖੀ, ਫਾਰਮ ਮਸ਼ੀਨਰੀ ਅਤੇ ਪਾਵਰ ਇੰਜ: ਵਿਭਾਗ | ਡਾ. ਗੁਰਸਾਹਿਬ ਸਿੰਘ ਮੇਨਜ਼ | 01.12.2014 | 30.06.2015 |
| ਰਜਿਸਟਰਾਰ, ਸਕੱਤਰ | ਡਾ. ਪੀ ਕੇ ਖੰਨਾ | 01.07.2014 | 30.06.2015 |

* ਐਡੀਸ਼ਨਲ ਚਾਰਜ

## ਯੂਨੀਵਰਸਿਟੀ ਦੇ ਅਫ਼ਸਰ

| ਅਹੁਦਾ | ਨਾਮ | ਸਮਾਂ | |
|---|---|---|---|
| | | ਤੋਂ | ਤੱਕ |
| ਵਾਈਸ ਚਾਂਸਲਰ | ਡਾ.ਬਲਦੇਵ ਸਿੰਘ ਢਿੱਲੋਂ | 01.07.2014 | 30.06.2015 |
| ਰਜਿਸਟਰਾਰ | ਡਾ. ਪੀ ਕੇ ਖੰਨਾ | 01.07.2014 | 30.06.2015 |
| ਨਿਰਦੇਸ਼ਕ ਖੋਜ | ਡਾ. ਐਸ ਐਸ ਗੋਸਲ | 01.07.2014 | 30.09.2014 |
| | ਡਾ. ਰਮੇਸ਼ ਕੁਮਾਰ | 01.10.2014* | 28.10.2014 |
| | ਡਾ. ਬਲਵਿੰਦਰ ਸਿੰਘ | 28.10.2014 | 30.06.2015 |
| ਨਿਰਦੇਸ਼ਕ ਪਸਾਰ ਸਿੱਖਿਆ | ਡਾ. ਹਰਵਿੰਦਰ ਸਿੰਘ ਧਾਲੀਵਾਲ | 01.07.2014* | 28.10.2014 |
| | ਡਾ. ਰਾਜਿੰਦਰ ਸਿੰਘ ਸਿੱਧੂ | 28.10.2014 | 30.06.2015 |
| ਡੀਨ, ਪੋਸਟ ਗਰੈਜੂਏਟ ਸਟੱਡੀਜ਼ | ਡਾ. ਗੁਰਸ਼ਰਨ ਸਿੰਘ | 01.07.2014 | 22.11.2014 |
| | ਡਾ. ਗੁਰਸ਼ਰਨ ਸਿੰਘ | 23.11.2014* | 25.02.2015 |
| | ਡਾ. (ਸ੍ਰੀਮਤੀ) ਨੀਲਮ ਗਰੇਵਾਲ | 26.02.2015 | 30.06.2015 |
| ਡੀਨ ਖੇਤੀਬਾੜੀ ਕਾਲਜ | ਡਾ. ਹਰਵਿੰਦਰ ਸਿੰਘ ਧਾਲੀਵਾਲ | 01.07.2014 | 30.06.2015 |
| ਡੀਨ ਖੇਤੀ ਇੰਜ: ਅਤੇ ਤਕਨਾਲੋਜੀ ਕਾਲਜ | ਡਾ. ਪੀ ਪੀ ਐਸ ਲੁਬਾਣਾ | 01.07.2014* | 28.07.2014 |
| | ਡਾ. ਜਸਕਰਨ ਸਿੰਘ ਮਾਹਲ | 28.07.2014 | 30.06.2015 |
| ਡੀਨ ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ | ਡਾ. ਰਾਜਿੰਦਰ ਸਿੰਘ ਸਿੱਧੂ (ਦੂਜੀ ਵਾਰ) | 01.07.2014 | 28.10.2014 (ਬਤੌਰ ਡੀ ਈ ਈ ਨਿਯੁਕਤ) |
| | ਡਾ. ਰਾਜਿੰਦਰ ਸਿੰਘ ਸਿੱਧੂ | 29.10.2014* | 13.01.2015 |
| | ਡਾ. ਐਮ ਐਸ ਸਿੱਧੂ | 14.01.2015* | 30.03.2015 |
| | ਡਾ. (ਸ੍ਰੀਮਤੀ) ਗੁਰਿੰਦਰ ਕੌਰ ਸਾਂਘਾ | 30.03.2015 | 30.06.2015 |
| ਡੀਨ, ਹੋਮ ਸਾਇੰਸ ਕਾਲਜ | ਡਾ. (ਸ੍ਰੀਮਤੀ) ਜਸਵਿੰਦਰ ਕੌਰ ਸਾਂਘਾ | 01.07.2014 | 28.02.2015 |
| | ਡਾ. (ਸ੍ਰੀਮਤੀ) ਨੀਲਮ ਗਰੇਵਾਲ | 01.03.2015* | 06.04.2015 |
| | ਡਾ. (ਸ੍ਰੀਮਤੀ) ਜਤਿੰਦਰ ਕਿਸ਼ਤਵਾੜੀਆ | 07.04.2015 | 30.06.2015 |
| ਨਿਰਦੇਸ਼ਕ ਵਿਦਿਆਰਥੀ ਭਲਾਈ | ਡਾ. (ਸ੍ਰੀਮਤੀ) ਰਵਿੰਦਰ ਕੌਰ ਧਾਲੀਵਾਲ | 01.07.2014 | 30.06.2015 |
| ਲਾਇਬਰੇਰੀਅਨ | ਡਾ. ਜਰਨੈਲ ਸਿੰਘ | 01.07.2014* | 28.02.2015 |
| | ਡਾ. ਪੀ ਪੀ ਐਸ ਲੁਬਾਣਾ | 02.03.2015* | 30.06.2015 |
| ਮਿਲਖ ਅਫ਼ਸਰ | ਡਾ. ਜਸਕਰਨ ਸਿੰਘ ਮਾਹਲ | 01.07.2014* | 13.01.2015 |
| | ਡਾ. ਵੀ ਐਸ ਹਾਂਸ | 14.01.2015* | 30.06.2015 |
| ਕੰਪਟਰੋਲਰ | ਡਾ. (ਸ੍ਰੀਮਤੀ) ਜਸਵਿੰਦਰ ਕੌਰ ਸਾਂਘਾ | 01.07.2014* | 25.08.2014 |
| | ਡਾ. ਰਮੇਸ਼ ਕੁਮਾਰ | 25.08.2014* | 03.11.2014 |
| | ਡਾ. ਸੰਦੀਪ ਕਪੂਰ | 03.11.2014* | 30.06.2015 |
| ਚੀਫ਼ ਇੰਜੀਨੀਅਰ | ਡਾ. ਜਸਪਾਲ ਸਿੰਘ | 01.07.2014* | 30.06.2015 |

* ਐਡੀਸ਼ਨਲ ਚਾਰਜ

## ਪ੍ਰਬੰਧਕੀ ਬੋਰਡ ਦੇ ਮਹੱਤਵਪੂਰਨ ਫੈਸਲੇ

ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਪ੍ਰਬੰਧਕੀ ਬੋਰਡ ਦੀਆਂ ਪੰਜ ਮੀਟਿੰਗਾਂ (267ਵੀਂ ਤੋਂ 271ਵੀਂ) ਹੋਈਆਂ । ਬੋਰਡ ਵੱਲੋਂ ਲਏ ਗਏ ਮਹੱਤਵਪੂਰਨ ਫੈਸਲੇ ਇਸ ਪ੍ਰਕਾਰ ਹਨ :

**(ੳ) ਸਟੈਚਯੂ ਵਿੱਚ ਸੋਧਾਂ**

- ਪ੍ਰਬੰਧਕੀ ਬੋਰਡ ਨੇ ਸਟੈਚਯੂ ਦੀ ਮੌਜੂਦਾ ਧਾਰਾ 1.2 (iv), ਜੋ ਕਿ ਪੈਨਸ਼ਨ ਅਤੇ ਪ੍ਰੋਵੀਡੈਂਟ ਫੰਡਜ਼ ਨਾਲ ਸੰਬੰਧਤ ਹੈ (ਪੈਰ੍ਹਾ ਏ) ਵਿੱਚ ਸੋਧ ਕਰਨ ਦੀ ਪ੍ਰਵਾਨਗੀ ਦਿੱਤੀ ।

  (ਬੀ-2/268)

- ਪ੍ਰਬੰਧਕੀ ਬੋਰਡ ਨੇ ਪੀ ਏ ਯੂ ਐਕਟ ਅਤੇ ਸਟੈਚਯੂ ਦੇ ਚੈਪਟਰ V ਦੇ ਸ਼ਡਿਊਲ ਪਾਰਟ-III, ਜੋ ਕਿ ਅਧਿਆਪਕਾਂ ਦੀਆਂ ਅਸਾਮੀਆਂ ਨੂੰ ਛੱਡ ਕੇ ਗਰੁੱਪ 'ਡੀ' ਅਤੇ ਗਰੁੱਪ 'ਸੀ' ਦੇ ਕਰਮਚਾਰੀਆਂ ਦੀਆਂ ਨਿਯੁਕਤੀ ਨਾਲ ਸੰਬੰਧਤ ਹੈ, ਵਿੱਚ ਸੋਧ ਕਰਨ ਦੀ ਪ੍ਰਵਾਨਗੀ ਦਿੱਤੀ ।

  (ਸੀ-6/268)

**(ਅ) ਅਮਲੇ ਨੂੰ ਰਿਆਇਤ**

- ਪ੍ਰਬੰਧਕੀ ਬੋਰਡ ਨੇ ਪੀ ਏ ਯੂ ਮਾਡਲ ਹਾਈ ਸਕੂਲ ਕੌਣੀ (ਮੁਕਤਸਰ) ਵਿਖੇ ਸੇਵਾ ਨਿਭਾਅ ਰਹੇ ਅਧਿਆਪਕਾਂ ਨੂੰ ਪੰਜਾਬ ਸਿਵਲ ਸਰਵਸਿਜ਼ ਰੂਲਜ਼ ਵੋਲੀਅਮ-I, ਪਾਰਟ-I ਦੇ ਰੂਲ 8.119 (a) ਤਹਿਤ "ਅੱਧੀ ਤਨਖਾਹ ਛੁੱਟੀ, ਕਮਿਊਟਿਡ (ਪ੍ਰਤਿਸਥਾਪਨ) ਛੁੱਟੀ ਅਤੇ ਲੀਵ ਨਾਟ ਡਿਊ (ਛੁੱਟੀ ਬਕਾਇਆ ਨਹੀਂ) ਦੀ ਸਾਰੀਆਂ ਸ਼ਰਤਾਂ ਸਹਿਤ ਪ੍ਰਵਾਨਗੀ ਦਿੱਤੀ ।

  (ਸੀ-2/268)

**ੲ) ਹੋਰ ਫੈਸਲੇ**

- ਪ੍ਰਬੰਧਕੀ ਬੋਰਡ ਨੇ ਰੁਪਏ 9300-34,800+ਰੁਪਏ 4200/- ਗਰੇਡ ਪੇਅ ਦੀ ਤਨਖਾਹ ਬੈਂਡ ਵਾਲੀਆਂ ਫਾਰਮ ਮੈਨੇਜਰਾਂ ਦੀਆਂ ਚਾਰ ਅਸਾਮੀਆਂ ਸਥਾਪਿਤ ਕਰਨ ਦੀ ਪ੍ਰਵਾਨਗੀ ਦਿੱਤੀ ।

  (ਬੀ-3/267)

- ਪ੍ਰਬੰਧਕੀ ਬੋਰਡ ਨੇ ਸਾਲ 2014-15 ਦੇ ਯੂਨੀਵਰਸਿਟੀ ਬਜਟ ਵਿੱਚ 'ਮਾਈਕ੍ਰੋਬਿਅਲ ਪ੍ਰਕ੍ਰਿਆਵਾਂ ਨੂੰ ਅਦਾਇਗੀ ਅਧਾਰ ਤੇ ਜ਼ਾਰੀ ਰੱਖਣ ਲਈ ਬੈਂਚ ਸਪੇਸ ਲੈਬਾਰਟਰੀ ਸਹੂਲਤਾਂ ਅਤੇ ਤਕਨੀਕੀ ਸਹਾਇਤਾ, ਆਰ ਐਫ-4 (ਪੀ ਸੀ-3100)' ਨਾਂ ਦੀ ਨਵੀਂ ਰਿਵਾਲਵਿੰਗ ਫੰਡ ਸਕੀਮ ਸਥਾਪਿਤ ਅਤੇ ਸ਼ਾਮਲ ਕਰਨ ਦੀ ਪ੍ਰਵਾਨਗੀ ਦਿੱਤੀ ।

  (ਬੀ-I/268)

- ਸ੍ਰੀ ਕੁਲਵੰਤ ਸਿੰਘ ਆਹਲੂਵਾਲੀਆ ਨੂੰ ਵਿੱਤ ਕਮੇਟੀ ਦੇ ਗੈਰ-ਸਰਕਾਰੀ ਮੈਂਬਰ ਵਜੋਂ ਇੱਕ ਸਾਲ ਦੇ ਸਮੇਂ ਲਈ 01.12.2014 ਤੋਂ ਮੁੜ ਤੋਂ ਨਾਮਜਦ ਕੀਤਾ ਗਿਆ ।

  (ਸੀ-I/268)

- ਬੋਰਡ ਨੇ ਸਾਲ 2014-15 ਦੇ ਯੂਨੀਵਰਸਿਟੀ ਬਜਟ ਵਿੱਚ "ਸਬਜ਼ੀਆਂ ਦੀਆਂ ਫ਼ਸਲਾਂ ਦੀ ਪਨੀਰੀ ਦੀ ਵਿੱਕਰੀ, ਆਰ ਐਫ-5 (ਪੀ ਸੀ-3101) ਨਾਮ ਦੀ ਰਿਵਾਲਵਿੰਗ ਫੰਡ ਸਕੀਮ ਨੂੰ ਸਥਾਪਤ ਅਤੇ ਸ਼ਾਮਲ ਕਰਨ ਦੀ ਪ੍ਰਵਾਨਗੀ ਦਿੱਤੀ

  (ਬੀ- I/269)

- ਬੋਰਡ ਨੇ ਸਾਲ 2014-15 ਦੇ ਯੂਨੀਵਰਸਿਟੀ ਬਜਟ ਵਿੱਚ "ਸੂਰਜੀ ਊਰਜਾ ਲਈ ਵਰਤੋਂ ਤੇ ਅਧਾਰਿਤ ਪੀ ਏ ਯੂ ਉਪਕਰਨਾਂ ਨੂੰ ਉਤਸ਼ਾਹਤ ਕਰਨ ਅਤੇ ਹਰਮਨ ਪਿਆਰਾ ਬਨਾਉਣ" ਆਰ ਐਫ-6 (ਪੀ ਸੀ-3102) ਨਾਂ ਦੀ ਰਿਵਾਲਵਿੰਗ ਫੰਡ ਸਕੀਮ ਸਥਾਪਤ ਅਤੇ ਸ਼ਾਮਲ ਕਰਨ ਦੀ ਪ੍ਰਵਾਨਗੀ ਦਿੱਤੀ ।

  (ਬੀ-2/269)

- ਸਾਲ 2012-13 ਲਈ ਯੂਨੀਵਰਸਿਟੀ ਦੇ ਆਡਿਟ ਹੋਏ ਅਕਾਊਂਟਸ ਨੂੰ ਬੋਰਡ ਵੱਲੋਂ ਪ੍ਰਵਾਨਗੀ ਦਿੱਤੀ ਗਈ ।

  (ਬੀ-4/269)

- ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੀ ਸਾਲ 2013-14 ਦੀ ਸਲਾਨਾ ਰਿਪੋਰਟ ਨੂੰ ਬੋਰਡ ਵੱਲੋਂ ਪ੍ਰਵਾਨਗੀ ਹਾਸਲ ਹੋਈ ।

  (ਸੀ-I/269)

- ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਸਾਲ 2015-16 ਦੇ 53531.65 ਲੱਖ ਰੁਪਏ ਦੇ ਬਜਟ ਅਨੁਮਾਨਾਂ ਨੂੰ ਪ੍ਰਬੰਧਕੀ ਬੋਰਡ ਵੱਲੋਂ ਪ੍ਰਵਾਨਗੀ ਦਿੱਤੀ ਗਈ ।

  (ਬੀ-I /270)

- ਬੋਰਡ ਨੇ ਸਾਲ 2015-16 ਲਈ ਸੈਲਫ ਫਾਇਨੈਂਨਸਿੰਗ ਪ੍ਰੋਗਰਾਮਾਂ ਸਮੇਤ ਫੀਸਾਂ ਨੂੰ @10 ਪ੍ਰਤੀਸ਼ਤ ਵਧਾਉਣ ਦੀ ਪ੍ਰਵਾਨਗੀ ਦਿੱਤੀ ।

  (ਬੀ-2/270)

- ਪ੍ਰਬੰਧਕੀ ਬੋਰਡ ਨੇ ਡਾ. ਕੇ.ਐਸ. ਗਿੱਲ, ਸਾਬਕਾ ਵਾਈਸ ਚਾਂਸਲਰ, ਪੀ ਏ ਯੂ, ਡਾ. ਐਸ. ਐਸ. ਪਰਿਹਾਰ, ਸਾਬਕਾ ਮੁਖੀ, ਭੂਮੀ ਵਿਭਾਗ, ਪੀ ਏ ਯੂ ਅਤੇ ਡਾ. ਐਸ ਕੇ ਵਸਲ, ਸਾਬਕਾ ਸੁਪ੍ਰਸਿੱਧ ਮੱਕੀ ਵਿਗਿਆਨੀ, ਸੀ ਆਈ ਐਮ ਐਮ ਵਾਈ ਟੀ (ਵਿਸ਼ਵ ਭੋਜਨ ਇਨਾਮ ਐਵਾਰਡੀ) ਨੂੰ ਯੂਨੀਵਰਸਿਟੀ ਦੀ ਸਲਾਨਾ ਕਨਵੋਕੇਸ਼ਨ ਮੌਕੇ ਡਾਕਟਰ ਆਫ਼ ਸਾਇੰਸ (ਮਾਣ ਵਜੋਂ) ਦੀ ਡਿਗਰੀ ਪ੍ਰਦਾਨ ਕਰਨ ਦੀ ਪ੍ਰਵਾਨਗੀ ਦਿੱਤੀ ।

  (ਸੀ-2/270)

## ਅਕਾਦਮਿਕ ਕੌਂਸਲ ਦੇ ਮਹੱਤਵਪੂਰਨ ਫੈਸਲੇ

ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਅਕਾਦਮਿਕ ਕੌਂਸਲ ਦੀਆਂ 11 ਮੀਟਿੰਗਾਂ (354ਵੀਂ ਤੋਂ 364ਵੀਂ) ਹੋਈਆਂ । ਅਕਾਦਮਿਕ ਕੌਂਸਲ ਵੱਲੋਂ ਇਸ ਸਮੇਂ ਦੌਰਾਨ ਲਏ ਗਏ ਮਹੱਤਵਪੂਰਨ ਫੈਸਲੇ ਇਸ ਪ੍ਰਕਾਰ ਹਨ :

- ਅਕਾਦਮਿਕ ਸੈਸ਼ਨ 2015-16 ਦੌਰਾਨ ਯੂਨੀਵਰਸਿਟੀ ਦੇ ਵੱਖੋ-ਵੱਖ ਪ੍ਰੋਗਰਾਮਾਂ ਵਿੱਚ ਦਾਖਲਿਆਂ ਵਾਸਤੇ ਆਨ ਲਾਈਨ ਅਤੇ ਆਫ਼ ਲਾਈਨ ਸਿਸਟਮ ਵਿੱਚ ਅਪਲਾਈ ਕਰਨ ਲਈ ਦਾਖਲਾ ਪ੍ਰੀਕ੍ਰਿਆ ਪ੍ਰਬੰਧਨ ਸਿਸਟਨ (ਏ ਪੀ ਐਮ ਐਸ) ਪੋਰਟਲ ਦੀ ਪ੍ਰਵਾਨਗੀ ਦਿੱਤੀ ।

(ਸੀ-1/359ਵੀਂ)

- ਕਨਵੋਕੇਸ਼ਨ ਵਿੱਚ ਡਿਗਰੀਆਂ ਪ੍ਰਦਾਨ ਕਰਨ ਮੌਕੇ ਬੀ ਐਸ ਸੀ ਬਾਇਓਤਕਨਾਲੋਜੀ (ਆਨਰਜ਼) ਅਤੇ ਬੀ ਟੈੱਕ ਫੂਡ ਤਕਨਾਲੋਜੀ (ਆਨਰਜ਼) ਦੀ ਡਿਗਰੀ ਲਈ ਅਕਾਦਮਿਕ ਲਿਬਾਸ ਦੀ ਪ੍ਰਵਾਨਗੀ ਦਿੱਤੀ ।

(ਸੀ-5/360ਵੀਂ)

- ਕਨਵੋਕੇਸ਼ਨ ਵਿੱਚ ਡਿਗਰੀਆਂ ਪ੍ਰਦਾਨ ਕਰਨ ਮੌਕੇ ਬੀ ਐਸ ਸੀ ਨਿਊਟ੍ਰੀਸ਼ਨ ਐਂਡ ਡਾਇਟਿਟਿਕਸ (ਆਨਰਜ਼), ਬੀ ਐਸ ਸੀ ਫੈਸ਼ਨ ਡਿਜ਼ਾਈਨਿੰਗ (ਆਨਰਜ਼) ਅਤੇ ਬੀ ਐਸ ਸੀ ਇੰਟੀਰੀਅਰ ਡਿਜ਼ਾਈਨਿੰਗ (ਆਨਰਜ਼) ਦੀ ਡਿਗਰੀ ਲਈ ਅਕਾਦਮਿਕ ਲਿਬਾਸ ਦੀ ਪ੍ਰਵਾਨਗੀ ਦਿੱਤੀ ।

(ਸੀ-6/360ਵੀਂ)

- ਮਾਣਯੋਗ ਸੁਪਰੀਮ ਕੋਰਟ ਦੇ ਫੈਸਲੇ ਅਨੁਸਾਰ ਯੂਨੀਵਰਸਿਟੀ ਦੇ ਵਿਭਿੰਨ ਪ੍ਰੋਗਰਾਮਾਂ ਦੀ ਪ੍ਰਵੇਸ਼ ਪ੍ਰੀਖਿਆ ਦੀ ਅਰਜ਼ੀ ਭਰਨ ਮੌਕੇ ਆਮ ਸ਼੍ਰੇਣੀ ਦੇ ਹੇਠ ਇੱਕ ਕਾਲਮ ਟ੍ਰਾਂਸਜੈਂਡਰ ਲਈ ਸ਼ਾਮਲ ਕਰਨ ਦੀ ਪ੍ਰਵਾਨਗੀ ਦਿੱਤੀ ।

(11/361ਵੀਂ)

- ਪੋਸਟ ਗ੍ਰੈਜੂਏਟ ਇੰਸਟੀਚਿਊਟ ਫਾਰ ਹਾਰਟੀਕਲਚਰ ਰਿਸਰਚ ਐਂਡ ਐਜੂਕੇਸ਼ਨ (ਪੀ ਜੀ ਆਈ ਐਚ ਆਰ ਈ) ਅੰਮ੍ਰਿਤਸਰ ਵਿਖੇ ਅਕਾਦਮਿਕ ਸੈਸ਼ਨ 2015-16 ਤੋਂ ਹਾਰਟੀਕਲਚਰ (ਫ਼ਲ ਵਿਗਿਆਨ) ਅਤੇ ਹਾਰਟੀਕਲਚਰ (ਸਬਜ਼ੀ ਵਿਗਿਆਨ) ਦੇ ਵਿਸ਼ਿਆਂ ਵਿੱਚ ਐਮ ਐਸ ਸੀ ਪ੍ਰੋਗਰਾਮਾਂ ਵਿੱਚ ਉਮੀਦਵਾਰਾਂ ਨੂੰ ਪੀ ਏ ਯੂ ਵਿਖੇ ਟ੍ਰਾਂਜਿਟ ਕੈਂਪ ਸਹਿਤ ਦਾਖਲ ਕਰਨ ਦੀ ਪ੍ਰਵਾਨਗੀ ਦਿੱਤੀ ।

(2/363ਵੀਂ)

- ਪੀ ਏ ਯੂ ਲੁਧਿਆਣਾ ਵਿਖੇ ਸਕਿੱਲ ਡਿਵੈਲਪਮੈਂਟ ਸੈਂਟਰ (ਨਿਪੁੰਨਤਾ ਵਿਕਾਸ ਕੇਂਦਰ) ਸਥਾਪਤ ਕਰਨ ਦੀ ਪ੍ਰਵਾਨਗੀ ਦਿੱਤੀ ।

(14/364ਵੀਂ)

- ਅਕਾਦਮਿਕ ਸੈਸ਼ਨ 2015-16 ਤੋਂ ਐਮ ਸੀ ਏ 2 ਸਾਲ ਦਾ ਪ੍ਰੋਗਰਾਮ ਸ਼ੁਰੂ ਕਰਨ ਦੀ ਪ੍ਰਵਾਨਗੀ ਦਿੱਤੀ ।

(17/364ਵੀਂ)

**ਪ੍ਰਕਾਸ਼ਨਾਵਾਂ**

ਯੂਨੀਵਰਸਿਟੀ ਵਿਗਿਆਨੀਆਂ ਵੱਲੋਂ 576 ਪ੍ਰਕਾਸ਼ਨਾਵਾਂ ਪ੍ਰਕਾਸ਼ਿਤ ਕਰਵਾਈਆਂ ਗਈਆਂ ਜਿਨ੍ਹਾਂ ਵਿੱਚ ਖੋਜ ਪੇਪਰ, ਕਿਤਾਬਾਂ, ਕਿਤਾਬ ਅਧਿਆਇ, ਮੈਨੂਅਲਜ਼, ਬੁਲੇਟਿਨਜ਼, ਪਾਪੂਲਰ (ਆਮ ਜਾਣਕਾਰੀ ਵਾਲੇ) ਲੇਖ ਆਦਿ ਸ਼ਾਮਲ ਹਨ । ਇਨ੍ਹਾਂ ਦਾ ਵੇਰਵਾ ਅਨੁਲੱਗ III ਵਿੱਚ ਦਿੱਤਾ ਗਿਆ ਹੈ ।

# ਅਨੁਲੱਗ-I

ਮਿਲਖ ਸੰਗਠਨ ਵੱਲੋਂ ਹੇਠ ਲਿਖੇ ਮਹੱਤਵਪੂਰਨ ਪ੍ਰੋਜੈਕਟ ਕੀਤੇ ਗਏ :

| ਪ੍ਰੋਜੈਕਟ | ਕੀਮਤ (ਲੱਖ ਰੁਪਏ) |
|---|---|
| ਹਾਰਟੀਕਲਚਰ ਵਿਭਾਗ, ਪੀ ਏ ਯੂ ਲੁਧਿਆਣਾ ਲਈ ਬਾਇਓ ਕੰਟਰੋਲ ਲੈਬ ਦੀ ਉਸਾਰੀ | 44.88 |
| ਕੇ ਵੀ ਕੇ ਬੁੱਧ ਸਿੰਘ ਵਾਲਾ, ਮੋਗਾ ਵਿਖੇ ਦਫ਼ਤਰ-ਕਮ-ਲੈਬ ਇਮਾਰਤ ਅਤੇ ਟ੍ਰੇਨਿੰਗ ਹੋਸਟਲ ਦੀ ਉਸਾਰੀ | 36.13 |
| ਯੂ ਐਸ ਐਫ, ਨਾਭਾ ਵਿਖੇ ਪ੍ਰੋਸੈਸਿੰਗ ਹਾਲ ਅਤੇ ਬੀਜ ਸਟੋਰ ਦੀ ਉਸਾਰੀ | 26.23 |
| ਕੀਟ ਵਿਗਿਆਨ ਫਾਰਮ, ਪੀ ਏ ਯੂ ਵਿਖੇ ਤਜ਼ਰਬਾ ਸਿਖਲਾਈ ਫੀਲਡ ਲੈਬ ਪ੍ਰੋਸੈਸਿੰਗ ਕਮਰਾ, ਕਲਾਸ ਰੂਮ ਦੀ ਉਸਾਰੀ | 21.89 |
| ਖੋਜ ਸਟੇਸ਼ਨ, ਬਠਿੰਡਾ ਵਿਖੇ ਰਹਿ ਗਈ ਚਾਰ ਦੀਵਾਰੀ ਦੀ ਉਸਾਰੀ | 20.67 |
| ਆਰ ਆਰ ਐਸ, ਗੁਰਦਾਸਪੁਰ ਵਿਖੇ ਖੇਤਰੀ ਖੋਜ ਬਿਲਡਿੰਗਜ਼/ਲੈਬਜ਼ ਨੂੰ ਨਵਿਆਉਣਾ, ਮੇਨ ਪ੍ਰਵੇਸ਼ ਗੇਟ ਦੀ ਉਸਾਰੀ ਅਤੇ ਚੌਂਕੀਦਾਰ ਦੇ ਕਮਰੇ ਦੀ ਉਸਾਰੀ | 20.21 |
| ਖੇਤੀਬਾੜੀ ਕਾਲਜ ਪੀ ਏ ਯੂ ਲੁਧਿਆਣਾ ਲਈ ਤਜ਼ਵੀਜ਼ਤ ਰੈਂਪ ਦੀ ਉਸਾਰੀ | 19.04 |
| ਵਣ ਅਤੇ ਕੁਦਰਤੀ ਸਰੋਤ ਵਿਭਾਗ, ਪੀ ਏ ਯੂ ਲਈ ਸਕਰੀਨ ਹਾਊਸ ਦੀ ਉਸਾਰੀ | 15.79 |
| ਹਾਰਟੀਕਲਚਰ ਵਿਭਾਗ ਪੀ ਏ ਯੂ ਲੁਧਿਆਣਾ ਲਈ ਲੀਫ ਅਨੈਲਸਿਸ ਲੈਬ ਨੂੰ ਨਵਿਆਉਣਾ | 13.41 |
| ਕੇ ਵੀ ਕੇ ਖੇੜੀ ਵਿਖੇ ਸਟਾਫ਼ ਕੁਆਟਰ ਜੋ ਕਿ 30 ਵਰਗਮੀਟਰ ਵਾਲੇ 2 ਅਤੇ 100 ਵਰਗਮੀਟਰ ਵਾਲਾ ਇੱਕ ਦੀ ਉਸਾਰੀ | 13.00 |
| ਐਫ ਆਰ ਐਸ, ਗੰਗੀਆਂ ਵਿਖੇ ਗੈਸਟ ਹਾਊਸ ਰਿਹਾਇਸ਼ੀ ਕੁਆਟਰ ਅਤੇ ਦਫ਼ਤਰੀ ਇਮਾਰਤ ਦੀ ਮੁਰੰਮਤ ਅਤੇ ਇਨ੍ਹਾਂ ਨੂੰ ਨਵਿਆਉਣਾ, ਮੇਨ ਪ੍ਰਵੇਸ਼ ਗੇਟ ਦੀ ਉਸਾਰੀ ਅਤੇ ਦੋ ਟਿਊਬਵੈੱਲ ਲਾਉਣਾ | 12.72 |
| ਖੇਤੀਬਾੜੀ ਕਾਲਜ, ਪੀ ਏ ਯੂ, ਲੁਧਿਆਣਾ ਦੀ ਮੁਰੰਮਤ ਅਤੇ ਇਸ ਨੂੰ ਨਵਿਆਉਣਾ | 12.08 |
| **ਕੁੱਲ** | **256.05** |

# ANNEXURE (ਅਨੁਲੱਗ) II

Details of faculty participation in national and international seminars, conferences, workshops, trainings, symposia etc.

## COLLEGE OF AGRICULTURE

| Name of teacher(s) | Programme/organizing agency | Date and Venue |
|---|---|---|
| **Agronomy** | | |
| 19 faculty members | National Symposium on "Agricultural Diversification for Sustainable Livelihood and Environmental Security" by Indian Society of Agronomy and Department of Agronomy, PAU, Ludhiana | November 18–20, 2014 PAU, Ludhiana |
| Drs Krishan Kumar Vashist, S. S. Walia, C. S. Aulakh, Simerjeet Kaur, Tarundeep Kaur, & Amandeep Singh Brar | 12th Agricultural Science Congress | February 3-5, 2015 National Dairy Research Institute (NDRI), Karnal |
| **Entomology** | | |
| Drs P. S. Shera & Rabinder Kaur | "Launch-cum-Orientation Workshop of Network Project on Conservation of Lac Insect Genetic Resources" by ICAR | August 27-28, 2014 Institute of Natural Resins and Gums, Ranchi |
| Drs P. K. Chhuneja, Jaspal Singh, Harminder K Deosi & Amit Choudhary | International Symposium on "Conservation and Management of Pollinators for Sustainable Agriculture and Ecosystem Services" by V Sivaram Research Foundation, Bangalore | September 24-26, 2014 NASC Complex, New Delhi |
| Dr K. S. Sangha | National Seminar on "Augmenting Processing and Shelf Life of Perishable Food Products" by National Productivity Council, New Delhi | September 26, 2014 PAU, Ludhiana |
| | National Meeting on "New/Safer Molecules and Biocontrol Technologies for Integrated Pest Management" | February 23, 2015 National Bureau of Agricultural Insect Resources, Bangalore |
| Drs K. S. Suri, Jaspal Singh, Vijay Kumar, P. S. Shera & Vikas Jindal | National Symposium on "Entomology as a Science and IPM as a Technology—The Way Forward" by Entomological Society of India | November 14-15, 2014, Central Agricultural University (CAU), Arunachal Pradesh |
| Drs Neelam Joshi & Rabinder Kaur | International Conference on "Changing Scenario of Pest Problems in Agri-horti Ecosystem and their Management" | November 27-28, 2014 Rajasthan College of Agriculture, MPUAT, Udaipur |

| Name of teacher(s) | Programme/organizing agency | Date and Venue |
|---|---|---|
| Drs Ramesh Arora, K. S. Suri, Vijay Kumar, Vikas Jindal, Rubaljot Kooner, Smriti Sharma, S. K. Sahoo, Ravinder Singh Chandi & Anureet Kaur Chandi | National Symposium on "Agrochemicals for Food and Environmental Safety" by Society of Pesticide Science India | January 28-30, 2015 Indian Agricultural Research Institute, New Delhi |
| Drs K. S. Sangha & P. S. Shera | National Entomologists' Meet | February 5-7, 2015 Indian Institute of Natural Resins and Gums, Ranchi |
| Drs K. S. Sangha & Rabinder Kaur | ICAR's Annual Review Meeting of Network Project on Conservation of Lac Insect Genetic Resources | March 10, 2015 Kerala Forest Research Institute (FRI), Thrissur |
| 30 faculty members | "4th Congress on Insect Science" by INSAIS, ICAR & PAU, Ludhiana | April 16-17, 2015 PAU, Ludhiana |
| Drs Balwinder Singh, Gagan Jyot & Kousik Mandal | 9th Annual Workshop on "Monitoring of Pesticide Residues at National Level" | May 28, 2015 Kerala Agricultural University, Vellayani |
| | 23rd Annual Workshop on "All India Network Project on Pesticide Residues" | May 29, 2015 Kerala Agricultural University, Vellayani |
| Drs K. S. Sangha, Neelam Joshi, P. S. Shera, Rabinder Kaur & Sudhendu Sharma | ICAR's XXIV Biocontrol Workers' Group Meeting of AICRP on Biocontrol of Crop Pests | June 2-3, 2015 Tamil Nadu Agricultural University (TNAU), Coimbatore |
| **Electron Microscopy and Nanoscience Lab (EMNL)** | | |
| Dr Anu Kalia | National Symposium on "Crop Improvement for Inclusive Sustainable Development" | November 7-9, 2014 PAU, Ludhiana |
| | 8th International Conference on "Mushroom Biology and Mushroom Products" by NAAS | November 19-22 2014, New Delhi |
| Dr Kiran Jeet | Chandigarh Science Congress (CHASCON-2015) (State level conference) organized by Panjab University in collaboration with Academic and Research Institutes in the Chandigarh Region | February 25-27, 2015 Panjab University, Chandigarh |
| | 4th National Conference on "Advanced Materials and Radiation Physics" by Department of Physics, SLIET, Longowal | March 13-14, 2015 Longowal |
| **Extension Education** | | |
| Drs R. K. Dhaliwal, R. K. Kalra, Manmeet Kaur, Dharminder Singh, V. K. Rampal, Lavleesh Garg & Pankaj Kumar | 7th National Seminar on "Sustainable Rural Livelihood: Technological and Institutional Perspective" | January 8-10, 2015 Sher-e-Kashmir University of Agricultural Sciences & Technology, Jammu, Chatha |

| Name of teacher(s) | Programme/organizing agency | Date and Venue |
|---|---|---|
| **Fruit Science** | | |
| Dr Sandeep Singh | International Horticultural Congress by ISHS, Belgium | August 17-22, 2014<br>Brisbane, Australia |
| | ICAR's Group Meeting of Scientists Working in AICRP (Citrus) | September 2- 3, 2014<br>National Research Centre for Citrus, Nagpur |
| | North East Agri- Fair | November 13-15, 2014<br>CAU, Arunachal Pradesh |
| | ICAR's Group Discussion of Scientists Working in AICRP on Fruits | February 26 - March 1, 2015<br>MPUAT, Udaipur |
| | Round Table on Conogethes Punctiferalis and Allied Species (Series 1) by IIHR, Bengaluru | May 22, 2015<br>PAU, Ludhiana |
